ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 141
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 23 May, 2026) ਸ਼ਨੀਵਾਰ, 23 ਮਈ, 2026, 9 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਘੁਸਪੈਠ ਰੋਕਣ ਲਈ ਸਰਹੱਦਾਂ 'ਤੇ ਸ਼ੁਰੂ ਹੋਵੇਗਾ ਸਮਾਰਟ ਬਾਰਡਰ ਪ੍ਰਾਜੈਕਟ: ਸ਼ਾਹ

ਨਵੀਂ ਦਿੱਲੀ, 22 ਮਈ (ਚ.ਨ.ਸ.):ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਰਕਾਰ ਅਗਲੇ ਸਾਲ 'ਸਮਾਰਟ ਬਾਰਡਰ' ਪ੍ਰਾਜੈਕਟ ਸ਼ੁਰੂ ਕਰੇਗੀ ਤਾਂ ਕਿ ਪਾਕਿਸਤਾਨ ਅਤੇ ਬੰਗਲਾਦੇਸ਼ ਨਾਲ 6,000 ਕਿਲੋਮੀਟਰ ਲੰਬੀ ਸਰਹੱਦ ਨੂੰ ਅਭੇਦ ਬਣਾਇਆ ਜਾ ਸਕੇ ਅਤੇ ਇਨ੍ਹਾਂ ਖੇਤਰਾਂ ਦੀ ਜਨਸੰਖਿਆ ਨੂੰ ਬਦਲਣ ਦੀ ਸਾਜਿਸ਼ ਅਸਫ਼ਲ ਕੀਤੀ ਜਾ ਸਕੇ। ਸਰਹੱਦੀ ਸੁਰੱਖਿਆ ਫੋਰਸ (ਬੀਐੱਸਐੱਫ) ਵਲੋਂ ਆਯੋਜਿਤ ਸਾਲਾਨਾ ਰੁਸਤਮਜੀ ਸਮ੍ਰਿਤੀ ਵਿਆਖਿਆਨ 'ਚ ਸ਼ਾਹ ਨੇ (ਬਾਕੀ ਸਫ਼ਾ 2 'ਤੇ)

ਵਿਸ਼ੇਸ਼ ਸੰਪਾਦਕੀ

ਰੋਜ਼ਾਨਾ ਚੜ੍ਹਦੀਕਲਾ: ਦਹਾਕਿਆਂ ਦਾ ਚੁਣੌਤੀਪੂਰਨ ਸਫ਼ਰ

ਦਰਸ਼ਨ ਸਿੰਘ ਦਰਸ਼ਕ

ਰੋਜ਼ਾਨਾ ਚੜ੍ਹਦੀਕਲਾ ਆਪਣੇ 50ਵੇਂ ਸਾਲ ਵਿਚ ਪ੍ਰਵੇਸ਼ ਹੋਣ ਜਾ ਰਿਹਾ ਹੈ। ਇਸ 5 ਦਹਾਕਿਆਂ ਦੇ ਸਫ਼ਰ ਵਿਚ ਮੇਰਾ ਲਗਭਗ ਸਾਢੇ ਤਿੰਨ ਦਹਾਕਿਆਂ ਤੋਂ ਹਿੱਸਾ ਰਿਹਾ ਹਾਂ। ਇਹ ਅਖ਼ਬਾਰ ਜਿੱਥੇ ਪੰਜਾਬ ਦੀ ਉਨਤੀ, ਵਿਕਾਸ ਅਤੇ ਸਾਂਝੀਵਾਲਤਾ ਦਾ ਆਈਨਾ ਰਿਹਾ ਹੈ ਉੱਥੇ ਹੀ 80 ਤੇ 90 ਦੇ ਦਹਾਕਿਆਂ ਦੇ ਕਾਲੇ ਦੌਰ ਦਾ ਵੀ ਗਵਾਹ ਰਿਹਾ ਹੈ। ਇਸ ਲਈ ਇਸ ਅਦਾਰੇ ਨੇ ਇਸ ਸੂਬੇ ਦੇ ਸਾਰੇ ਉਤਾਰ ਚੜ੍ਹਾਅ ਨੂੰ ਪੂਰੀ ਨਿਰਪੱਖਤਾ ਨਾਲ ਆਪਣੇ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਹੈ। ਇਹ ਤਾਂ ਹੀ ਸੰਭਵ ਹੋ ਸਕਿਆ ਹੈ ਕਿਉਂਕਿ ਇਸ ਅਖ਼ਬਾਰ ਨੂੰ ਸ੍. ਜਗਜੀਤ ਸਿੰਘ ਦਰਦੀ ਨੇ ਪੂਰੀ ਦਲੇਰੀ ਨਾਲ ਅਗਵਾਈ ਦਿੱਤੀ ਹੈ। ਇਸੇ ਅਗਵਾਈ ਦੇ ਸਦਕਾ ਹੀ ਅੱਜ ਜੇਕਰ ਚੜ੍ਹਦੀਕਲਾ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਤੱਕ ਪੰਜਾਬੀ ਪਾਠਕਾਂ ਨੂੰ ਸਟੀਕ ਅਤੇ ਨਿਰਪੱਖ ਜਾਣਕਾਰੀ ਮੁਹੱਈਆ ਕਰਵਾ ਰਿਹਾ ਹੈ, ਉੱਥੇ ਇਸ ਅਦਾਰੇ ਵੱਲੋਂ ਚਲਾਇਆ ਜਾ ਰਿਹਾ ਚੜ੍ਹਦੀਕਲਾ ਟਾਈਮ ਟੀ ਵੀ ਦੇਸ਼ ਵਿਦੇਸ਼ ਵਿੱਚ ਵੱਸਦੇ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਨੂੰ ਸਿੱਖ ਧਰਮ ਦੇ ਸਿਧਾਂਤਾਂ, ਸਰਗਰਮੀਆਂ ਨਾਲ ਜੋੜਦਾ ਹੈ ਉੱਥੇ ਹੀ ਪੰਜਾਬ ਵਿੱਚ ਵਾਪਰਦੀਆਂ ਘਟਨਾਵਾਂ, ਪੰਜਾਬੀ ਸਭਿਆਚਾਰ ਸਬੰਧੀ ਅਹਿਮ ਜਾਣਕਾਰੀਆਂ ਮੁਹੱਈਆ ਕਰਵਾਉਂਦਾ ਹੈ।ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿੱਚ ਕੁਝ ਨਾਂ ਅਜਿਹੇ ਹਨ ਜੋ ਸਿਰਫ਼ ਅਖ਼ਬਾਰ ਨਹੀਂ, ਸਗੋਂ ਇੱਕ ਵਿਚਾਰਧਾਰਾ ਬਣ ਜਾਂਦੇ ਹਨ। 'ਚੜ੍ਹਦੀਕਲਾ' ਅਜਿਹਾ ਹੀ ਇੱਕ ਨਾਂ ਹੈ। ਸਿੱਖ ਫ਼ਲਸਫ਼ੇ ਦੀ ਉਸ ਅਵਸਥਾ ਤੋਂ ਪ੍ਰੇਰਨਾ ਲੈਂਦਾ ਇਹ ਅਖ਼ਬਾਰ, ਜਿਸ ਵਿੱਚ ਚੜ੍ਹਦੀਕਲਾ ਦਾ ਅਰਥ ਹੈ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿਣਾ, ਆਪਣੇ 49 ਸਾਲਾਂ ਦੇ ਸਫ਼ਰ ਤੋਂ ਬਾਅਦ ਹੁਣ 50ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਇਸ ਅਖ਼ਬਾਰ ਦਾ ਜਨਮ ਇੱਕ ਸਪਤਾਹਿਕ ਪ੍ਰਕਾਸ਼ਨ ਵਜੋਂ ਹੋਇਆ ਸੀ। ਪਰ ਸਮੇਂ ਦੀ ਲੋੜ ਅਤੇ ਪਾਠਕਾਂ ਦੀ ਮੰਗ ਨੂੰ ਦੇਖਦੇ ਹੋਏ 22 ਮਈ 1977 ਦੇ ਇਤਿਹਾਸਕ ਦਿਨ ਇਹ ਰੋਜ਼ਾਨਾ ਅਖ਼ਬਾਰ ਵਜੋਂ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਹੀ ਦਿਨ ਇਸ ਅਦਾਰੇ ਦੀ ਅਸਲ ਉਡਾਣ ਦਾ ਆਗਾਜ਼ ਸੀ। ਅੱਜ 22 ਮਈ 2026 ਨੂੰ ਇਸ ਅਖ਼ਬਾਰ ਨੇ ਆਪਣੇ ਰੋਜ਼ਾਨਾ ਪ੍ਰਕਾਸ਼ਨ ਦੇ 49 ਸਾਲ ਪੂਰੇ ਕਰਕੇ 50ਵੇਂ ਵਰ੍ਹੇ ਵਿੱਚ ਕਦਮ ਰੱਖਿਆ ਹੈ। ਇਸ ਅਦਾਰੇ ਦੀ ਨੀਂਹ ਉਦੋਂ ਰੱਖੀ ਗਈ ਜਦੋਂ ਪੰਜਾਬ ਅਤੇ ਪੰਜਾਬੀ ਸਮਾਜ ਕਈ ਤਰ੍ਹਾਂ ਦੀਆਂ ਚੁਣੌਤੀਆਂ ਨਾਲ ਜੂਝ ਰਿਹਾ ਸੀ। ਉਸ ਦੌਰ ਵਿੱਚ ਪੰਜਾਬੀ ਭਾਸ਼ਾ ਵਿੱਚ ਇੱਕ ਅਜਿਹੀ ਆਵਾਜ਼ ਦੀ ਲੋੜ ਸੀ ਜੋ ਨਿਡਰ ਹੋ ਕੇ ਸੱਚ ਬੋਲ ਸਕੇ, ਆਮ ਆਦਮੀ ਦੀ ਗੱਲ ਕਰ ਸਕੇ ਅਤੇ ਸਿੱਖ ਸੰਸਕ੍ਰਿਤੀ ਤੇ ਪੰਜਾਬੀ ਵਿਰਸੇ ਦੀ ਰਾਖੀ ਕਰ ਸਕੇ। ਚੜ੍ਹਦੀਕਲਾ ਅਖ਼ਬਾਰ ਨੇ ਇਹ ਭੂਮਿਕਾ ਬਾਖ਼ੂਬੀ ਨਿਭਾਈ। ਇਸ ਅਖ਼ਬਾਰ ਦੀ ਸਥਾਪਨਾ ਦੀ ਨੀਂਹ ਵਿੱਚ ਉਸ ਮਹਾਨ ਹਸਤੀ ਦਾ ਨਾਂ ਆਉਂਦਾ ਹੈ ਜੋ ਪੰਜਾਬ ਦੀ ਸਿਆਸਤ ਅਤੇ ਧਰਮ ਦੋਵਾਂ ਵਿੱਚ ਬਰਾਬਰ ਸਤਿਕਾਰਿਆ ਜਾਂਦਾ ਸੀ – ਸੰਤ ਹਰਚੰਦ ਸਿੰਘ ਲੌਂਗੋਵਾਲ। ਅਕਾਲੀ ਦਲ ਦੇ ਪ੍ਰਧਾਨ ਅਤੇ ਪੰਥ ਦੇ ਮਹਾਨ ਸੇਵਾਦਾਰ ਵਜੋਂ ਜਾਣੇ ਜਾਂਦੇ ਸੰਤ ਲੌਂਗੋਵਾਲ ਦੀ ਅਗਵਾਈ ਵਿੱਚ ਇਸ ਅਖ਼ਬਾਰ ਨੂੰ ਇੱਕ ਅਜਿਹਾ ਮੰਚ ਬਣਾਉਣ ਦਾ ਸੁਪਨਾ ਸੀ ਜੋ ਪੰਜਾਬੀ ਸਮਾਜ ਦੀ ਆਵਾਜ਼ ਬਣ ਸਕੇ। ਉਨ੍ਹਾਂ ਦੀ ਸੋਚ ਅਤੇ ਦੂਰ-ਦ੍ਰਿਸ਼ਟੀ ਨੇ ਇਸ ਅਖ਼ਬਾਰ ਨੂੰ ਮਜ਼ਬੂਤ ਬੁਨਿਆਦ ਦਿੱਤੀ। ਉਨ੍ਹਾਂ ਨੇ ਅੱਜ ਦੇ ਦਿਨ ਹੀ ਵਾਹਿਗੁਰੂ ਅੱਗੇ ਅਰਦਾਸ ਕਰਕੇ ਇਸ ਨਵੇਂ ਅਧਿਆਇ ਦੀ ਸ਼ੁਰੂਆਤ ਕੀਤੀ। ਅਖ਼ਬਾਰ ਦੇ ਸਰਪ੍ਰਸਤ ਵਜੋਂ ਪ੍ਰਿੰਸੀਪਲ ਸਤਬੀਰ ਸਿੰਘ ਦਾ ਯੋਗਦਾਨ ਅਮੁੱਲਾ ਰਿਹਾ ਹੈ। ਪ੍ਰਿੰਸੀਪਲ ਸਤਬੀਰ ਸਿੰਘ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਸਬੰਧੀ ਸਾਹਿਤ ਦੋਵਾਂ ਨੂੰ ਰਚਣ ਵਿੱਚ ਬਹੁਤ ਉੱਚਾ ਨਾਂ ਰੱਖਦੇ ਸਨ। ਉਨ੍ਹਾਂ ਦੀ ਸਾਹਿਤਕ ਸੋਚ ਅਤੇ ਭਾਸ਼ਾਈ ਪਕੜ ਨੇ ਇਸ ਅਖ਼ਬਾਰ ਦੀ ਭਾਸ਼ਾ ਅਤੇ ਸੰਪਾਦਕੀ ਦ੍ਰਿਸ਼ਟੀ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਛਤਰਛਾਇਆ ਹੇਠ ਇਹ ਅਖ਼ਬਾਰ ਇੱਕ ਸਾਹਿਤਕ ਅਤੇ ਪੱਤਰਕਾਰੀ ਦੇ ਸੁਮੇਲ ਦਾ ਪ੍ਰਤੀਕ ਬਣਿਆ। ਜੇ ਕਿਸੇ ਇੱਕ ਨਾਂ ਨੇ ਇਸ ਅਖ਼ਬਾਰ ਨੂੰ ਸੱਚਮੁੱਚ ਬੁਲੰਦੀਆਂ 'ਤੇ ਪਹੁੰਚਾਇਆ ਤਾਂ ਉਹ ਨਾਂ ਹੈ ਪਦਮ ਸ਼੍ਰੀ ਸ੍. ਜਗਜੀਤ ਸਿੰਘ ਦਰਦੀ। ਉਨ੍ਹਾਂ ਦੀ ਅਗਵਾਈ, ਮਿਹਨਤ ਅਤੇ ਪੱਤਰਕਾਰੀ ਪ੍ਰਤੀ ਡੂੰਘੀ ਵਚਨਬੱਧਤਾ ਨੇ ਚੜ੍ਹਦੀਕਲਾ ਨੂੰ ਪੰਜਾਬ ਦੇ ਪ੍ਰਮੁੱਖ ਅਖ਼ਬਾਰਾਂ ਵਿੱਚ ਸਥਾਨ ਦਿਵਾਇਆ। ਭਾਰਤ ਸਰਕਾਰ ਵੱਲੋਂ ਪਦਮ ਸ਼੍ਰੀ ਸਨਮਾਨ ਨਾਲ ਨਿਵਾਜੇ ਗਏ ਸ੍. ਦਰਦੀ ਦੀ ਸ਼ਖ਼ਸੀਅਤ ਇਸ ਅਦਾਰੇ ਲਈ ਇੱਕ ਧਰੁੱਵ ਤਾਰੇ ਵਾਂਗੂ ਹੈ ਜੋ ਅਖ਼ਬਾਰ ਨੂੰ ਹਮੇਸ਼ਾਂ ਸਹੀ ਦਿਸ਼ਾ ਵਿਖਾਈ। ਪਿਛਲੇ ਪੰਜ ਦਹਾਕਿਆਂ ਵਿੱਚ ਇਸ ਅਖ਼ਬਾਰ ਨੇ ਪੰਜਾਬ ਦੀ ਸਿਆਸਤ, ਸਮਾਜ, ਧਰਮ ਅਤੇ ਸੱਭਿਆਚਾਰ ਦੇ ਹਰ ਪਹਿਲੂ ਨੂੰ ਆਪਣੇ ਪੰਨਿਆਂ 'ਤੇ ਦਰਜ ਕੀਤਾ ਹੈ। ਦੰਗਿਆਂ, ਕੁਦਰਤੀ ਆਫ਼ਤਾਂ, ਚੋਣਾਂ, ਧਾਰਮਿਕ ਸਮਾਗਮਾਂ ਅਤੇ ਸਮਾਜਿਕ ਅੰਦੋਲਨਾਂ ਦੀ ਕਵਰੇਜ ਵਿੱਚ ਇਸ ਅਖ਼ਬਾਰ ਨੇ ਹਮੇਸ਼ਾਂ ਤੱਥਾਂ ਅਤੇ ਨਿਰਪੱਖਤਾ ਨੂੰ ਪਹਿਲ ਦਿੱਤੀ। ਇਸ ਇਮਾਨਦਾਰੀ ਨੇ ਹੀ ਇਸਨੂੰ ਪਾਠਕਾਂ ਦਾ ਭਰੋਸੇਮੰਦ ਸਾਥੀ ਬਣਾਇਆ। ਹੁਣ ਇਸ ਅਦਾਰੇ ਨੇ ਆਪਣਾ ਦਾਇਰਾ ਹੋਰ ਵਧਾਇਆ ਹੈ। ਚੜ੍ਹਦੀਕਲਾ ਟਾਈਮ ਟੀਵੀ ਦੇ ਰੂਪ ਵਿੱਚ ਇਸਨੇ ਟੈਲੀਵਿਜ਼ਨ ਦੀ ਦੁਨੀਆਂ ਵਿੱਚ ਵੀ ਮਜ਼ਬੂਤ ਪੈਰ ਜਮਾਏ ਹਨ। ਡਿਜ਼ੀਟਲ ਯੁੱਗ ਵਿੱਚ ਜਦੋਂ ਖ਼ਬਰਾਂ ਦੀ ਦੁਨੀਆਂ ਤੇਜ਼ੀ ਨਾਲ ਬਦਲ ਰਹੀ ਹੈ, ਚੜ੍ਹਦੀਕਲਾ ਟਾਈਮ ਟੀਵੀ ਨੇ ਆਪਣੇ ਦਰਸ਼ਕਾਂ ਨੂੰ ਸੱਚੀ ਅਤੇ ਤੁਰੰਤ ਜਾਣਕਾਰੀ ਦੇਣ ਦਾ ਅਹਿਦ ਕੀਤਾ ਹੈ। ਅਦਾਰੇ ਦਾ ਇਹ ਟੈਲੀਵਿਜ਼ਨ ਵਿੰਗ ਅੱਜ ਵਿਸ਼ਵ ਭਰ ਵਿੱਚ ਵਸਦੇ ਕਰੋੜਾਂ ਪੰਜਾਬੀਆਂ ਦੇ ਘਰ-ਘਰ ਵਿੱਚ ਪਹੁੰਚ ਚੁੱਕਾ ਹੈ। ਇਸ ਤੋਂ ਇਲਾਵਾ 'ਭਾਰਤ ਦੇਸ਼ ਹਮਾਰਾ' ਦੇ ਨਾਂ ਹੇਠ ਇੱਕ ਹਿੰਦੀ ਅਖ਼ਬਾਰ ਵੀ ਕੱਢਿਆ ਜਾ ਰਿਹਾ ਹੈ। ਇਹ ਕਦਮ ਦਰਸਾਉਂਦਾ ਹੈ ਕਿ ਚੜ੍ਹਦੀਕਲਾ ਅਦਾਰਾ ਹੁਣ ਸਿਰਫ਼ ਪੰਜਾਬੀ ਪਾਠਕਾਂ ਤੱਕ ਸੀਮਤ ਨਹੀਂ ਰਹਿਣਾ ਚਾਹੁੰਦਾ, ਸਗੋਂ ਹਿੰਦੀ ਭਾਸ਼ੀ ਸਮਾਜ ਨੂੰ ਵੀ ਨਿਰਪੱਖ ਅਤੇ ਭਰੋਸੇਯੋਗ ਪੱਤਰਕਾਰੀ ਦੇਣਾ ਚਾਹੁੰਦਾ ਹੈ। 'ਭਾਰਤ ਦੇਸ਼ ਹਮਾਰਾ' ਰਾਹੀਂ ਰਾਸ਼ਟਰੀ ਮੁੱਦਿਆਂ ਨੂੰ ਹਿੰਦੀ ਦੇ ਵਿਸ਼ਾਲ ਪਾਠਕ ਵਰਗ ਤੱਕ ਪਹੁੰਚਾਉਣ ਦਾ ਇਹ ਇੱਕ ਸ਼ਲਾਘਾਯੋਗ ਉੱਦਮ ਹੈ। ਅੱਜ ਜਦੋਂ ਮੀਡੀਆ ਦਾ ਮਾਹੌਲ ਬਦਲ ਗਿਆ ਹੈ, ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਦਾ ਦਬਦਬਾ ਵੱਧ ਗਿਆ ਹੈ, ਉਦੋਂ ਕਿਸੇ ਅਖ਼ਬਾਰ ਦਾ 50 ਸਾਲ ਟਿਕੇ ਰਹਿਣਾ ਅਤੇ ਵਧਦੇ ਫੁੱਲਦੇ ਰਹਿਣਾ ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੈ। ਚੜ੍ਹਦੀਕਲਾ ਦੀ ਸਫ਼ਲਤਾ ਦਾ ਰਾਜ਼ ਇਸਦੀ ਉਹ ਸੰਪਾਦਕੀ ਨੀਤੀ ਹੈ ਜੋ ਹਮੇਸ਼ਾਂ ਪਾਠਕ ਨੂੰ ਕੇਂਦਰ ਵਿੱਚ ਰੱਖਦੀ ਹੈ। 50ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰਦੇ ਹੋਏ ਚੜ੍ਹਦੀਕਲਾ ਪਰਿਵਾਰ ਅਤੇ ਪਾਠਕਾਂ ਨੂੰ ਵਧਾਈ ਦਿੰਦੇ ਹਾਂ ਅਤੇ ਦੁਆ ਕਰਦੇ ਹਾਂ ਕਿ ਇਹ ਅਦਾਰਾ ਅਗਲੇ ਸੌ ਸਾਲਾਂ ਵਿੱਚ ਵੀ ਇਸੇ ਤਰ੍ਹਾਂ ਸੱਚ, ਸੇਵਾ ਅਤੇ ਸਮਰਪਣ ਦੀ ਭਾਵਨਾ ਨਾਲ ਅੱਗੇ ਵੱਧਦਾ ਰਹੇ। ਸੱਚਮੁੱਚ, ਚੜ੍ਹਦੀਕਲਾ ਦਾ ਇਹ ਕਾਫ਼ਲਾ ਚੜ੍ਹਦੀਆਂ ਕਲਾਂ ਵਿੱਚ ਹੀ ਰਹੇ।

ਮੁੱਖ ਮੰਤਰੀ ਵੱਲੋਂ ਅਹਿਮ ਫ਼ੈਸਲਾ

ਗਰਮੀ ਕਾਰਨ ਸਰਕਾਰੀ ਦਫ਼ਤਰਾਂ ਅਤੇ ਸਿੱਖਿਆ ਸੰਸਥਾਵਾਂ ਦਾ ਸਮਾਂ ਸਵੇਰੇ 7:30 ਵਜੇ ਕੀਤਾ

ਚੰਡੀਗੜ੍ਹ, 22 ਮਈ (ਚ.ਨ.ਸ.): ਭਿਆਨਕ ਗਰਮੀ ਦੇ ਮੱਦੇਨਜ਼ਰ ਲੋਕਾਂ ਨੂੰ ਰਾਹਤ ਦੇਣ ਦੇ ਉਦੇਸ਼ ਨਾਲ ਅਹਿਮ ਫੈਸਲਾ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਸਕੂਲਾਂ ਅਤੇ ਕਾਲਜਾਂ ਦਾ ਸਮਾਂ ਬਦਲਣ ਦਾ ਐਲਾਨ ਕੀਤਾ ਹੈ। ਵਡੇਰੇ ਜਨਤਕ ਹਿੱਤ ਵਿੱਚ ਨਵੇਂ ਸਮੇਂ ਮੁਤਾਬਕ ਕੰਮਕਾਜ ਦਾ ਸਮਾਂ ਮੌਜੂਦਾ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਦੀ ਬਜਾਏ ਸਵੇਰੇ 7:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਹੋਵੇਗਾ।

ਇਸ ਫੈਸਲੇ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਬਦਲਿਆ ਹੋਇਆ ਸਮਾਂ 25 ਮਈ ਤੋਂ ਲਾਗੂ ਹੋਵੇਗਾ ਅਤੇ ਅਗਲੇ ਹੁਕਮਾਂ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ, "ਇਹ ਫੈਸਲਾ ਆਮ ਲੋਕਾਂ ਦੀ ਸਹੂਲਤ ਲਈ ਲਿਆ ਗਿਆ ਹੈ ਤਾਂ ਜੋ ਉਹ ਪੂਰੇ ਪੰਜਾਬ ਵਿੱਚ ਪੈ ਰਹੀ ਅੱਤ ਦੀ ਗਰਮੀ ਦੌਰਾਨ ਸਰਕਾਰੀ ਦਫਤਰਾਂ ਵਿੱਚ ਆਸਾਨੀ ਨਾਲ ਆਪਣੇ ਕੰਮ ਕਰਵਾ ਸਕਣ। ਹਰ ਕਿਸੇ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸਾਰੇ ਭਾਈਵਾਲਾਂ ਨਾਲ ਸਲਾਹ-ਮਸਵਰੇ ਤੋਂ ਬਾਅਦ (ਬਾਕੀ ਸਫ਼ਾ 2 'ਤੇ)

ਪਟਿਆਲਾ 'ਚ ਬਣੇਗੀ ਪੰਜਾਬ ਦੀ ਪਹਿਲੀ ਡਿਜੀਟਲ ਯੂਨੀਵਰਸਿਟੀ

'ਫਿਜ਼ਿਕਸ ਵਾਲਾ' ਨੂੰ ਤਿੰਨ ਏਕੜ ਦੇ ਕੈਂਪਸ ਲਈ ਮਿਲੀ ਹਰੀ ਝੰਡੀ

ਚੰਡੀਗੜ੍ਹ, 22 ਮਈ (ਚ.ਨ.ਸ.): ਪੰਜਾਬ ਨੂੰ ਜਲਦੀ ਹੀ ਪਟਿਆਲਾ ਵਿੱਚ ਆਪਣੀ ਪਹਿਲੀ ਡਿਜੀਟਲ ਯੂਨੀਵਰਸਿਟੀ ਮਿਲਣ ਜਾ ਰਹੀ ਹੈ। ਉੱਚ ਸਿੱਖਿਆ ਬਾਰੇ ਸਟੇਟ ਐਮਪਾਵਰਡ ਕਮੇਟੀ (ਸੂਬਾ ਪ੍ਰਮਾਣਿਤ ਕਮੇਟੀ) ਨੇ ਐਡਟੈਕ (ਸਿੱਖਿਆ ਤਕਨਾਲੋਜੀ) ਕੰਪਨੀ 'ਫਿਜ਼ਿਕਸ ਵਾਲਾ' ਦੇ ਤਿੰਨ ਏਕੜ ਵਿੱਚ ਬਣਨ ਵਾਲੇ ਕੈਂਪਸ ਪ੍ਰੋਜੈਕਟ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਇੱਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਇੱਕ ਵਾਰ 'ਲੈਟਰ ਆਫ਼ ਇੰਟੈਂਟ' (ਸਹਿਮਤੀ ਪੱਤਰ) ਜਾਰੀ ਹੋਣ ਤੋਂ ਬਾਅਦ, (ਬਾਕੀ ਸਫ਼ਾ 2 'ਤੇ)

ਰਾਖਵੇਂਕਰਨ 'ਤੇ ਸੁਪਰੀਮ ਕੋਰਟ ਦੀ ਵੱਡੀ ਟਿੱਪਣੀ

ਜੇਕਰ ਮਾਪੇ ਆਈ.ਏ.ਐਸ. ਅਧਿਕਾਰੀ ਹਨ ਤਾਂ ਰਾਖਵੇਂਕਰਨ ਦੀ ਮੰਗ ਕਿਉਂ ?

'ਇਹ ਇੱਕ ਅਜਿਹਾ ਮੁੱਦਾ ਹੈ ਜਿਸ 'ਤੇ ਸਾਨੂੰ ਵਿਚਾਰ ਕਰਨਾ ਪਵੇਗਾ'

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 22 ਮਈ : ਭਾਰਤ ਦੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਨੇ ਸ਼ੁੱਕਰਵਾਰ ਨੂੰ ਰਾਖਵੇਂਕਰਨ ਅਤੇ ਸਮਾਜਿਕ ਗਤੀਸ਼ੀਲਤਾ ਦੇ ਮੁੱਦੇ 'ਤੇ ਤਿੱਖੀ ਟਿੱਪਣੀ ਕੀਤੀ। ਸੁਪਰੀਮ ਕੋਰਟ ਨੇ ਉਨ੍ਹਾਂ ਪਰਿਵਾਰਾਂ ਵੱਲੋਂ ਕੋਟਾ ਲਾਭਾਂ ਦੀ ਲਗਾਤਾਰ ਕੀਤੀ ਜਾ ਰਹੀ ਮੰਗ 'ਤੇ ਸਵਾਲ ਉਠਾਏ, ਜਿਨ੍ਹਾਂ ਨੇ ਪਹਿਲਾਂ ਹੀ ਵਿਦਿਅਕ ਅਤੇ ਆਰਥਿਕ ਤਰੱਕੀ ਹਾਸਲ ਕਰ ਲਈ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਦੇ ਮਾਤਾ-ਪਿਤਾ ਦੋਵੇਂ ਆਈ.ਏ.ਐਸ.ਅਧਿਕਾਰੀ ਹਨ, ਉਨ੍ਹਾਂ ਨੂੰ ਕੋਟੇ ਦੀ ਕੀ ਲੋੜ ਹੈ।

ਸੁਪਰੀਮ ਕੋਰਟ ਨੇ ਰਾਖਵੇਂਕਰਨ ਦੇ ਮੁੱਦੇ 'ਤੇ ਟਿੱਪਣੀ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਦਿਅਕ ਅਤੇ ਆਰਥਿਕ ਤਰੱਕੀ ਨਾਲ ਸਮਾਜਿਕ ਗਤੀਸ਼ੀਲਤਾ ਆਉਂਦੀ ਹੈ। ਇਸ ਲਈ ਆਰਥਿਕ ਤੌਰ 'ਤੇ ਮਜ਼ਬੂਤ ਪਰਿਵਾਰਾਂ ਦੇ ਬੱਚਿਆਂ ਲਈ ਰਾਖਵੇਂਕਰਨ ਦੀ ਮੰਗ ਕਰਨਾ ਸਹੀ ਨਹੀਂ ਹੈ। ਇਹ ਇੱਕ ਅਜਿਹਾ ਮੁੱਦਾ ਹੈ ਜਿਸ 'ਤੇ ਸਾਨੂੰ ਵਿਚਾਰ ਕਰਨਾ ਹੋਵੇਗਾ। ਅਦਾਲਤ ਨੇ ਅੱਗੇ ਕਿਹਾ ਕਿ ਕਈ ਸਰਕਾਰੀ ਹੁਕਮਾਂ ਵਿੱਚ ਪਹਿਲਾਂ ਹੀ ਉੱਨਤ ਵਰਗਾਂ ਨੂੰ ਰਾਖਵੇਂਕਰਨ ਦੇ ਲਾਭਾਂ ਤੋਂ ਬਾਹਰ ਰੱਖਣ ਦੀ ਵਿਵਸਥਾ ਹੈ।ਮਾਤਾ-ਪਿਤਾ ਚੰਗੀ ਨੌਕਰੀ ਕਰ ਰਹੇ ਹਨ, ਫਿਰ ਵੀ ਰਾਖਵਾਂਕਰਨ ਚਾਹੁੰਦੇ ਹਨ: ਸੁਪਰੀਮ ਕੋਰਟ ਨੇ ਉਨ੍ਹਾਂ ਪਰਿਵਾਰਾਂ ਵੱਲੋਂ ਰਾਖਵੇਂਕਰਨ ਦੇ ਲਾਭਾਂ ਦੀ ਨਿਰੰਤਰ ਮੰਗ 'ਤੇ ਸਵਾਲ ਚੁੱਕੇ, ਜਿਨ੍ਹਾਂ ਨੇ ਕੋਟਾ ਪ੍ਰਣਾਲੀ ਰਾਹੀਂ ਪਹਿਲਾਂ ਹੀ ਸਮਾ

2020 ਦੇ ਦਿੱਲੀ ਦੰਗਿਆਂ ਦੇ ਸਾਜਿਸ਼ਕਰਤਾ ਉਮਰ ਖਾਲਿਦ ਨੂੰ 3 ਦਿਨਾਂ ਲਈ ਦਿੱਤੀ ਅੰਤ੍ਰਿਮ ਜ਼ਮਾਨਤ

ਮਾਂ ਦੀ ਸਰਜਰੀ ਕਾਰਨ ਦਿੱਲੀ ਹਾਈ ਕੋਰਟ ਨੇ ਦਿੱਤੀ ਰਾਹਤ

ਨਵੀਂ ਦਿੱਲੀ, 22 ਮਈ (ਚ.ਨ.ਸ.): ਦਿੱਲੀ ਹਿੰਸਾ ਮਾਮਲੇ ਦੇ ਦੋਸ਼ੀ ਉਮਰ ਖਾਲਿਦ ਨੂੰ ਦਿੱਲੀ ਹਾਈ ਕੋਰਟ ਨੇ ਉਸਦੀ ਮਾਂ ਦੀ ਸਰਜਰੀ ਲਈ ਤਿੰਨ ਦਿਨਾਂ ਦੀ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਪ੍ਰਤਿਭਾ ਸਿੰਘ ਦੀ ਅਗਵਾਈ ਵਾਲੀ ਬੈਂਚ ਨੇ ਉਮਰ ਖਾਲਿਦ ਨੂੰ 1 ਜੂਨ ਤੋਂ 3 ਜੂਨ ਤੱਕ ਅੰਤਰਿਮ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਉਮਰ ਖਾਲਿਦ ਨੂੰ 1 ਜੂਨ ਨੂੰ ਸਵੇਰੇ 7 ਵਜੇ ਰਿਹਾਅ ਕਰਨ ਦਾ ਹੁਕਮ ਦਿੱਤਾ।

ਅਦਾਲਤ ਨੇ ਉਮਰ ਖਾਲਿਦ ਨੂੰ 3 ਜੂਨ ਨੂੰ ਸ਼ਾਮ 5 ਵਜੇ ਤੱਕ ਜੇਲ੍ਹ ਵਿੱਚ ਆਤਮ ਸਮਰਪਣ ਕਰਨ ਦਾ ਨਿਰਦੇਸ਼ ਦਿੱਤਾ।ਅਦਾਲਤ ਨੇ ਉਮਰ ਖਾਲਿਦ ਨੂੰ ਇੱਕ ਲੱਖ ਰੁਪਏ ਦੀ ਰਕਮ ਜਮ੍ਹਾਂ ਕਰਨ ਦਾ ਵੀ ਨਿਰਦੇਸ਼ ਦਿੱਤਾ। ਅਦਾਲਤ ਨੇ ਸ਼ਰਤ ਲਗਾਈ ਹੈ ਕਿ ਉਮਰ ਖਾਲਿਦ ਅੰਤਰਿਮ ਜ਼ਮਾਨਤ ਦੀ ਮਿਆਦ ਦੌਰਾਨ ਦਿੱਲੀ-ਐਨਸੀਆਰ ਤੋਂ ਬਾਹਰ ਯਾਤਰਾ ਨਹੀਂ ਕਰੇਗਾ। ਅਦਾਲਤ ਨੇ ਇਹ ਵੀ ਸ਼ਰਤ ਲਗਾਈ ਹੈ ਕਿ ਉਮਰ ਖਾਲਿਦ ਹਸਪਤਾਲ ਤੋਂ ਬਾਹਰ ਨਹੀਂ ਜਾਵੇਗਾ ਅਤੇ ਆਪਣੇ ਨਾਲ ਸਿਰਫ਼ ਇੱਕ ਮੋਬਾਈਲ ਫੋਨ ਰੱਖੇਗਾ। ਉਮਰ ਖਾਲਿਦ ਨੇ ਕੜਕੜਡੂਮਾ ਅਦਾਲਤ ਦੇ 19 ਮਈ ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ ਨੇ ਉਸਦੀ ਅੰਤਰਿਮ ਜ਼ਮਾਨਤ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਕੜਕੜਡੂਮਾ ਅਦਾਲਤ ਵਿੱਚ, ਉਮਰ ਖਾਲਿਦ ਨੇ ਆਪਣੇ ਚਾਚੇ ਦੀ ਮੌਤ ਤੋਂ ਬਾਅਦ ਚਹਿਲਮ (ਪਿਆਰ ਦਾ ਤਿਉਹਾਰ) ਮਨਾਉਣ ਅਤੇ 2 ਜੂਨ ਨੂੰ ਆਪਣੀ ਮਾਂ ਦੀ ਸਰਜਰੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਉਨ੍ਹਾਂ ਦੇ ਨਾਲ ਰਹਿਣ ਲਈ 15 ਦਿਨਾਂ ਲਈ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ। ਕੜਕੜਡੂਮਾ ਅਦਾਲਤ ਨੇ ਨੋਟ ਕੀਤਾ ਕਿ ਉਮਰ ਖਾਲਿਦ ਨੂੰ ਪਹਿਲਾਂ ਅੰਤਰਿਮ ਜ਼ਮਾਨਤ ਦਿੱਤੀ ਗਈ ਸੀ ਅਤੇ ਉਨ੍ਹਾਂ ਨੇ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਨਹੀਂ ਕੀਤੀ ਸੀ। ਇਸਦਾ ਮਤਲਬ ਇਹ ਨਹੀਂ ਹੈ ਕਿ ਉਸਨੂੰ ਹਰ ਵਾਰ ਅੰਤਰਿਮ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ।

ਕਾਕਰੋਚ ਜਨਤਾ ਪਾਰਟੀ ਨੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਵਿੱਢੀ ਮੁਹਿੰਮ

ਨਵੀਂ ਦਿੱਲੀ, 22 ਮਈ (ਚ.ਨ.ਸ.) : ਦੇਸ਼ ਭਰ ਵਿੱਚ ਨੀਟ-ਯੂਜੀ ਪ੍ਰੀਖਿਆ ਦੇ ਪੇਪਰ ਲੀਕ ਅਤੇ ਵਿਵਾਦਾਂ ਨੂੰ ਲੈ ਕੇ ਨੌਜਵਾਨਾਂ ਵਿੱਚ ਫੈਲੇ ਗੁੱਸੇ ਦੇ ਵਿਚਕਾਰ, ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਉੱਭਰੀ ਡਿਜੀਟਲ ਜਥੇਬੰਦੀ 'ਕਾਕਰੋਚ ਜਨਤਾ ਪਾਰਟੀ' (ਸੀਜੇਪੀ) ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਇੱਕ ਵੱਡੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦਿਪਕੇ ਦੇ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਦੇਸ਼ ਦੇ ਲੱਖਾਂ ਪ੍ਰੀਖਿਆਰਥੀਆਂ ਦੇ ਭਵਿੱਖ ਨਾਲ ਹੋਏ ਖਿਲਵਾੜ ਦੇ ਮੁੱਦੇ ਨੂੰ ਚੁੱਕਦਿਆਂ ਇਸ ਡਿਜੀਟਲ ਫਰੰਟ ਨੇ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਹਾਲਾਂਕਿ, ਇਸ ਮੁਹਿੰਮ ਦੇ ਤੇਜ਼ ਹੁੰਦਿਆਂ ਹੀ ਕੇਂਦਰ ਸਰਕਾਰ ਵੱਲੋਂ ਭਾਰਤ ਵਿੱਚ 'ਸੀਜੇਪੀ' ਦਾ ਅਧਿਕਾਰਤ ਐਕਸ ਖਾਤਾ ਬੈਨ ਕਰ ਦਿੱਤਾ ਗਿਆ ਹੈ, ਪਰ ਇਸ ਦੇ ਬਾਵਜੂਦ ਨੌਜਵਾਨਾਂ ਦਾ ਜੋਸ਼ ਮੱਠਾ ਨਹੀਂ ਪਿਆ।

ਦੱਸਣਯੋਗ ਹੈ ਕਿ ਸੁਪਰੀਮ ਕੋਰਟ ਦੀ ਇੱਕ ਟਿੱਪਣੀ ਤੋਂ ਬਾਅਦ ਵਿਅੰਗ ਵਜੋਂ ਸ਼ੁਰੂ ਹੋਈ 'ਕਾਕਰੋਚ ਜਨਤਾ ਪਾਰਟੀ' ਨੇ ਇੰਸਟਾਗ੍ਰਾਮ 'ਤੇ ਫਾਲੋਅਰਜ਼ ਦੇ ਮਾਮਲੇ ਵਿੱਚ ਸੱਤਾਧਾਰੀ ਭਾਜਪਾ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇਸ ਡਿਜੀਟਲ ਪਲੇਟਫਾਰਮ ਨੇ ਪੇਪਰ ਲੀਕ ਮਾਫੀਆ ਅਤੇ ਨੈਸ਼ਨਲ ਟੈਸਟਿੰਗ ਏਜੰਸੀ ਦੇ ਫੇਲ੍ਹ ਹੋਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਦੋਂ ਤੱਕ ਧਰਮੇਂਦਰ ਪ੍ਰਧਾਨ ਆਪਣੇ ਅਹੁਦੇ ਤੋਂ ਅਸਤੀਫ਼ਾ ਨਹੀਂ ਦਿੰਦੇ, ਇਹ ਮੁਹਿੰਮ ਦੇਸ਼ ਦੇ ਹਰ ਕੋਨੇ ਵਿੱਚ ਔਨਲਾਈਨ ਅਤੇ ਔਫਲਾਈਨ ਮਾਧਿਅਮ ਰਾਹੀਂ ਜਾਰੀ ਰਹੇਗੀ।

ਟਵਿਸ਼ਾ ਸ਼ਰਮਾ ਮੌਤ ਮਾਮਲਾ

ਫਰਾਰ ਪਤੀ ਸਮਰਥ ਸਿੰਘ ਨੇ ਜਬਲਪੁਰ ਅਦਾਲਤ 'ਚ ਕੀਤਾ ਆਤਮ-ਸਮਰਪਣ

ਨਵੀਂ ਦਿੱਲੀ, 22 ਮਈ (ਚ.ਨ.ਸ.) : ਮਾਡਲ ਅਤੇ ਅਦਾਕਾਰਾ ਟਵਿਸ਼ਾ ਸ਼ਰਮਾ ਦੀ ਸ਼ੱਕੀ ਮੌਤ ਦੇ ਮਾਮਲੇ ਵਿੱਚ ਇੱਕ ਵੱਡਾ ਮੋੜ ਆਇਆ ਹੈ। ਲੰਬੇ ਸਮੇਂ ਤੋਂ ਫਰਾਰ ਚੱਲ ਰਹੇ ਮੁੱਖ ਮੁਲਜ਼ਮ ਅਤੇ ਟਵਿਸ਼ਾ ਦੇ ਪਤੀ ਸਮਰਥ ਸਿੰਘ ਨੇ ਸ਼ੁੱਕਰਵਾਰ ਨੂੰ ਜਬਲਪੁਰ ਜ਼ਿਲ੍ਹਾ ਅਦਾਲਤ ਵਿੱਚ ਆਤਮ-ਸਮਰਪਣ ਕਰ ਦਿੱਤਾ ਹੈ। ਦੱਸ ਦੇਈਏ ਕਿ ਪੁਲਿਸ ਨੇ ਸਮਰਥ ਸਿੰਘ 'ਤੇ 30,000 ਰੁਪਏ ਦਾ ਇਨਾਮ ਵੀ ਐਲਾਨ ਕੀਤਾ ਹੋਇਆ ਸੀ। ਸਮਰਥ ਸਿੰਘ ਅਦਾਲਤ ਵਿੱਚ ਆਪਣੀ ਪਛਾਣ ਛੁਪਾਉਣ ਲਈ ਟੋਪੀ, ਚਸ਼ਮਾ ਅਤੇ ਮਾਸਕ ਪਹਿਨ ਕੇ ਪਹੁੰਚਿਆ। ਜਦੋਂ ਪੱਤਰਕਾਰਾਂ ਨੇ ਟਵਿਸ਼ਾ ਦੀ ਮੌਤ ਅਤੇ ਲੱਗੇ ਦੋਸ਼ਾਂ ਬਾਰੇ ਸਵਾਲ ਪੁੱਛੇ ਤਾਂ ਉਸ ਨੇ ਪੂਰੀ ਤਰ੍ਹਾਂ ਚੁੱਪੀ ਰੱਖੀ। ਉਸ ਦੇ ਵਕੀਲ ਜੈਦੀਪ ਕੌਰਵ ਅਨੁਸਾਰ, ਅਗਾਊਂ ਜ਼ਮਾਨਤ ਦੀ ਅਰਜ਼ੀ ਵਾਪਸ ਲੈਣ ਤੋਂ ਬਾਅਦ ਸਮਰਥ ਨੇ ਸਰੈਂਡਰ ਕਰਨ ਦਾ ਫੈਸਲਾ ਕੀਤਾ।ਟਵਿਸ਼ਾ ਦੇ ਪਰਿਵਾਰ ਨੇ ਸਮਰਥ ਦੇ ਜਬਲਪੁਰ ਵਿੱਚ ਆਤਮ-ਸਮਰਪਣ ਕਰਨ ਦੇ ਸਮੇਂ ਅਤੇ ਸਥਾਨ 'ਤੇ ਗੰਭੀਰ ਸਵਾਲ ਚੁੱਕੇ ਹਨ। ਟਵਿਸ਼ਾ ਦੇ ਚਾਚਾ ਲੋਕੇਸ਼ ਸ਼ਰਮਾ ਨੇ ਦੋਸ਼ ਲਾਇਆ ਕਿ ਸਮਰਥ ਦੀ ਮਾਂ ਗਿਰੀਬਾਲਾ ਸਿੰਘ ਖੁਦ ਇੱਕ ਜੱਜ ਰਹੀ ਹੈ ਅਤੇ ਸਮਰਥ ਖੁਦ ਮੱਧ ਪ੍ਰਦੇਸ਼ ਸਰਕਾਰ ਵਿੱਚ ਕਾਨੂੰਨੀ ਸਲਾਹਕਾਰ ਰਿਹਾ ਹੈ। ਉਨ੍ਹਾਂ ਅਨੁਸਾਰ, ਸਮਰਥ ਨੇ ਜਬਲਪੁਰ ਅਦਾਲਤ ਨੂੰ ਇਸ ਲਈ ਚੁਣਿਆ ਕਿਉਂਕਿ ਉੱਥੇ ਉਸ ਦੇ ਡੂੰਘੇ ਸਬੰਧ ਹਨ ਅਤੇ ਉਹ ਸਿਸਟਮ ਰਾਹੀਂ ਮਾਮਲੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਟਵਿਸ਼ਾ ਦੇ ਭਰਾ ਮੇਜਰ ਹਰਸ਼ਿਤ ਸ਼ਰਮਾ ਨੇ ਇਸ ਆਤਮ-ਸਮਰਪਣ ਨੂੰ ਨਿਆਂ ਦੀ ਪਹਿਲੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਨਤਾ ਦੇ ਸਮਰਥਨ ਅਤੇ ਕਾਨੂੰਨ ਦੇ ਦਬਾਅ ਨੇ ਸਮਰਥ ਨੂੰ ਬਾਹਰ ਆਉਣ ਲਈ ਮਜ਼ਬੂਰ ਕਰ ਦਿੱਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸਮਰਥ ਨੇ ਕੁਝ ਨਹੀਂ ਛੁਪਾਇਆ ਸੀ ਤਾਂ ਉਹ 10 ਦਿਨਾਂ ਤੱਕ ਫਰਾਰ ਕਿਉਂ ਰਿਹਾ ?

ਘੁਸਪੈਠ ਰੋਕਣ ਲਈ ਸਰਹੱਦਾਂ 'ਤੇ ਸ਼ੁਰੂ

ਇਸ ਗੱਲ ਨੂੰ ਵੀ ਦੋਹਰਾਇਆ ਕਿ ਸਰਕਾਰ ਦੇਸ਼ ਤੋਂ ਹਰੇਕ ਘੁਸਪੈਠੀਏ ਨੂੰ ਲੱਭ ਲਵੇਗੀ ਅਤੇ ਉਨ੍ਹਾਂ ਨੂੰ ਭਾਰਤ ਤੋਂ ਬਾਹਰ ਭੇਜੇਗੀ। ਬੀਐੱਸਐੱਫ ਦੀ 1965 'ਚ ਸਥਾਪਨਾ ਦੇ ਬਾਅਦ ਕੇ.ਐੱਫ. ਰੁਸਤਮਜੀ ਇਸ ਦੇ ਪਹਿਲੇ ਡਾਇਰੈਕਟਰ ਜਨਰਲ ਸਨ। ਸ਼ਾਹ ਨੇ ਕਿਹਾ,''ਮੈਂ ਬੀਐੱਸਐੱਫ ਦੇ ਜਵਾਨਾਂ ਨੂੰ ਭਰੋਸਾ ਕਰਨਾ ਚਾਹੁੰਦਾ ਹਾਂ ਕਿ ਅਸੀਂ ਇਸ ਦੀ ਸਥਾਪਨਾ ਦੇ 60ਵੇਂ ਸਾਲ 'ਚ ਸਮਾਰਟ ਬਾਰਡਰ ਪ੍ਰੋਜੈਕਟ ਨੂੰ ਸ਼ੁਰੂ ਕਰਨਗੇ ਅਤੇ ਪਾਕਿਸਤਾਨ-ਬੰਗਲਾਦੇਸ਼ ਦੀਆਂ ਸਰਹੱਦਾਂ ਨੂੰ ਅਭੇਦ ਬਣਾਉਣਗੇ।'' ਸ਼ਾਹ ਨੇ ਕਿਹਾ ਕਿ ਮੋਦੀ ਸਰਕਾਰ ਨੇ ਅਗਲੇ ਇਕ ਸਾਲ 'ਚ ਪਾਕਿਸਤਾਨ ਅਤੇ ਬੰਗਲਾਦੇਸ਼ ਦੀਆਂ ਸਰਹੱਦਾਂ 'ਤੇ ਇਕ ਮਜ਼ਬੂਤ ਸੁਰੱਖਿਆ ਘੇਰਾ ਬਣਾਉਣ ਦਾ ਫੈਸਲਾ ਕੀਤਾ ਹੈ ਅਤੇ 'ਸਮਾਰਟ ਬਾਰਡਰ' ਨੂੰ ਤਕਨੀਕ, ਡਰੋਨ, ਰਡਾਰ ਅਤੇ ਸਮਾਰਟ ਕੈਮਰਿਆਂ ਦੀ ਮਦਦ ਨਾਲ ਅਭੇਦ ਸਰਹੱਦ ਬਣਾਉਣ 'ਚ ਮਦਦ ਮਿਲੇਗੀ। ਮੰਤਰੀ ਨੇ ਬੀਐੱਸਐੱਫ ਜਵਾਨਾਂ ਤੋਂ ਭਾਰਤ ਦੀ ਜਨਸੰਖਿਆ ਨੂੰ ਨਕਲੀ ਰੂਪ ਨਾਲ ਬਦਲਣ ਦੀ ਸਾਜਿਸ਼ ਨੂੰ ਨਾਕਾਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਤ੍ਰਿਪੁਰਾ, ਪੱਛਮੀ ਬੰਗਾਲ ਅਤੇ ਆਸਾਮ ਦੀਆਂ ਮੌਜੂਦਾ ਭਾਜਪਾ ਸਰਕਾਰਾਂ ਇਸ ਨੀਤੀ 'ਚ ਵਿਸ਼ਵਾਸ ਰੱਖਦੀਆਂ ਹਨ ਕਿ ਭਾਰਤੀਆਂ ਸਰਹੱਦਾਂ ਤੋਂ ਕੋਈ ਘੁਸਪੈਠ ਨਹੀਂ ਹੋਣੀ ਚਾਹੀਦੀ। ਸ਼ਾਹ ਨੇ ਕਿਹਾ ਕਿ ਉਨ੍ਹਾਂ ਦਾ ਮੰਤਰਾਲਾ ਜਲਦ ਹੀ ਸਰਹੱਦੀ ਸੁਰੱਖਿਆ ਦੇ ਵਿਸ਼ੇ 'ਤੇ ਇਨ੍ਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਬੈਠਕ ਕਰੇਗਾ।

ਪੰਜਾਬ 'ਚ ਬੈਲੇਟ ਪੇਪਰ ਨਾਲ ਹੋਣਗੀਆਂ

ਦੌਰਾਨ ਭਾਰਤ ਦੇ ਚੋਣ ਕਮਿਸ਼ਨ ਨੇ ਪੰਜਾਬ ਸਰਕਾਰ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਕਿ ਈ.ਵੀ.ਐਮ. ਦੀ ਟ੍ਰੇਨਿੰਗ ਅਤੇ ਤਿਆਰੀ ਲਈ 15 ਦਿਨ ਦੀ ਲੋੜ ਹੁੰਦੀ ਹੈ। ਚੋਣ ਕਮਿਸ਼ਨ ਨੇ ਅਦਾਲਤ ਨੂੰ ਦੱਸਿਆ ਕਿ 15 ਮਿੰਟ ਕਾਫ਼ੀ ਹਨ।

ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੇ ਅਦਾਲਤ ਨੂੰ ਦੱਸਿਆ ਕਿ ਚੋਣ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਨਿਆਂਇਕ ਦਖਲਅੰਦਾਜ਼ੀ ਸੀਮਤ ਹੈ। ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਹਾਈ ਕੋਰਟ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ। ਹਾਈ ਕੋਰਟ ਨੇ ਹੁਣ ਸਾਰੀਆਂ ਧਿਰਾਂ ਨੂੰ ਦੱਸਿਆ ਹੈ ਕਿ ਚੋਣਾਂ ਲਈ ਸਿਰਫ਼ ਚਾਰ ਦਿਨ ਬਾਕੀ ਹਨ ਅਤੇ ਸਾਰੀਆਂ ਤਿਆਰੀਆਂ ਕੀਤੀਆਂ ਜਾ ਚੁੱਕੀਆਂ ਹਨ। ਇਸ ਲਈ ਚੋਣਾਂ ਬੈਲਟ ਪੇਪਰਾਂ ਦੀ ਵਰਤੋਂ ਕਰਕੇ ਕਰਵਾਈਆਂ ਜਾਣ। ਇਸ ਦੇ ਨਾਲ ਹਾਈ ਕੋਰਟ ਨੇ ਸਾਰੀਆਂ ਪਟੀਸ਼ਨਾਂ ਨੂੰ ਖਾਰਿਜ ਕਰ ਦਿੱਤਾ।

ਗਰਮੀ ਕਾਰਨ ਸਰਕਾਰੀ ਦਫ਼ਤਰਾਂ ਅਤੇ ਸਿੱਖਿਆ

ਇਹ ਫੈਸਲਾ ਲਿਆ ਗਿਆ ਹੈ।''

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਬਦਲੇ ਹੋਏ ਸਮੇਂ ਨਾਲ ਲੋਕ ਆਪਣੇ ਕੰਮ ਤੋਂ ਛੁੱਟੀ ਲਏ ਬਿਨਾਂ ਸਵੇਰੇ-ਸਵੇਰੇ ਆਪਣੇ ਸਰਕਾਰੀ ਕੰਮ ਪੂਰੇ ਕਰ ਸਕਣਗੇ। ਉਨ੍ਹਾਂ ਕਿਹਾ, ''ਇਸ ਕਦਮ ਨਾਲ ਮੁਲਾਜ਼ਮਾਂ ਨੂੰ ਵੀ ਵੱਡਾ ਫਾਇਦਾ ਹੋਵੇਗਾ, ਕਿਉਂਕਿ ਉਹ ਦਿਨ ਵੇਲੇ ਤਾਪਮਾਨ ਵਧਣ ਤੋਂ ਪਹਿਲਾਂ ਆਪਣੀ ਡਿਊਟੀ ਖਤਮ ਕਰ ਸਕਣਗੇ।''

ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਹੁਣ ਮੁਲਾਜ਼ਮਾਂ ਨੂੰ ਆਪਣੇ ਬੱਚਿਆਂ ਨਾਲ ਬਿਤਾਉਣ ਲਈ ਵਧੇਰੇ ਸਮਾਂ ਮਿਲੇਗਾ, ਜੋ ਕਿ ਸਕੂਲਾਂ ਅਤੇ ਕਾਲਜਾਂ ਦੇ ਬਦਲੇ ਹੋਏ ਸਮੇਂ ਕਾਰਨ ਲਗਭਗ ਉਸੇ ਸਮੇਂ ਘਰ ਪਰਤਣਗੇ। ਉਨ੍ਹਾਂ ਕਿਹਾ, ''ਇਹ ਫੈਸਲਾ ਪੰਜਾਬ ਸਰਕਾਰ ਦੀ ਲੋਕ-ਪੱਖੀ ਪਹੁੰਚ ਅਤੇ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਨੂੰ ਬਿਹਤਰ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।''

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਹ ਨਵਾਂ ਸਮਾਂ ਸੂਬੇ ਭਰ ਦੇ ਸਕੂਲਾਂ ਤੇ ਕਾਲਜਾਂ ਦੇ ਨਾਲ-ਨਾਲ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ 'ਤੇ ਲਾਗੂ ਹੋਵੇਗਾ। ਉਨ੍ਹਾਂ ਅੱਗੇ ਕਿਹਾ, ''ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਪੀ.ਐਸ.ਪੀ.ਸੀ.ਐਲ.) ਦੇ ਅੰਕੜਿਆਂ ਅਨੁਸਾਰ ਬਿਜਲੀ ਦਾ ਪੀਕ ਲੋਡ ਦੁਪਹਿਰ 1:00 ਵਜੇ ਤੋਂ ਬਾਅਦ ਸ਼ੁਰੂ ਹੁੰਦਾ ਹੈ, ਇਸ ਲਈ ਦਫਤਰਾਂ ਦਾ ਨਵਾਂ ਸਮਾਂ ਬਿਜਲੀ ਦੀ ਖਪਤ ਨੂੰ ਘਟਾਉਣ ਅਤੇ ਬਿਜਲੀ ਦੇ ਬੁਨਿਆਦੀ ਢਾਂਚੇ 'ਤੇ ਦਬਾਅ ਨੂੰ ਘੱਟ ਕਰਨ ਵਿੱਚ ਵੀ ਮੱਦਦ ਕਰੇਗਾ।''

ਸਮਾਜ ਦੇ ਹਰ ਵਰਗ ਦੀ ਭਲਾਈ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਜਨਤਕ ਸਹੂਲਤਾਂ ਦੀ ਰਾਖੀ ਅਤੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਪਟਿਆਲਾ 'ਚ ਬਣੇਗੀ ਪੰਜਾਬ ਦੀ ਪਹਿਲੀ ਡਿਜੀਟਲ

ਕੰਪਨੀ ਪ੍ਰਸ਼ਾਸਨਿਕ ਕੈਂਪਸ ਸਥਾਪਤ ਕਰ ਸਕੇਗੀ ਅਤੇ ਇਸੇ ਸਾਲ ਜੁਲਾਈ ਤੋਂ ਕੋਰਸ ਸ਼ੁਰੂ ਕਰ ਸਕੇਗੀ। ਇਸ ਡਿਜੀਟਲ ਯੂਨੀਵਰਸਿਟੀ ਦਾ ਇੱਕ ਭੌਤਿਕ ਕੈਂਪਸ ਜ਼ਰੂਰ ਹੋਵੇਗਾ, ਪਰ ਇਹ ਸਿਰਫ਼ ਪ੍ਰਸ਼ਾਸਨਿਕ ਕੰਮਾਂ ਲਈ ਇੱਕ 'ਮੁੱਖ ਦਫ਼ਤਰ' ਵਜੋਂ ਹੀ ਕੰਮ ਕਰੇਗਾ। ਇੱਥੇ ਵਿਦਿਆਰਥੀਆਂ ਲਈ ਕੋਈ ਵੀ ਨਿਯਮਤ ਕਲਾਸਾਂ ਨਹੀਂ ਲਗਾਈਆਂ ਜਾਣਗੀਆਂ।

ਪੰਜਾਬ ਦੇ ਉੱਚ ਸਿੱਖਿਆ ਵਿਭਾਗ ਨੇ ਇਸੇ ਸਾਲ ਜਨਵਰੀ ਵਿੱਚ ਪੰਜਾਬ ਪ੍ਰਾਈਵੇਟ ਡਿਜੀਟਲ ਓਪਨ ਯੂਨੀਵਰਸਿਟੀਜ਼ ਪਾਲਿਸੀ(ਨੀਤੀ) ਤਿਆਰ ਕੀਤੀ ਸੀ,ਜਿਸ ਨਾਲ ਡਿਜੀਟਲ ਸਿੱਖਿਆ ਵਿੱਚ ਨਿੱਜੀ ਕੰਪਨੀਆਂ ਲਈ ਰਾਹ ਖੁੱਲ੍ਹ ਗਏ ਹਨ। ਇਹ ਕਦਮ ਵਿਦਿਆਰਥੀਆਂ ਨੂੰ ਆਨਲਾਈਨ ਸਿੱਖਿਆ ਰਾਹੀਂ ਘਰ ਬੈਠੇ ਹੀ ਡਿਗਰੀ ਕੋਰਸ ਪੂਰੇ ਕਰਨ ਦੇ ਯੋਗ ਬਣਾਉਂਦਾ ਹੈ। ਦੇਸ਼ ਵਿੱਚ ਸਿਰਫ਼ ਪੰਜਾਬ ਅਤੇ ਕੇਰਲ ਹੀ ਅਜਿਹੇ ਦੋ ਸੂਬੇ ਹਨ ਜਿਨ੍ਹਾਂ ਨੇ ਡਿਜੀਟਲ ਉੱਚ ਸਿੱਖਿਆ ਵਿੱਚ ਨਿੱਜੀ ਭਾਈਵਾਲੀ ਦੀ ਇਜਾਜ਼ਤ ਦਿੱਤੀ ਹੈ।

ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇੱਕ ਨਿੱਜੀ ਡਿਜੀਟਲ ਓਪਨ ਯੂਨੀਵਰਸਿਟੀ ਦਾ ਮੁੱਖ ਉਦੇਸ਼ 'ਡਿਜੀਟਲ, ਔਨਲਾਈਨ, ਦੂਰਵਰਤੀ ਜਾਂ ਓਪਨ ਮੋਡ ਰਾਹੀਂ ਉੱਚ ਸਿੱਖਿਆ ਵਿੱਚ ਅਧਿਆਪਨ ਅਤੇ ਸਿਖਲਾਈ ਪ੍ਰਦਾਨ ਕਰਨਾ ਹੈ ਅਤੇ ਤਕਨਾਲੋਜੀ-ਸਮਰੱਥ ਪ੍ਰਣਾਲੀਆਂ ਰਾਹੀਂ ਖੋਜ ਅਤੇ ਨਵੀਨਤਾ ਲਈ ਪ੍ਰਬੰਧ ਕਰਨਾ ਹੈ।' ਅਧਿਕਾਰੀ ਮੁਤਾਬਕ ਇਹ ਯੂਨੀਵਰਸਿਟੀ ਇੰਟਰਨੈੱਟ ਰਾਹੀਂ ਪੜ੍ਹਾਈ ਕਰਵਾਏਗੀ, ਜਿਸ ਨਾਲ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਦੀ ਦੂਰੀ ਖ਼

ਪੰਜਾਬ ਦੇ ਪਹਿਲੇ ਏ.ਸੀ. ਕਰੂਜ਼ 'ਚ ਤਰੇੜਾਂ ਤੇ ਲੀਕੇਜ਼ ਦੀ ਸਮੱਸਿਆ ਕਾਰਨ ਬੋਟਿੰਗ ਬੰਦ

ਦੋਰਾਹਾ, 22 ਮਈ (ਚ.ਨ.ਸ.): ਪੰਜਾਬ ਦਾ ਪਹਿਲਾ ਏ.ਸੀ. ਕਰੂਜ਼ ਮੁਸੀਬਤ ਦੇ ਘੇਰੇ ਵਿੱਚ ਹੈ। ਦੋਰਾਹਾ ਦੇ 'ਫਨ ਕਿੰਗਡਮ' ਮਨੋਰੰਜਨ ਪਾਰਕ ਦੇ ਮਾਲਕ ਨੇ ਬੇੜੀਆਂ ਬਣਾਉਣ ਵਾਲੀ ਕੰਪਨੀ 'ਤੇ ਘਟੀਆ ਦਰਜੇ ਦਾ ਸਾਮਾਨ ਸਪਲਾਈ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਮੁਤਾਬਕ ਇਸੇ ਕਾਰਨ ਕਰੂਜ਼ ਵਿੱਚ ਸਮੱਸਿਆਵਾਂ ਆਈਆਂ ਹਨ ਅਤੇ ਆਖਰਕਾਰ ਦੋਰਾਹਾ ਦੇ ਗੁਰਥਲੀ ਪੁਲ ਦੇ ਨੇੜੇ ਚੱਲਣ ਵਾਲੀ ਬੋਟਿੰਗ (ਬੇੜੀ ਦੀ ਸੈਰ) ਨੂੰ ਬੰਦ ਕਰਨਾ ਪਿਆ ਹੈ।

ਚੰਡੀਗੜ੍ਹ ਦੇ ਵਪਾਰੀ ਅਤੇ 'ਫਨ ਕਿੰਗਡਮ' ਦੇ ਮਾਲਕ ਪਵਨ ਕੁਮਾਰ ਗਰਗ ਨੇ ਦੱਸਿਆ ਕਿ ਦੋਰਾਹਾ ਨੂੰ ਪੰਜਾਬ ਦੇ ਸੈਰ-ਸਪਾਟਾ ਨਕਸ਼ੇ 'ਤੇ ਲਿਆਉਣ ਦਾ ਉਨ੍ਹਾਂ ਦਾ ਸੁਪਨਾ ਨਾਕਾਮਯਾਬ ਹੋ ਗਿਆ ਹੈ। ਉਨ੍ਹਾਂ ਕਿਹਾ, 'ਮੈਂ ਬੜੇ ਚਾਅ ਨਾਲ ਇਹ ਪਾਰਕ ਖੋਲ੍ਹਿਆ ਸੀ ਅਤੇ ਲੋਕਾਂ ਦਾ ਹੁੰਗਾਰਾ ਵੀ ਬਹੁਤ ਵਧੀਆ ਸੀ। ਪਰਿਵਾਰ ਆਪਣੇ ਬੱਚਿਆਂ ਨੂੰ ਲੈ ਕੇ ਇੱਥੇ ਆਉਂਦੇ ਸਨ ਅਤੇ ਸ਼ਾਮ ਵੇਲੇ ਸੂਰਜ ਡੁੱਬਣ ਸਮੇਂ ਸਤਲੁਜ ਨਹਿਰ ਦੀ ਸੈਰ ਦਾ ਆਨੰਦ ਲੈਂਦੇ ਸਨ। ਹਰ ਰੋਜ਼ ਸ਼ਾਮ ਨੂੰ ਇੱਥੇ ਭਾਰੀ ਭੀੜ ਹੁੰਦੀ ਸੀ। ਦੋਰਾਹਾ ਵਰਗੇ ਛੋਟੇ ਕਸਬੇ ਲਈ ਸਾਨੂੰ ਲੱਗਦਾ ਸੀ ਕਿ ਅਸੀਂ ਕੋਈ ਬਹੁਤ ਵੱਡਾ ਕੰਮ ਕੀਤਾ ਹੈ।'

ਇੱਥੇ ਕਰੂਜ਼ ਬੋਟਿੰਗ ਅਜੇ ਮਸਾਂ ਸ਼ੁਰੂ ਹੀ ਹੋਈ ਸੀ ਕਿ ਇਹ ਮੁਸੀਬਤ ਵਿੱਚ ਘਿਰ ਗਈ ਹੈ। ਦੋਸ਼ ਹੈ ਕਿ ਬੇੜੀਆਂ ਬਣਾਉਣ ਵਾਲੀ ਕੰਪਨੀ ਨੇ ਮੋਟੀ ਰਕਮ ਲੈਣ ਦੇ ਬਾਵਜੂਦ ਵੀ ਘਟੀਆ ਅਤੇ ਸਸਤਾ ਸਾਮਾਨ ਸਪਲਾਈ ਕਰ ਦਿੱਤਾ। ਕਰੂਜ਼ ਨੂੰ ਦੋਰਾਹਾ ਲੈ ਕੇ ਆਉਣ ਵਾਲੇ ਗਰਗ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਸਾਲ ਮਾਰਚ ਵਿੱਚ ਪੁਣੇ ਦੀ ਇੱਕ ਕੰਪਨੀ 'ਸੰਨੀ ਬੋਟਸ ਪ੍ਰਾਈਵੇਟ ਲਿਮਟਿਡ' ਅਤੇ ਉਸ ਦੇ ਡਾਇਰੈਕਟਰ ਸੰਨੀ ਸੇਬੇਸਟੀਅਨ ਨਾਲ ਇੱਕ ਸਮਝੌਤਾ (ਐਗਰੀਮੈਂਟ) ਕੀਤਾ ਸੀ। ਕੰਪਨੀ ਨੇ ਇਹ ਬੇੜੀਆਂ ਮਈ ਮਹੀਨੇ ਵਿੱਚ ਦੇਣੀਆਂ ਸਨ, ਪਰ ਉਨ੍ਹਾਂ ਨੇ ਚਾਰ ਮਹੀਨੇ ਦੀ ਦੇਰੀ ਕਰ ਦਿੱਤੀ। ਗਰਗ ਨੇ ਅੱਗੇ ਦੋਸ਼ ਲਾਇਆ ਕਿ ਜਿਵੇਂ ਹੀ ਸਤੰਬਰ ਵਿੱਚ ਬੇੜੀਆਂ ਪਹੁੰਚੀਆਂ, ਉਨ੍ਹਾਂ ਨੇ ਤੁਰੰਤ ਬੋਟਿੰਗ ਸੇਵਾਵਾਂ ਸ਼ੁਰੂ ਕਰ ਦਿੱਤੀਆਂ। ਪਰ ਥੋੜ੍ਹੇ ਸਮੇਂ ਵਿੱਚ ਹੀ ਬੇੜੀਆਂ ਵਿੱਚ ਤਰੇੜਾਂ ਆ ਗਈਆਂ, ਉਨ੍ਹਾਂ ਦੇ ਹਿੱਸੇ ਟੁੱਟਣ ਲੱਗ ਪਏ ਤੇ ਅੰਦਰੋਂ ਪਾਣੀ ਵੀ ਲੀਕ ਹੋਣ ਲੱਗ ਪਿਆ।

ਗਰਗ ਨੇ ਦਾਅਵਾ ਕੀਤਾ ਕਿ ਬੰਬਈ (ਮੁੰਬਈ) ਦੇ ਇੱਕ ਤਕਨੀਕੀ ਮਾਹਰ ਨੇ ਉਨ੍ਹਾਂ ਨੂੰ ਕਥਿਤ ਤੌਰ ਉੱਤੇ ਦੱਸਿਆ ਹੈ ਕਿ ਇਹ ਬੇੜੀਆਂ ਤੈਅ ਕੀਤੇ ਗਏ ਮਿਆਰ (ਸਟੈਂਡਰਡ) ਮੁਤਾਬਕ ਸਹੀ ਨਹੀਂ ਬਣੀਆਂ ਸਨ। ਉਨ੍ਹਾਂ ਨੇ ਦੋਸ਼ ਲਾਇਆ ਕਿ ਦਸੰਬਰ ਮਹੀਨੇ ਵਿੱਚ ਇੱਕ ਬੇੜੀ ਦਾ ਹਿੱਸਾ ਉਸ ਵੇਲੇ ਟੁੱਟ ਗਿਆ, ਜਦੋਂ ਉਸ ਵਿੱਚ 15 ਤੋਂ 20 ਔਰਤਾਂ ਸਵਾਰ ਸਨ। ਗਰਗ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ, 'ਇਸ ਨੁਕਸਾਨ ਕਾਰਨ ਅਸੀਂ ਤਿੰਨ ਸਾਲ ਪਿੱਛੇ ਚਲੇ ਗਏ ਹਾਂ। ਸਾਨੂੰ ਲੋਕਾਂ ਦੇ ਗੁੱਸੇ ਦਾ ਵੀ ਸਾਹਮਣਾ ਕਰਨਾ ਪਿਆ, ਕਿਉਂਕਿ ਸਵਾਰੀਆਂ ਨੂੰ ਬੇੜੀਆਂ ਵਿੱਚ ਹਾਦਸੇ ਹੋਣ ਦਾ ਡਰ ਸਤਾ ਰਿਹਾ ਸੀ।'

ਗਰਗ ਨੇ ਦੱਸਿਆ, 'ਕੰਪਨੀ ਦੇ ਡਾਇਰੈਕਟਰ ਨੇ ਸਾਨੂੰ ਬਰਬਾਦ ਕਰ ਦਿੱਤਾ ਹੈ। ਪਹਿਲਾਂ, ਜਦੋਂ ਪ੍ਰੋਜੈਕਟ ਸ਼ੁਰੂਆਤੀ ਦੌਰ ਵਿੱਚ ਸੀ, ਉਹ ਅਕਸਰ ਫੋਨ ਕਰਦਾ ਹੁੰਦਾ ਸੀ, ਪਰ 1.19 ਕਰੋੜ ਰੁਪਏ ਦੀ ਪੇਮੈਂਟ (ਭੁਗਤਾਨ) ਮਿਲਣ ਤੋਂ ਬਾਅਦ, ਉਸਨੇ ਫੋਨ ਚੁੱਕਣੇ ਬੰਦ ਕਰ ਦਿੱਤੇ। ਇਸ ਲਈ, ਮੈਂ ਐੱਸ ਐਸ ਪੀ ਖੰਨਾ ਕੋਲ ਸ਼ਿਕਾਇਤ ਦਰਜ ਕਰਵਾਈ, ਜਿਨ੍ਹਾਂ ਨੇ ਜਾਂਚ ਤੋਂ ਬਾਅਦ ਮਾਮਲਾ ਦਰਜ ਕਰ ਲਿਆ ਹੈ।'

ਇਹ ਮਾਮਲਾ ਬੀ.ਐੱਨ.ਐਸ. ਦੀਆਂ ਧਾਰਾਵਾਂ 318(4), 316(3) ਅਤੇ 125 ਤਹਿਤ ਦਰਜ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ।

ਹਾਈ ਕੋਰਟ ਨੇ ਪੋਲਿੰਗ ਬੂਥਾਂ ਦੇ ਅੰਦਰ ਤੇ ਬਾਹਰ ਸੀ.ਸੀ.ਟੀ.ਵੀ. ਕੀਤੇ ਲਾਜ਼ਮੀ

- ਫੁਟੇਜ ਨੂੰ 1 ਸਾਲ ਲਈ ਸੁਰੱਖਿਅਤ ਰੱਖਣ ਦੇ ਹੁਕਮ
- ਸੀ.ਸੀ.ਟੀ.ਵੀ. 'ਚ ਖਰਾਬੀ 'ਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋਵੇਗੀ

ਚੰਡੀਗੜ੍ਹ, 22 ਮਈ (ਚ.ਨ.ਸ.): ਨਗਰ ਨਿਗਮ ਚੋਣਾਂ ਤੋਂ ਸਿਰਫ਼ ਚਾਰ ਦਿਨ ਪਹਿਲਾਂ, ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਨਿਰਦੇਸ਼ ਦਿੱਤੇ ਹਨ ਕਿ ਸੀਸੀਟੀਵੀ ਨਿਗਰਾਨੀ ਹੇਠ ਪੋਲਿੰਗ ਬੂਥਾਂ ਦੇ ਅੰਦਰ ਅਤੇ ਬਾਹਰ ਦੋਵੇਂ ਪਾਸੇ ਕਵਰ ਕੀਤੇ ਜਾਣੇ ਚਾਹੀਦੇ ਹਨ। ਬੈਂਚ ਨੇ ਵੋਟਾਂ ਦੀ ਗਿਣਤੀ ਵਾਲੇ ਕੇਂਦਰਾਂ ਦੀ ਪੂਰੀ ਵੀਡੀਓ ਰਿਕਾਰਡਿੰਗ ਕਰਨ ਦੇ ਵੀ ਹੁਕਮ ਦਿੱਤੇ ਅਤੇ ਚੋਣ ਫੁਟੇਜ ਨੂੰ ਇੱਕ ਸਾਲ ਲਈ ਸੁਰੱਖਿਅਤ ਰੱਖਣਾ ਲਾਜ਼ਮੀ ਕਰ ਦਿੱਤਾ ਹੈ। ਚੋਣ ਤੰਤਰ ਵਿੱਚ ਜਵਾਬਦੇਹੀ 'ਤੇ ਜ਼ੋਰ ਦਿੰਦੇ ਹੋਏ, ਬੈਂਚ ਨੇ ਸਪਸ਼ਟ ਕੀਤਾ ਕਿ ਸੀਸੀਟੀਵੀ ਪ੍ਰਣਾਲੀਆਂ ਦੀ ਕਿਸੇ ਵੀ ਤਰ੍ਹਾਂ ਦੀ ਨਾਕਾਮੀ (ਖਰਾਬੀ) 'ਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਅਦਾਲਤ ਨੇ ਚੋਣ ਟ੍ਰਿਬਿਊਨਲ ਨੂੰ ਸੁਪਰੀਮ ਕੋਰਟ ਦੁਆਰਾ ਤੈਅ ਕੀਤੀਆਂ ਗਈਆਂ ਸਮਾਂ-ਸੀਮਾਵਾਂ ਦੇ ਅਨੁਸਾਰ ਚੋਣ ਵਿਵਾਦਾਂ ਦਾ ਜਲਦੀ ਨਿਪਟਾਰਾ ਕਰਨ ਦੇ ਨਿਰਦੇਸ਼ ਵੀ ਦਿੱਤੇ।

ਅਦਾਲਤ ਦੇ ਇਹ ਨਿਰਦੇਸ਼ ਸਥਾਨਕ ਚੋਣਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਨੂੰ ਆਜ਼ਾਦ ਤੇ ਬਿਨਾਂ ਕਿਸੇ ਪੱਖਪਾਤ (ਨਿਰਪੱਖ) ਦੇ ਕਰਵਾਉਣਾ ਯਕੀਨੀ ਬਣਾਉਣ ਲਈ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ 'ਤੇ ਆਏ ਹਨ। ਇਨ੍ਹਾਂ ਪਟੀਸ਼ਨਾਂ ਵਿੱਚ ਮੰਗ ਕੀਤੀ ਗਈ ਸੀ ਕਿ ਪੋਲਿੰਗ ਬੂਥਾਂ ਦੇ ਅੰਦਰ ਅਤੇ ਬਾਹਰ, ਵੋਟਾਂ ਦੀ ਗਿਣਤੀ ਵਾਲੇ ਕੇਂਦਰਾਂ ਅਤੇ ਉਨ੍ਹਾਂ ਸਟਰਾਂਗ ਰੂਮਾਂ (ਸਟੋਰੇਜ ਵਾਲੀਆਂ ਥਾਵਾਂ) ਵਿੱਚ ਸੀਸੀਟੀਵੀ ਕੈਮਰੇ ਲਗਾਏ ਜਾਣ ਜਿੱਥੇ ਵੋਟਾਂ ਪੈਣ ਤੋਂ ਬਾਅਦ ਬੈਲਟ ਬਾਕਸ (ਵੋਟਾਂ ਵਾਲੀਆਂ ਪੇਟੀਆਂ) ਸੁਰੱਖਿਅਤ ਰੱਖੇ ਜਾਣੇ ਹਨ।



ਵੋਟਾਂ ਦੀ ਗਿਣਤੀ ਦੇ ਮਹੱਤਵਪੂਰਨ ਪਹਿਲੂ 'ਤੇ ਸੁਣਵਾਈ ਕਰਦਿਆਂ ਬੈਂਚ ਨੇ ਨੋਟ ਕੀਤਾ ਕਿ ਸਰਕਾਰੀ ਵਕੀਲ ਨੇ ਭਰੋਸਾ ਦਿੱਤਾ ਹੈ ਕਿ ਵੋਟਾਂ ਦੀ ਗਿਣਤੀ ਵਾਲੇ ਕੇਂਦਰ ਪੂਰੀ ਤਰ੍ਹਾਂ ਸੀਸੀਟੀਵੀ ਕੈਮਰਿਆਂ ਦੀ ਨਿਗਰਾਨੀ ਹੇਠ ਹੋਣਗੇ ਅਤੇ ਵੋਟਾਂ ਦੀ ਗਿਣਤੀ ਦੀ ਪ੍ਰਕਿਰਿਆ ਨੂੰ ਵੀ ਸੀਸੀਟੀਵੀ ਕੈਮਰਿਆਂ ਰਾਹੀਂ ਰਿਕਾਰਡ ਕੀਤਾ ਜਾਵੇਗਾ।

ਕੈਮਰਿਆਂ ਦੇ ਖ਼ਰਾਬ ਸਿਸਟਮ ਨੂੰ ਲੈ ਕੇ ਸਖ਼ਤ ਚਿਤਾਵਨੀ ਜਾਰੀ ਕਰਦਿਆਂ ਅਦਾਲਤ ਦੇ ਬੈਂਚ ਨੇ ਸਾਫ਼ ਕਿਹਾ ਹੈ ਕਿ ਜੇਕਰ ਚੋਣਾਂ ਦੌਰਾਨ ਕੋਈ ਵੀ ਸੀਸੀਟੀਵੀ ਕੈਮਰਾ ਚਾਲੂ (ਕਾਰਜਸ਼ੀਲ) ਨਹੀਂ ਪਾਇਆ ਜਾਂਦਾ, ਤਾਂ ਇਸ ਦੇ ਖ਼ਰਾਬ ਨਤੀਜਿਆਂ ਲਈ ਸਿੱਧੇ ਤੌਰ 'ਤੇ ਰਿਟਰਨਿੰਗ ਅਫ਼ਸਰ ਅਤੇ ਇਸ ਲਾਪਰਵਾਹੀ ਵਿੱਚ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਹੋਰ ਅਧਿਕਾਰੀ ਨੂੰ ਜ਼ਿੰਮੇਵਾਰ ਮੰਨਿਆ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਹੋਵੇਗੀ।

ਅਦਾਲਤ ਨੇ ਇਹ ਵੀ ਕਿਹਾ ਕਿ ਚੋਣਾਂ ਦੌਰਾਨ ਲਗਾਏ ਜਾਣ ਵਾਲੇ ਸਾਰੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵਿੱਚ ਮਿਤੀ ਅਤੇ ਸਮੇਂ ਦੇ ਸਟੈਂਪ (ਨਿਸ਼ਾਨ) ਵੀ ਸ਼ਾਮਲ ਹੋਣਗੇ। ਆਪਣਾ ਫੈਸਲਾ ਖ਼ਤਮ ਕਰਨ ਤੋਂ ਪਹਿਲਾਂ ਅਦਾਲਤ ਨੇ ਸਪਸ਼ਟ ਕੀਤਾ ਕਿ ਪੁਲੀਸ ਅਧਿਕਾਰੀਆਂ ਨੂੰ ਪਹਿਲਾਂ ਹੀ ਚੋਣਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਪੂਰੀ ਤਰ੍ਹਾਂ ਚੌਕਸ ਰਹਿਣ ਦੇ ਹੁਕਮ ਦਿੱਤੇ ਜਾ ਚੁੱਕੇ ਹਨ। ਅਦਾਲਤ ਨੇ ਕਿਹਾ ਕਿ ਜੇਕਰ ਕਿਸੇ ਵੀ ਉਮੀਦਵਾਰ ਨੂੰ ਆਪਣੀ ਜਾਨ ਦਾ ਕੋਈ ਖ਼ਤਰਾ ਮਹਿਸੂਸ ਹੁੰਦਾ ਹੈ ਅਤੇ ਉਹ ਆਪਣੇ ਇਲਾਕੇ ਦੇ ਸਬੰਧਤ ਐੱਸਐੱਸਪੀ ਕੋਲ ਇੱਕ ਬੇਨਤੀ ਪੱਤਰ ਲੈ ਕੇ ਜਾਂਦਾ ਹੈ, ਜਿਸ ਵਿੱਚ ਸਪਸ਼ਟ ਤੌਰ 'ਤੇ ਅਸਲ ਖ਼ਤਰੇ ਦਾ ਡਰ ਦਿਖਾਇਆ ਗਿਆ ਹੋਵੇ, ਤਾਂ ਸਬੰਧਤ ਐੱਸਐੱਸਪੀ ਵੱਲੋਂ ਉਸ 'ਤੇ ਤੁਰੰਤ ਉਚਿਤ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਅਮਰੀਕੀ ਅਦਾਲਤ ਨੇ ਦਿਲਜੀਤ ਦੋਸਾਂਝ ਨੂੰ '84 ਦੇ ਪੀੜਤ ਵੱਲੋਂ ਦਾਇਰ ਮੁਕੱਦਮੇ ਤਹਿਤ ਜਾਰੀ ਕੀਤੇ ਸੰਮਨ

ਨਿਊਯਾਰਕ, 22 ਮਈ (ਚ.ਨ.ਸ.): ਪੰਜਾਬੀ ਗਾਇਕ ਦਿਲਜੀਤ ਦੁਸਾਂਝ ਕਸੂਤੇ ਫਸੇ ਹਨ। ਅਮਰੀਕੀ ਅਦਾਲਤ ਵੱਲੋਂ ਉਨ੍ਹਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ। ਜਿਥੇ ਇਕ ਪਾਸੇ ਦਿਲਜੀਤ ਦੁਸਾਂਝ ਨੂੰ ਤਲਬ ਕੀਤਾ ਗਿਆ ਹੈ ਦੂਜੇ ਪਾਸੇ ਅਮਰੀਕੀ ਟੈਲੀਵਿਜ਼ਨ ਮੇਜ਼ਬਾਨ ਜਿੰਮੀ ਫੈਲਨ ਨੂੰ ਵੀ ਤਲਬ ਕੀਤਾ ਗਿਆ ਹੈ।

ਦੱਸ ਦੇਈਏ ਕਿ 1984 ਦੇ ਸਿੱਖ ਦੰਗਿਆਂ ਦੇ ਪੀੜਤ ਵੱਲੋਂ ਦਾਇਰ ਸਿਵਲ ਮੁਕੱਦਮੇ ਤਹਿਤ ਦਿਲਜੀਤ ਦੁਸਾਂਝ ਨੂੰ ਸੰਮਨ ਜਾਰੀ ਕੀਤੇ ਗਏ ਹਨ। ਇਹ ਮੁਕੱਦਮਾ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕਾ ਦੀ ਜ਼ਿਲ੍ਹਾ ਅਦਾਲਤ 'ਚ ਮਹਿੰਦਰ ਸਿੰਘ ਨਾਂ ਦੇ ਸ਼ਖਸ ਵੱਲੋਂ ਦਾਇਰ ਕੀਤਾ ਗਿਆ। ਉਸ ਵਿਚ ਉਸ ਨੇ ਜ਼ਿਕਰ ਕੀਤਾ ਕਿ 1984 ਦੇ ਦੰਗਿਆਂ ਦੌਰਾਨ ਉਹ ਬਚ ਗਿਆ ਸੀ ਪਰ ਉਸ ਦੇ ਪਿਤਾ ਦੀ ਦਿੱਲੀ 'ਚ ਮੌਤ ਹੋ ਗਈ ਤੇ ਇਸ ਪਟੀਸ਼ਨ ਨੂੰ ਧਿਆਨ 'ਚ ਰੱਖਦਿਆਂ ਅਮਰੀਕੀ ਸੰਘ ਅਦਾਲਤ ਪ੍ਰਕਿਰਿਆ ਤਹਿਤ ਬਚਾਅ ਪੱਖ ਨੂੰ ਸੰਮਨਾਂ ਦੀ ਰਸਮੀ ਤਰੀਕ ਤਹਿਤ 21 ਦਿਨਾਂ ਅੰਦਰ ਜਵਾਬ ਦੇਣਾ ਹੁੰਦਾ ਹੈ।

ਹੁਣ ਦਿਲਜੀਤ ਦੁਸਾਂਝ ਤੇ ਜਿੰਮੀ ਫੈਲਨ ਆਪਣੇ ਇਸ ਜਾਰੀ ਸੰਮਨ ਲਈ ਕੀ ਸਾਂਝਾ ਕਰਦੇ ਹਨ। ਸ਼ਿਕਾਇਤਮੁਤਾਬਕ ਇਕ ਟੈਲੀਵਿਜ਼ਨ ਸ਼ੋਅ ਵਿਚ ਅਮਿਤਾਭ ਬੱਚਨ ਦਾ ਜਨਤਕ ਤੌਰ 'ਤੇ ਸਨਮਾਨ ਕੀਤਾ ਗਿਆ ਸੀ ਤੇ ਇਸ ਦੇ ਨਾਲ ਹੀ 1984 ਦੇ ਸਿੱਖ ਵਿਰੋਧੀ ਦੰਗਿਆਂ ਪੀੜਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਹ ਵੀ ਕਿਹਾ ਗਿਆ ਹੈ ਕਿ ਦੁਸਾਂਝ ਵੱਲੋਂ ਅਮਿਤਾਭ ਦੇ ਪੈਰ ਵੀ ਛੂਹੇ ਗਏ ਸੀ ਤੇ ਅਜਿਹੇ 'ਚ ਅਮਿਤਾਭ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਖੂਨ ਬਦਲੇ ਖੂਨ ਦਾ ਨਾਅਰਾ ਦਿੱਤਾ ਸੀ ਤੇ ਜਿਸ ਨੇ ਨਵੰਬਰ, 1984 ਵਿਚ ਸਿੱਖਾਂ ਖਿਲਾਫ ਹਿੰਸਾ ਨੂੰ ਹਵਾ ਦਿੱਤੀ ਸੀ। ਸ਼ਿਕਾਇਤਕਰਤਾ ਨੇ ਇਹ ਵੀ ਦਾਅਵਾ ਕੀਤਾ ਕਿ ਦੁਸਾਂਝ 1984 ਦੇ ਸਿੱਖ ਵਿਰੋਧੀ ਹਿੰਸਾ ਨਾਲ ਜੁੜੇ ਸਦਮੇ ਤੋਂ ਜਾਣੂ ਸੀ ਕਿਉਂਕਿ 2022 ਵਿਚ ਜੋਗੀ ਨਾਂ ਦੀ ਫਿਲਮ ਕੀਤੀ ਸੀ ਜਿਸ ਵਿਚ ਉਸ ਨੇ ਜਨਤਕ ਤੌਰ 'ਤੇ ਘਟਨਾਵਾਂ ਨੂੰ ਨਸਲਕੁਸ਼ੀ ਦੱਸਿਆ ਸੀ। 21 ਦਿਨਾਂ ਅੰਦਰ ਦੁਸਾਂਝ ਨੂੰ ਜਵਾਬ ਦੇਣਾ ਪਵੇਗਾ। ਆਪਣੇ ਪੱਖ ਵਿਚ ਅਮਰੀਕਾ ਅਦਾਲਤ ਵਿਚ ਕੀ ਕੁਝ ਰੱਖਦੇ ਹਨ, ਇਹ ਦੇਖਣਾ ਹੋਵੇਗਾ।

ਨੀਟ-ਯੂਜੀ 2026 ਪ੍ਰਸ਼ਨ ਪੱਤਰ ਲੀਕ ਮਾਮਲੇ 'ਚ ਪੁਣੇ ਦੀ ਸਕੂਲ ਅਧਿਆਪਕਾ ਕਾਬੂ; ਹੁਣ ਤੱਕ 11 ਗ੍ਰਿਫ਼ਤਾਰ

ਨਵੀਂ ਦਿੱਲੀ, 22 ਮਈ (ਚ.ਨ.ਸ.): ਸੀਬੀਆਈ ਨੇ ਨੀਟ-ਯੂਜੀ 2026 ਦੇ ਫਿਜ਼ਿਕਸ (ਭੌਤਿਕ ਵਿਗਿਆਨ) ਦਾ ਪ੍ਰਸ਼ਨ ਪੱਤਰ ਲੀਕ ਕਰਨ ਦੇ ਦੋਸ਼ 'ਚ ਇੱਕ ਹੋਰ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੰਨਿਆ ਜਾ ਰਿਹਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਹੀ ਇਸ ਪ੍ਰਸ਼ਨ ਪੱਤਰ ਨੂੰ ਲੀਕ ਕਰਨ ਦਾ ਅਸਲ ਤੇ ਮੁੱਖ ਸਰੋਤ (ਜ਼ਰੀਆ) ਸੀ। ਪੁਣੇ ਦੇ ਸੇਠ ਹੀਰਾਲਾਲ ਸਰਾਫ਼ ਪ੍ਰਸ਼ਾਲਾ ਸਕੂਲ ਵਿੱਚ ਨੌਕਰੀ ਕਰਨ ਵਾਲੀ ਮਨੀਸ਼ਾ ਸੰਜੇ ਹਵਾਲਦਾਰ ਨੂੰ ਸੀਬੀਆਈ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਹ ਗ੍ਰਿਫ਼ਤਾਰੀ ਏਜੰਸੀ ਵੱਲੋਂ ਉਸ ਕੋਲੋਂ ਕੀਤੀ ਗਈ ਡੂੰਘੀ ਪੁੱਛਗਿੱਛ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਕੇਂਦਰੀ ਏਜੰਸੀ ਨੇ ਦੱਸਿਆ ਕਿ ਹਵਾਲਦਾਰ ਨੀਟ-ਯੂਜੀ 2026 ਦੀ ਪ੍ਰਕਿਰਿਆ 'ਚ ਸ਼ਾਮਲ ਸੀ ਤੇ ਉਸ ਨੂੰ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਇੱਕ ਮਾਹਰ (ਐਕਸਪਰਟ) ਵਜੋਂ ਨਿਯੁਕਤ ਕੀਤਾ ਗਿਆ ਸੀ। ਉਸ ਕੋਲ ਫਿਜ਼ਿਕਸ ਦੇ ਪ੍ਰਸ਼ਨ ਪੱਤਰਾਂ ਤੱਕ ਪੂਰੀ ਪਹੁੰਚ ਸੀ। ਅਪ੍ਰੈਲ, 2026 ਵਿੱਚ, ਉਸਨੇ ਪ੍ਰੀਖਿਆ ਦੇ ਫਿਜ਼ਿਕਸ ਸੈਕਸ਼ਨ (ਹਿੱਸੇ) ਦੇ ਕਈ ਪ੍ਰਸ਼ਨ ਸਹਿ-ਮੁਲਜ਼ਮ ਮਨੀਸ਼ਾ ਮੰਧਾਰੇ ਨਾਲ ਸਾਂਝੇ ਕੀਤੇ ਸਨ, ਜਿਸ ਨੂੰ 16 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਦੁਆਰਾ ਸਾਂਝੇ ਕੀਤੇ ਗਏ ਪ੍ਰਸ਼ਨ ਨੀਟ-ਯੂਜੀ 2026 ਦੇ ਫਿਜ਼ਿਕਸ ਪ੍ਰਸ਼ਨ ਪੱਤਰ ਦੇ ਸੈੱਟਾਂ ਨਾਲ ਮੇਲ ਖਾਂਦੇ ਸਨ।

ਇਸ ਮਾਮਲੇ ਵਿੱਚ, ਸੀਬੀਆਈ ਨੇ ਦੇਸ਼ ਭਰ ਵਿੱਚ ਕਈ ਥਾਵਾਂ 'ਤੇ ਛਾਪੇਮਾਰੀ ਵੀ ਕੀਤੀ ਹੈ ਤੇ ਕਈ ਇਤਰਾਜ਼ਯੋਗ ਦਸਤਾਵੇਜ਼, ਲੈਪਟਾਪ, ਬੈਂਕ ਸਟੇਟਮੈਂਟਾਂ ਤੇ ਮੋਬਾਈਲ ਫ਼ੋਨ ਜ਼ਬਤ ਕੀਤੇ ਹਨ। ਜ਼ਬਤ ਕੀਤੀਆਂ ਗਈਆਂ ਚੀਜ਼ਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿੱਚ ਹੁਣ ਤੱਕ ਦਿੱਲੀ, ਜੈਪੁਰ, ਗੁਰੂਗ੍ਰਾਮ, ਨਾਸਿਕ, ਪੁਣੇ, ਲਾਤੂਰ ਅਤੇ ਅਹਿਲਿਆਨਗਰ ਤੋਂ 11 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਸੀਬੀਆਈ ਨੇ ਦੱਸਿਆ ਕਿ ਉਨ੍ਹਾਂ ਦੀਆਂ ਵਿਸ਼ੇਸ਼

ਸੰਪਾਦਕੀ

ਭਾਰਤ ਲਈ ਆਰਥਿਕ ਚੁਣੌਤੀਆਂ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਦੁਆਰਾ ਈਰਾਨ ਵਿਰੁੱਧ ਪੈਦਾ ਹੋਈ ਵਿਸ਼ਵਵਿਆਪੀ ਅਨਿਸ਼ਚਿਤਤਾ ਨੇ ਦੁਨੀਆ ਭਰ ਦੇ ਜ਼ਿਆਦਾਤਰ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤ ਨੇ ਵੀ ਸਪਲਾਈ ਚੇਨ ਵਿਘਨ ਕਾਰਨ ਕਈ ਝਟਕੇ ਮਹਿਸੂਸ ਕੀਤੇ ਹਨ, ਜਿਸ ਦਾ ਸਿੱਧਾ ਅਸਰ ਦੇਸ਼ ਦੇ ਆਰਥਿਕ ਢਾਂਚੇ 'ਤੇ ਪਿਆ ਹੈ। ਇਸ ਦੇ ਬਾਵਜੂਦ, ਭਾਰਤ ਨੇ ਆਪਣੇ ਪੱਧਰ 'ਤੇ ਸਥਿਤੀ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸੇ ਕਰਕੇ ਅੱਗੇ ਆਉਣ ਵਾਲੀਆਂ ਚੁਣੌਤੀਆਂ ਦੇ ਬਾਵਜੂਦ, ਕੁਝ ਸਕਾਰਾਤਮਕ ਸੰਕੇਤ ਅਜੇ ਵੀ ਹਨ। ਵਿਸ਼ਵ ਪੱਧਰ 'ਤੇ ਜ਼ਿਆਦਾਤਰ ਦੇਸ਼ਾਂ ਨੂੰ ਦਰਪੇਸ਼ ਆਰਥਿਕ ਝਟਕਿਆਂ ਦਾ ਪ੍ਰਭਾਵ ਅਜੇ ਵੀ ਫੈਲ ਰਿਹਾ ਹੈ ਅਤੇ ਸ਼ਾਇਦ ਇਹੀ ਕਾਰਨ ਹੈ ਕਿ ਸੰਯੁਕਤ ਰਾਸ਼ਟਰ ਨੇ ਚਿੰਤਾ ਪ੍ਰਗਟ ਕੀਤੀ ਹੈ ਕਿ ਭਾਰਤ ਦੀ ਵਿਕਾਸ ਦਰ ਪ੍ਰਭਾਵਿਤ ਹੋ ਸਕਦੀ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਮਾਮਲਿਆਂ ਦੇ ਵਿਭਾਗ ਦੁਆਰਾ ਮੰਗਲਵਾਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਭਾਰਤ ਦੇ ਆਰਥਿਕ ਵਿਕਾਸ ਦੇ ਅਨੁਮਾਨ ਨੂੰ ਘਟਾ ਦਿੱਤਾ ਗਿਆ ਹੈ। ਰਿਪੋਰਟ ਦੇ ਅਨੁਸਾਰ 2026 ਵਿੱਚ ਭਾਰਤ ਦੀ ਵਿਕਾਸ ਦਰ 6.6 ਪ੍ਰਤੀਸ਼ਤ ਤੋਂ ਘਟ ਕੇ 6.4 ਪ੍ਰਤੀਸ਼ਤ ਹੋ ਸਕਦੀ ਹੈ। ਇਹ ਯਕੀਨੀ ਤੌਰ 'ਤੇ ਭਾਰਤ ਲਈ ਇੱਕ ਚੁਣੌਤੀਪੂਰਨ ਸਮਾਂ ਸਾਬਤ ਹੋ ਸਕਦਾ ਹੈ, ਪਰ ਸੰਯੁਕਤ ਰਾਸ਼ਟਰ ਦਾ ਇਹ ਅਨੁਮਾਨ ਕਿ ਭਾਰਤ ਇਸ ਅਨੁਮਾਨਿਤ ਵਿਕਾਸ ਸੰਸ਼ੋਧਨ ਦੇ ਬਾਵਜੂਦ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵੱਧ ਰਹੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚੋਂ ਇੱਕ ਬਣਿਆ ਰਹੇਗਾ, ਇਹ ਵੀ ਉਮੀਦ ਦੀ ਕਿਰਨ ਹੈ। ਦਰਅਸਲ, ਪੱਛਮੀ ਏਸ਼ੀਆ ਵਿੱਚ ਜੰਗ ਤੋਂ ਬਾਅਦ ਦੀ ਸਥਿਤੀ ਦਾ ਲੰਬੇ ਸਮੇਂ ਤੋਂ ਅਜਿਹਾ ਪ੍ਰਭਾਵ ਪੈਣ ਦੀ ਉਮੀਦ ਕੀਤੀ ਜਾ ਰਹੀ ਸੀ। ਸੱਚਾਈ ਇਹ ਹੈ ਕਿ ਇਸ ਸੰਕਟ ਦਾ ਘੇਰਾ, ਜੋ ਨਾ ਸਿਰਫ਼ ਭਾਰਤ ਲਈ ਸਗੋਂ ਵਿਸ਼ਵ ਅਰਥਵਿਵਸਥਾ ਲਈ ਵੀ ਬੇਮਿਸਾਲ ਸਾਬਤ ਹੋ ਰਿਹਾ ਹੈ, ਹੋਰ ਵੀ ਵਿਸ਼ਾਲ ਹੋ ਸਕਦਾ ਹੈ, ਕਿਉਂਕਿ 2026 ਲਈ ਵਿਸ਼ਵ GDP ਵਿਕਾਸ ਦਰ ਸਿਰਫ਼ 2.5 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਹੈ। ਇਹ ਕੋਈ ਭੇਤ ਨਹੀਂ ਹੈ ਕਿ ਇਸ ਨਾਲ ਜ਼ਿਆਦਾਤਰ ਪ੍ਰਭਾਵਿਤ ਦੇਸ਼ਾਂ ਵਿੱਚ ਵਿਕਾਸ ਦਰ ਹੌਲੀ ਹੋ ਗਈ ਹੈ ਅਤੇ ਦੁਨੀਆ ਭਰ ਵਿੱਚ ਮੁਦਰਾਸਫੀਤੀ ਦੇ ਦਬਾਅ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਆਮ ਲੋਕਾਂ ਦੀ ਕਮਜ਼ੋਰ ਖਰੀਦ ਸ਼ਕਤੀ ਸਿੱਧੇ ਤੌਰ 'ਤੇ ਬਾਜ਼ਾਰ ਨੂੰ ਪ੍ਰਭਾਵਿਤ ਕਰਦੀ ਹੈ, ਜੋ ਨਿਰਮਾਣ ਖੇਤਰ ਤੱਕ ਫੈਲਦੀ ਹੈ। ਨਤੀਜੇ ਵਜੋਂ, ਇਸ ਮੁੱਦੇ ਨੂੰ ਹੱਲ ਕਰਨ ਲਈ ਨੀਤੀਗਤ ਵਿਕਲਪ ਲਗਾਤਾਰ ਸੀਮਤ ਹੁੰਦੇ ਜਾ ਰਹੇ ਹਨ। ਹਾਲਾਂਕਿ, ਵਧ ਰਹੇ ਵਿਸ਼ਵ ਭੂ-ਰਾਜਨੀਤਿਕ ਤਣਾਅ, ਵਧਦੀਆਂ ਊਰਜਾ ਕੀਮਤਾਂ ਅਤੇ ਵਪਾਰ ਅਨਿਸ਼ਚਿਤਤਾ ਭਾਰਤ ਸਮੇਤ ਕਈ ਅਰਥਵਿਵਸਥਾਵਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਰਹੀ ਹੈ। ਈਰਾਨ-ਅਮਰੀਕਾ-ਇਜ਼ਰਾਈਲ ਟਕਰਾਅ ਤੋਂ ਪੈਦਾ ਹੋਈ ਸਥਿਤੀ ਨੇ ਤੇਲ ਆਯਾਤ 'ਤੇ ਨਿਰਭਰ ਦੇਸ਼ਾਂ ਦੀਆਂ ਚਿੰਤਾਵਾਂ ਨੂੰ ਵਧਾ ਦਿੱਤਾ ਹੈ। ਤੱਥ ਇਹ ਹੈ ਕਿ ਈਰਾਨ ਦੁਆਰਾ ਹੋਰਮੁਜ਼ ਜਲਡਮਰੂ ਨੂੰ ਰੋਕਣ ਨਾਲ ਭਾਰਤ ਨੂੰ ਵੀ ਕਾਫ਼ੀ ਨੁਕਸਾਨ ਹੋਇਆ ਹੈ। ਜਦੋਂ ਕਿ ਭਾਰਤ ਨੇ ਤੇਲ ਆਯਾਤ ਲਈ ਵਿਕਲਪ ਲੱਭਣ ਦੀ ਕੋਸ਼ਿਸ਼ ਕੀਤੀ ਹੈ ਅਤੇ ਕੁਝ ਹੋਰ ਦੇਸ਼ਾਂ ਨਾਲ ਕੂਟਨੀਤਕ ਗੱਲਬਾਤ ਸਥਾਪਤ ਕੀਤੀ ਹੈ, ਵਿਘਨ ਪਈ ਸਪਲਾਈ ਲੜੀ ਅਰਥਵਿਵਸਥਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੀ ਹੈ। ਸਿੱਟੇ ਵਜੋਂ, ਭਾਰਤ ਦੀ ਵਿਕਾਸ ਦਰ ਨੂੰ ਵਧਦੀ ਊਰਜਾ ਦਰਾਮਦ ਲਾਗਤਾਂ ਅਤੇ ਇਸਦੀ ਵਿੱਤੀ ਸਥਿਤੀ 'ਤੇ ਲਗਾਤਾਰ ਵੱਧ ਰਹੇ ਦਬਾਅ ਕਾਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਸੁਭਾਵਿਕ ਹੈ। ਹਾਲਾਂਕਿ, ਇਸ ਸਥਿਤੀ ਨੂੰ ਹੱਲ ਕਰਨਾ ਸਰਕਾਰ ਦੀ ਨਵੇਂ ਵਿਕਲਪਾਂ 'ਤੇ ਸਪੱਸ਼ਟਤਾ ਅਤੇ ਪਹਿਲ ਕਰਨ ਦੀ ਇੱਛਾ 'ਤੇ ਨਿਰਭਰ ਕਰਦਾ ਹੈ। ਭੂ-ਰਾਜਨੀਤਿਕ ਉਥਲ-ਪੁਥਲ ਅਤੇ ਪੱਛਮੀ ਏਸ਼ੀਆ ਵਿੱਚ ਯੁੱਧ ਤੋਂ ਪੈਦਾ ਹੋਏ ਸੰਕਟ ਦੇ ਵਿਚਕਾਰ, ਭਾਰਤ ਵੀ ਕਈ ਅਨਿਸ਼ਚਿਤਤਾਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਸਥਿਤੀ ਵਿੱਚ ਵਿਸ਼ਵ ਏਜੰਸੀਆਂ ਦੀਆਂ ਵੱਖ-ਵੱਖ ਰਿਪੋਰਟਾਂ ਭਾਰਤ ਦੀ ਵਿਕਾਸ ਦਰ ਵਿੱਚ ਗਿਰਾਵਟ ਦਾ ਸੰਕੇਤ ਦਿੰਦੀਆਂ ਹਨ। ਹੁਣ, ਦੇਸ਼ ਵਿੱਚ ਵਧਦੀ ਮਹਿੰਗਾਈ ਕਾਰਨ ਇਹ ਚੁਣੌਤੀ ਹੋਰ ਵੀ ਵੱਧਦੀ ਜਾਪਦੀ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਹਾਲ ਹੀ ਵਿੱਚ ਤਿੰਨ ਰੁਪਏ ਦਾ ਵਾਧਾ, ਪ੍ਰਚੂਨ ਅਤੇ ਥੋਕ ਮਹਿੰਗਾਈ ਦਰਾਂ ਵਿੱਚ ਕ੍ਰਮਵਾਰ 3.48 ਪ੍ਰਤੀਸ਼ਤ ਅਤੇ 8.3 ਪ੍ਰਤੀਸ਼ਤ ਦਾ ਵਾਧਾ, ਨਿਰਯਾਤ ਵਿੱਚ ਗਿਰਾਵਟ ਅਤੇ ਆਯਾਤ ਲਾਗਤਾਂ ਵਿੱਚ ਵਾਧੇ ਨੇ ਅਰਥਵਿਵਸਥਾ 'ਤੇ ਦਬਾਅ ਪਾਇਆ ਹੈ।

-ਜਗਜੀਤ ਸਿੰਘ ਦਰਦੀ

ਅੱਜ ਦੇਸ਼ ਵਿੱਚ ਸੰਵਿਧਾਨ, ਪ੍ਰਗਟਾਵੇ ਦੀ ਆਜ਼ਾਦੀ ਅਤੇ ਭਾਰਤੀ ਲੋਕਤੰਤਰ ਦਾ ਵਰਤਮਾਨ ਸੰਕਟ

ਕੀ ਅੱਜ ਭਾਰਤੀ ਸਮਾਜ ਸੰਵਿਧਾਨਕ ਮੁੱਲਾਂ ਦੇ ਨਾਲ ਖੜ੍ਹਾ ਹੈ
ਅੱਜ ਪ੍ਰਗਟਾਵੇ ਦੀ ਆਜ਼ਾਦੀ : ਲੋਕਤੰਤਰ ਦੀ ਪਹਿਲੀ ਸ਼ਰਤ

ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਦੇਸ਼ ਵਿੱਚ ਸੰਵਿਧਾਨ ਦੀ ਚਰਚਾ ਹੈ। ਵਿਸ਼ੇਸ਼ਕਰ ਰਾਜਨੀਤਿਕ ਪਾਰਟੀਆਂ ਦੇ ਨੇਤਾ ਸੰਵਿਧਾਨ ਦੀ ਕਾਪੀ ਹੱਥ ਵਿੱਚ ਪਕੜ ਕੇ ਸ਼ੋਰ ਮਚਾਉਂਦੇ ਹਨ। ਕੀ ਅੱਜ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਤੋਂ ਇਹ ਪੁੱਛਿਆ ਜਾ ਸਕਦਾ ਹੈ ਕਿ ਉਹਨਾਂ ਨੇ ਕਦੀ ਖੋਲ੍ਹ ਕੇ ਸੰਵਿਧਾਨ ਨੂੰ ਪੜ੍ਹਿਆ ਵੀ ਹੈ । ਇਸ ਸਵਾਲ ਦਾ ਉੱਤਰ ਵਿਚਲਿਤ ਕਰ ਸਕਦਾ ਹੈ।

ਅੱਜ ਭਾਰਤ ਦਾ ਸੰਵਿਧਾਨ ਸਿਰਫ਼ ਕਾਨੂੰਨੀ ਦਸਤਾਵੇਜ਼ ਨਹੀਂ, ਇਹ ਇੱਕ ਸਭਿਆਚਾਰਕ ਵਚਨਬੱਧਤਾ ਹੈ। ਇਹ ਉਹ ਸਾਂਝਾ ਸਮਝੌਤਾ ਹੈ, ਜਿਸਨੇ ਇੱਕ ਵਿਭਿੰਨਤਾ ਭਰੇ ਦੇਸ਼ ਨੂੰ ਇੱਕ ਲੋਕਤਾਂਤਰਿਕ ਗਣਰਾਜ ਵਿੱਚ ਬਦਲਿਆ। ਇਸ ਸੰਵਿਧਾਨ ਦੀ ਆਤਮਾ ਵਿੱਚ ਸਭ ਤੋਂ ਕੇਂਦਰੀ ਸਥਾਨ ਜੇ ਕਿਸੇ ਅਧਿਕਾਰ ਦਾ ਹੈ ਤਾਂ ਉਹ ਹੈ ਵਿਚਾਰ ਅਤੇ ਅਭਿਵਕਤੀ ਦੀ ਆਜ਼ਾਦੀ। ਜਦੋਂ ਜਸਟਿਸ ਨਾਗਰਤਨਾ ਵਰਗੇ ਸੁਪਰੀਮ ਕੋਰਟ ਦੇ ਜੱਜ ਇਹ ਕਹਿੰਦੇ ਹਨ ਕਿ ਧਾਰਾ 19(1)(a) ਦੇ ਤਹਿਤ ਪ੍ਰਗਟਾਵੇ ਦੀ ਆਜ਼ਾਦੀ ਅੱਜ ਪਹਿਲਾਂ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਹੋ ਗਈ ਹੈ, ਤਾਂ ਇਹ ਸਿਰਫ਼ ਇੱਕ ਕਾਨੂੰਨੀ ਟਿੱਪਣੀ ਨਹੀਂ ਰਹਿੰਦੀ; ਇਹ ਵਰਤਮਾਨ ਭਾਰਤੀ ਲੋਕਤੰਤਰ ਦੀ ਸਥਿਤੀ ਬਾਰੇ ਇੱਕ ਗੰਭੀਰ ਚੇਤਾਵਨੀ ਬਣ ਜਾਂਦੀ ਹੈ। ਅੱਜ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਦੇਸ਼ ਦੇ ਅੰਦਰ ਵਿਚਾਰਾਂ ਦੀ ਅਸਹਿਮਤੀ, ਰਾਜਨੀਤਿਕ ਵਿਰੋਧ, ਮੀਡੀਆ ਦੀ ਆਜ਼ਾਦੀ, ਨਿਆਂਪਾਲਿਕਾ ਦੀ ਸਵੈਤੰਤਰਤਾ ਅਤੇ ਨਾਗਰਿਕ ਅਧਿਕਾਰਾਂ ਨੂੰ ਲੈ ਕੇ ਵੱਡੀ ਚਰਚਾ ਚੱਲ ਰਹੀ ਹੈ। ਇਸ ਲਈ ਜਸਟਿਸ ਨਾਗਰਥਨਾ ਦੀ ਇਹ ਟਿੱਪਣੀ ਰਸਮੀ ਗੱਲ ਨਹੀਂ, ਸਗੋਂ ਭਾਰਤੀ ਲੋਕਤੰਤਰ ਦੇ ਵਰਤਮਾਨ ਚਿਹਰੇ ਦਾ ਦਰਪਣ ਹੈ।

ਅੱਜ ਅਭਿਵਕਤੀ ਦੀ ਆਜ਼ਾਦੀ ਲੋਕਤੰਤਰ ਦੀ ਪਹਿਲੀ ਸ਼ਰਤ ਹੈ।

ਭਾਰਤੀ ਸੰਵਿਧਾਨ ਦੀ ਧਾਰਾ 19 (1) (a) ਹਰ ਨਾਗਰਿਕ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਿੰਦੀ ਹੈ। ਇਹ ਹੱਕ ਸਿਰਫ਼ ਬੋਲਣ ਦਾ ਨਹੀਂ, ਸਵਾਲ ਪੁੱਛਣ ਦਾ ਵੀ ਹੈ। ਇਹ ਸਰਕਾਰ ਦੀ ਆਲੋਚਨਾ ਕਰਨ, ਸਮਾਜਿਕ ਅਨਿਆਇ ਦੇ ਖ਼ਿਲਾਫ਼ ਖੜ੍ਹਨ ਅਤੇ ਰਾਜਨੀਤਿਕ ਵਿਰੋਧ ਪ੍ਰਗਟ ਕਰਨ ਦਾ ਸੰਵਿਧਾਨਕ ਹੱਕ ਹੈ।

ਪਰ ਅੱਜ ਭਾਰਤ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਹ ਆਜ਼ਾਦੀ ਅਸਲ ਵਿੱਚ ਬਚੀ ਹੋਈ ਹੈ?

ਅੱਜ ਦੇਸ਼ ਦੇ ਅੰਦਰ ਪਿਛਲੇ ਕੁਝ ਸਾਲਾਂ ਵਿੱਚ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ ਜਿੱਥੇ ਪੱਤਰਕਾਰਾਂ, ਵਿਦਿਆਰਥੀਆਂ, ਸਮਾਜਿਕ ਕਾਰਕੁੰਨਾਂ, ਲੇਖਕਾਂ ਅਤੇ ਵਿਰੋਧੀ ਵਿਚਾਰ ਰੱਖਣ ਵਾਲੇ ਲੋਕਾਂ 'ਤੇ ਰਾਸ਼ਟਰਵਿਰੋਧ, ਯੂਏਪੀਏ ਜਾਂ ਹੋਰ ਕਠੋਰ ਕਾਨੂੰਨਾਂ ਦੇ ਤਹਿਤ ਕਾਰਵਾਈ ਕੀਤੀ ਗਈ। ਕਈ ਮਾਮਲਿਆਂ ਵਿੱਚ ਸਜ਼ਾ ਨਹੀਂ ਹੋਈ, ਪਰ ਸਾਲਾਂ ਤੱਕ ਜੇਲ੍ਹ ਵਿੱਚ ਰੱਖਣਾ ਆਪ ਵਿੱਚ ਸਜ਼ਾ ਬਣ ਗਿਆ ਹੈ । ਅੱਜ ਇੱਥੇ ਹੀ ਜਸਟਿਸ ਨਾਗਰਥਨਾ ਦੀ ਟਿੱਪਣੀ ਮਹੱਤਵਪੂਰਨ ਬਣ ਜਾਂਦੀ ਹੈ। ਉਹ ਸਪੱਸ਼ਟ ਕਰਦ ਹਨ ਕਿ ਵੱਖਰੇ ਵਿਚਾਰਾਂ ਨੂੰ ਸਿਰਫ਼ ਸਹਿਣ ਨਹੀਂ, ਸੁਣਿਆ ਅਤੇ ਪ੍ਰਗਟ ਹੋਣ ਦਿੱਤਾ ਜਾਣਾ ਚਾਹੀਦਾ ਹੈ। ਅੱਜ ਲੋਕਤੰਤਰ ਦੀ ਅਸਲ ਤਾਕਤ ਵਿਰੋਧ ਦੀ ਆਵਾਜ਼ ਨੂੰ ਕੁਚਲਣ ਵਿੱਚ ਨਹੀਂ, ਉਸਨੂੰ ਸੁਣਨ ਵਿੱਚ ਹੁੰਦੀ ਹੈ। ਕੀ ਅੱਜ ਭਾਰਤ ਵਿੱਚ ਅਸਹਿਮਤੀ ਨੂੰ **'ਖ਼ਤਰਾ'** ਸਮਝਿਆ ਜਾਣ ਲੱਗਾ ਹੈ? ਵਰਤਮਾਨ ਰਾਜਨੀਤਿਕ ਦੌਰ ਵਿੱਚ ਇੱਕ ਨਵਾਂ ਮਨੋਵਿਗਿਆਨ ਤਿਆਰ ਹੋਇਆ ਹੈ, ਜਿੱਥੇ ਸਰਕਾਰ ਜਾਂ ਸੱਤਾ ਨਾਲ ਅਸਹਿਮਤੀ ਨੂੰ ਕਈ ਵਾਰ **"ਰਾਸ਼ਟਰ ਵਿਰੋਧ"** ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਸੋਸ਼ਲ ਮੀਡੀਆ ਦੇ ਯੁੱਗ ਵਿੱਚ ਇਹ ਧਰੁਵੀਕਰਨ ਹੋਰ ਵਧਿਆ ਹੈ।

ਅੱਜ ਕਿਸੇ ਵੀ ਲੋਕਤੰਤਰ ਵਿੱਚ ਸਵਾਲ ਪੁੱਛਣਾ ਦੇਸ਼ ਵਿਰੋਧ ਨਹੀਂ ਹੁੰਦਾ। ਪਰ ਜਦੋਂ ਰਾਜਨੀਤਿਕ ਭਾਸ਼ਾ ਵਿੱਚ **"ਵਿਰੋਧੀ"** ਅਤੇ **"ਦੁਸ਼ਮਣ"** ਵਿਚਕਾਰ ਦੀ ਲਕੀਰ ਮਿਟਣ ਲੱਗ ਜਾਵੇ ਤਾਂ ਲੋਕਤੰਤਰ ਦੀ ਆਤਮਾ ਖ਼ਤਰੇ ਵਿੱਚ ਪੈ ਜਾਂਦੀ ਹੈ। ਅੱਜ ਇਹ ਸਿਰਫ਼ ਭਾਰਤ ਦੀ ਸਮੱਸਿਆ ਨਹੀਂ, ਦੁਨੀਆ ਦੇ ਕਈ ਲੋਕਤੰਤਰਾਂ ਵਿੱਚ ਇਹ ਰੁਝਾਨ ਵਧਿਆ ਹੈ। ਪਰ ਭਾਰਤ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇੱਥੇ ਸੰਵਿਧਾਨ ਨੇ ਬਹੁਵਚਨਤਾ, ਵਿਭਿੰਨਤਾ ਅਤੇ ਅਸਹਿਮਤੀ ਨੂੰ ਇੱਕ ਤਾਕਤ ਵਜੋਂ ਸਵੀਕਾਰਿਆ ਸੀ। ਇਸੇ ਲਈ ਸੰਵਿਧਾਨ ਨਿਰਮਾਤਾਵਾਂ ਨੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਮੂਲ ਅਧਿਕਾਰ ਬਣਾਇਆ ਹੈ।

ਅੱਜ ਜੇ ਲੋਕ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਨ ਤੋਂ ਡਰਦੇ ਹਨ, ਜੇ ਪੱਤਰਕਾਰ ਆਪਣੇ ਸ਼ਬਦ ਤੋਲ ਕੇ ਲਿਖਦੇ ਹਨ, ਜੇ ਯੂਨੀਵਰਸਿਟੀਆਂ ਵਿੱਚ ਵਿਚਾਰਧਾਰਕ ਖੁੱਲ੍ਹਾਪਣ ਘਟਦਾ ਹੈ, ਤਾਂ ਇਹ ਸਿਰਫ਼ ਵਿਅਕਤੀ ਦੀ ਨਹੀਂ, ਸੰਵਿਧਾਨ ਦੀ ਹਾਰ ਹੈ।

ਅੱਜ ਨਿਆਂਪਾਲਿਕਾ ਦੀ ਭੂਮਿਕਾ ਹੀ ਆਖ਼ਰੀ ਉਮੀਦ ਹੈ। ਅੱਜ ਭਾਰਤੀ ਲੋਕਤੰਤਰ ਵਿੱਚ ਨਿਆਂਪਾਲਿਕਾ ਨੂੰ ਹਮੇਸ਼ਾ **"ਸੰਵਿਧਾਨ ਦਾ ਰਖਵਾਲਾ"** ਮੰਨਿਆ ਗਿਆ ਹੈ। ਜਦੋਂ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿੱਚ ਅਧਿਕਾਰਾਂ ਦਾ ਸੰਤੁਲਨ ਡਗਮਗਾਉਂਦਾ ਹੈ, ਤਦ ਸੁਪਰੀਮ ਕੋਰਟ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸੰਵਿਧਾਨ ਦੀ ਆਤਮਾ ਦੀ ਰੱਖਿਆ ਕਰੇਗੀ।

ਇਸ ਸੰਦਰਭ ਵਿੱਚ ਇੰਦਰਾਂ ਜੈ ਸਿੰਘ ਦੀ ਉਹ ਟਿੱਪਣੀ ਵੀ ਮਹੱਤਵਪੂਰਨ ਹੈ ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਜੇ ਰਾਜ ਨਿਰਧਾਰਤ ਸਮੇਂ ਵਿੱਚ ਨਿਰਪੱਖ ਸੁਣਵਾਈ ਨਹੀਂ ਦੇ ਸਕਦਾ ਤਾਂ ਕਿਸੇ ਨੂੰ ਲੰਬੇ ਸਮੇਂ ਤੱਕ ਹਿਰਾਸਤ ਵਿੱਚ ਰੱਖਣ ਦਾ ਹੱਕ ਨਹੀਂ ਹੋਣਾ ਚਾਹੀਦਾ। ਅੱਜ ਇਹ ਗੱਲ ਸਿਰਫ਼ ਇੱਕ ਕੇਸ ਦੀ ਨਹੀਂ, ਸਗੋਂ ਨਿਆਂ ਦੇ ਮੂਲ ਸਿਧਾਂਤ ਦੀ ਹੈ। **"ਬੇਲ ਨਾਟ ਜੇਲ੍ਹ"** ਦੀ ਸੰਵਿਧਾਨਕ ਧਾਰਣਾ ਭਾਰਤੀ ਕਾਨੂੰਨ ਦਾ ਅਹਿਮ ਹਿੱਸਾ ਰਹੀ ਹੈ। ਪਰ ਵਰਤਮਾਨ ਸਮੇਂ ਵਿੱਚ ਕਈ ਮਾਮਲਿਆਂ ਵਿੱਚ ਜ਼ਮਾਨਤ ਹੀ ਸਭ ਤੋਂ ਮੁਸ਼ਕਲ ਕਾਨੂੰਨੀ ਲੜਾਈ ਬਣ ਗਈ ਹੈ। ਅੱਜ ਇਸ ਨਾਲ ਇੱਕ ਵੱਡਾ ਸਵਾਲ ਉੱਠਦਾ ਹੈ — ਕੀ ਨਿਆਂ ਵਿੱਚ ਦੇਰੀ ਹੁਣ ਨਿਆਂ ਤੋਂ ਵੰਚਿਤ ਕਰਨ ਦਾ ਸਾਧਨ ਬਣ ਰਹੀ ਹੈ? ਅੱਜ ਭਾਰਤੀ ਅਦਾਲਤਾਂ ਵਿੱਚ ਕਰੋੜਾਂ ਕੇਸ ਲੰਬਿਤ ਹਨ। ਨੀਚਲੀਆਂ ਅਦਾਲਤਾਂ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਮਾਮਲਿਆਂ ਦੀ ਭਾਰੀ ਭੀੜ ਹੈ। ਇੱਕ ਆਮ ਨਾਗਰਿਕ ਲਈ ਨਿਆਂ ਪ੍ਰਾਪਤ ਕਰਨਾ ਬਹੁਤ ਮਹਿੰਗਾ ਅਤੇ ਸਮੇਂ-ਖਪਤ ਹੋ ਗਿਆ ਹੈ। ਇਸ ਦੌਰ ਵਿੱਚ ਜਦੋਂ ਕੋਈ ਵਿਅਕਤੀ ਬਿਨਾਂ ਸਜ਼ਾ ਸਾਲਾਂ ਤੱਕ ਜੇਲ੍ਹ ਵਿੱਚ ਰਹਿੰਦਾ ਹੈ ਤਾਂ ਲੋਕਤੰਤਰ ਦਾ ਨੈਤਿਕ ਚਿਹਰਾ ਸਵਾਲਾਂ ਦੇ ਘੇਰੇ ਵਿੱਚ ਆ ਜਾਂਦਾ ਹੈ।

ਕੀ ਅੱਜ ਭਾਰਤੀ ਸਮਾਜ ਸੰਵਿਧਾਨਕ ਮੁੱਲਾਂ ਦੇ ਨਾਲ ਖੜ੍ਹਾ ਹੈ?

ਅੱਜ ਧਰਮ, ਜਾਤੀ, ਭਾਸ਼ਾ ਅਤੇ ਖੇਤਰੀ ਧਰੁਵੀਕਰਨ ਦੀ ਰਾਜਨੀਤੀ ਨੇ ਸਮਾਜ ਨੂੰ ਵੰਡਿਆ ਹੈ। ਸੋਸ਼ਲ ਮੀਡੀਆ ਨੇ ਵਿਚਾਰ-ਵਟਾਂਦਰੇ ਦੀ ਥਾਂ ਅਕਸਰ ਘ੍ਰਿਣਾ ਅਤੇ ਟਰੋਲ ਸੰਸਕ੍ਰਿਤੀ ਨੂੰ ਵਧਾਇਆ ਹੈ। ਸਿਆਸੀ ਪਾਰਟੀਆਂ ਵੀ ਅਕਸਰ ਨਾਗਰਿਕਤਾ ਦੀ ਥਾਂ ਭਾਵਨਾਤਮਕ ਧਰੁਵੀਕਰਨ ਨੂੰ ਚੋਣ ਹਥਿਆਰ ਬਣਾਉਂਦੀਆਂ ਹਨ।

ਅੱਜ ਇਸ ਮਾਹੌਲ ਵਿੱਚ ਸੰਵਿਧਾਨਕ ਚੇਤਨਾ ਕਮਜ਼ੋਰ ਹੋਣ ਲੱਗਦੀ ਹੈ। ਡਾ. ਭੀਮਰਾਓ ਅੰਬੇਡਕਰ ਨੇ ਸੰਵਿਧਾਨ ਬਣਾਉਂਦੇ ਸਮੇਂ ਚੇਤਾਵਨੀ ਦਿੱਤੀ ਸੀ ਕਿ ਜੇ ਭਾਰਤ ਨੇ ਸੰਵਿਧਾਨਕ ਨੈਤਿਕਤਾ ਨਹੀਂ ਅਪਣਾਈ ਤਾਂ ਲੋਕਤੰਤਰ ਸਿਰਫ਼ ਇੱਕ ਰਾਜਨੀਤਿਕ ਢਾਂਚਾ ਬਣ ਕੇ ਰਹਿ ਜਾਵੇਗਾ। ਅੱਜ ਉਹ ਚੇਤਾਵਨੀ ਪਹਿਲਾਂ ਨਾਲੋਂ ਵੱਧ ਪ੍ਰਸੰਗਿਕ ਦਿਖਾਈ ਦਿੰਦੀ ਹੈ। ਅੱਜ ਮੀਡੀਆ, ਡਿਜ਼ੀਟਲ ਯੁੱਗ ਅਤੇ ਸੱਚ ਦਾ

ਸ਼ਹੀਦੀ ਸਾਕਾ ਗੁਰਦੁਆਰਾ ਪਾਉਂਟਾ ਸਾਹਿਬ

ਧਰਮਿੰਦਰ ਸਿੰਘ(ਚੱਬਾ)
9781751690

ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ (ਪਾਂਵਟਾ ਸਾਹਿਬ) ਉਹ ਪਵਿੱਤਰ ਅਸਥਾਨ ਹੈ, ਜਿੱਥੇ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ 17 ਵੈਸਾਖ (20 ਅਪ੍ਰੈਲ 1685 ਈ.) ਨੂੰ ਨਾਹਨ ਰਿਆਸਤ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਬੇਨਤੀ ਕਰਨ ਤੇ ਨਾਹਨ ਪੁੱਜੇ ਸਨ। ਇਹ ਗੁਰਦੁਆਰਾ ਸਾਹਿਬ ਨਾਹਨ, ਜ਼ਿਲ੍ਹਾ ਸਿਰਮੌਰ ਜਮੁਨਾ ਨਦੀ ਦੇ ਤੱਟ 'ਤੇ ਸਥਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ 'ਚ ਪਾਂਵਟਾ ਦਾ ਅਰਥ ਜਿੱਥੇ ਪੈਰ ਅਟਕ ਜਾਵੇ ਦੱਸਦੇ ਹਨ। ਗੁਰੂ ਜੀ ਰਾਜਾ ਮੇਦਨੀ ਪ੍ਰਕਾਸ਼ ਨਾਲ ਸੈਰ 'ਤੇ ਜਾ ਰਹੇ ਸਨ ਤਾਂ ਅਚਾਨਕ ਘੋੜੇ ਦਾ ਪੈਰ ਅਟਕ ਗਿਆ। ਉਹ ਚੁੱਪਚਾਪ ਖਲੋਤਾ ਰਿਹਾ। ਗੁਰੂ ਜੀ ਨੇ ਰਮਣੀਕ ਥਾਂ ਜਾਣ ਇੱਥੇ ਟਿਕਾਣਾ ਕੀਤਾ। ਗੁਰੂ ਜੀ ਨੇ ਰਾਜਾ ਨਾਹਨ ਤੋਂ ਕਿਆਰ ਦੂਨ (ਵਾਦੀ) 'ਚ ਜ਼ਮੀਨ ਲੈ ਕੇ ਸੰਮਤ 1742 ਵਿਚ ਕਿਲ੍ਹਾ ਬਣਵਾਇਆ, ਜਿਸ ਦਾ ਨਾਂਅ ਪਾਂਵਟਾ ਰੱਖਿਆ। ਭੰਗਾਣੀ ਦੀ ਜੰਗ ਇਸ ਕਿਲ੍ਹੇ 'ਚ ਰਹਿਣ ਸਮੇਂ ਹੋਈ ਸੀ। ਇਸ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੋਰ ਵੀ ਇਤਿਹਾਸਕ ਗੁਰਦੁਆਰੇ ਹਨ।

ਉਕਤ ਅਸਥਾਨ ਦੀ ਨੀਂਹ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਦੀ ਵੰਸ਼ 'ਚੋਂ ਭਾਈ ਰਾਮ ਕੰਵਰ ਜੀ ਤੋਂ 28 ਅਪ੍ਰੈਲ 1685 ਈ. 'ਚ ਰਖਵਾਈ ਸੀ। ਇਸ ਅਸਥਾਨ ਤੇ ਗੁਰੂ ਸਾਹਿਬ ਚਾਰ ਸਾਲ ਰਹੇ। ਕਹਿੰਦੇ ਹਨ ਕਿ ਸ਼ੇਰ ਮਚਾਉਂਦੀ ਯਮੁਨਾ ਵੀ ਇਸ ਜਗ੍ਹਾ ਤੋਂ ਸ਼ਾਂਤ ਹੋ ਕੇ ਗੁਜ਼ਰਦੀ ਹੈ। ਇਸ ਜਗ੍ਹਾ 'ਤੇ ਹੀ ਪੀਰ ਬੁੱਧੂ ਸ਼ਾਹ ਨੇ ਆਪਣੇ ਚਾਰ ਪੁੱਤਰ ਸਤਿਗੁਰਾਂ ਦੇ ਚਰਨਾਂ ਤੋਂ ਕੁਰਬਾਨ ਸ਼ਹੀਦੀ ਮਰਵਾਈ ਹੋਸ਼ ਗੁਰਦੁਆਰਾ ਪਾਉਂਟਾ ਸਾਹਿਬ ਦਾ ਸ਼ਹੀਦੀ ਸਾਕਾ ਕਰਕੇ ਕੰਘੇ ਤੇ ਕੇਸਾਂ ਦੀ ਦਾਤ ਮੰਗੀ ਸੀ।ਜੇ ਅੱਜ ਤੋਂ ਕੋਈ 55 ਕੁ ਵਰ੍ਹੇ ਪਿਛਾਂਹ ਭਾਵ ਸਨ 1964 ਵੱਲ ਝਾਤੀ ਮਾਰੀਏ ਤਾਂ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਦੋਂ ਮਹੰਤ ਗੁਰਦੁਆਰਿਆਂ 'ਚ ਮਨ ਆਈਆਂ ਕਰ ਰਹੇ ਸਨ ਤਾਂ ਪੰਥ ਦਰਦੀਆਂ, ਗੁਰਸਿੱਖਾਂ, ਨਿਹੰਗ ਸਿੰਘਾਂ, ਧਾਰਮਿਕ ਸੰਸਥਾਵਾਂ, ਜੁਝਾਰੂ ਜਥੇਬੰਦੀਆਂ ਤੇ ਹੋਰ ਸਿੱਖ ਸੰਗਤਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲੋਂ ਪੰਥਕ ਹੱਥਾਂ ਚ ਦੇਣ ਦਾ ਗੁਰਮਤਾ ਪਾਸ ਕੀਤਾ ਗਿਆ ਸੀ । ਇਸ ਸਮੇਂ ਗੁਰਦੁਆਰਾ ਪਾਉਂਟਾ ਸਾਹਿਬ ਦੀ ਸਾਂਭ-ਸੰਭਾਲ ਮਹੰਤ ਲਹਿਣਾ ਸਿੰਘ ਦੇ ਹੱਥਾਂ 'ਚ ਸੀ। ਲਹਿਣਾ ਸਿੰਘ ਇਕ ਚੰਗਾ ਇਨਸਾਨ ਸੀ। ਜਦ ਉਸ ਨੂੰ ਇਸ ਪਾਸ ਕੀਤੇ ਗੁਰਮਤੇ ਬਾਰੇ ਪਤਾ ਲੱਗਾ ਤਾਂ ਉਹ ਆਪਣੇ-ਆਪ ਹੀ ਗੁਰਦੁਆਰਾ ਸਾਹਿਬਦੀਆਂ ਚਾਬੀਆਂ ਲੈ ਕੇ ਸ਼੍ਰੋਮਣੀ ਕਮੇਟੀ ਕੋਲ ਅੰਮ੍ਰਿਤਸਰ ਸਾਹਿਬ ਪਹੁੰਚ ਗਿਆ। ਉਸ ਦੀ ਇਸ ਇਮਾਨਦਾਰੀ ਨੂੰ ਮੁੱਖ ਰੱਖਦਿਆਂ ਪ੍ਰਬੰਧਕਾਂ ਨੇ ਵੱਖਰਾ ਮਤਾ ਪਾਸ ਕਰਕੇ ਗੁਰਦੁਆਰਾ ਪਾਉਂਟਾ ਸਾਹਿਬ ਦੀ ਸਾਂਭ-ਸੰਭਾਲ ਦਾ ਜ਼ਿੰਮਾ ਇਨ੍ਹਾਂ ਕੋਲ ਹੀ ਰਹਿਣ ਦਿੱਤਾ। ਮਹੰਤ ਲਹਿਣਾ ਸਿੰਘ ਤੋਂ ਬਾਅਦ ਉਨ੍ਹਾਂ ਦਾ ਪੁੱਤਰ ਗੁਰਦਿਆਲ ਸਿੰਘ ਮਹੰਤ ਬਣਿਆ। ਪਰ ਉਹ ਗੁਰਦੁਆਰੇ ਵਿਚ ਮਨ ਆਈਆਂ ਤੇ ਮਾੜੀਆਂ ਹਰਕਤਾਂ ਕਰਨ ਲੱਗ ਪਿਆ। ਉਹ ਸਰਕਾਰੇ-ਦਰਬਾਰੇ ਆਪਣੀ ਪਹੁੰਚ ਵਧਾਉਣ ਲੱਗਾ। ਜਦ ਪ੍ਰਬੰਧਕਾਂ ਨੇ ਉਸ ਤੋਂ ਚਾਬੀਆਂ ਵਾਪਸ ਮੰਗੀਆਂ ਤਾਂ ਉਸ ਨੇ ਨਾਂਹ ਕਰ ਦਿੱਤੀ ਤੇ ਡਰਾਉਣ-ਧਮਕਾਉਣ ਲੱਗ ਪਿਆ। ਗੁਰਦੁਆਰਾ ਪਾਉਂਟਾ ਸਾਹਿਬ ਦੇ ਆਲੇ-ਦੁਆਲੇ ਦੀਆਂ ਸਿੱਖ ਸੰਗਤਾਂ ਮਹੰਤ ਦੇ ਕਾਰਨਾਮਿਆਂ ਤੋਂ ਦੁਖੀ ਸਨ । ਸਿੱਖ ਸੰਗਤਾਂ ਇਕੱਠੀਆਂ ਹੋ ਕੇ ਮਿਸਲ ਸ਼ਹੀਦਾਂ ਤਰਨਾ ਦਲ ਗੁਰਦੁਆਰਾ ਹਰੀਆਂ ਵੇਲਾਂ ਵਾਲੇ ਬਾਬਾ ਹਰਭਜਨ ਸਿੰਘ ਤੇ ਬੁੱਢਾ ਦਲ ਦੇ ਜਥੇਦਾਰ ਬਾਬਾ ਚੇਤ ਸਿੰਘ ਕੋਲ ਪਹੁੰਚੀਆਂ ਅਤੇ ਮਹੰਤ ਗੁਰਦਿਆਲ ਸਿੰਘ ਦੀਆਂ ਕਰਤੂਤਾਂ ਬਾਰੇ ਜਾਣਕਾਰੀ ਦਿੱਤੀ। ਸਿੱਖ ਸੰਗਤ ਨੇ ਦੋਵੇਂ ਜਥੇਦਾਰਾਂ ਨੂੰ ਗੁਰਦੁਆਰਾ ਸਾਹਿਬ ਨੂੰ ਮਹੰਤ ਦੇ ਸ਼ਿਕੰਜੇ 'ਚੋਂ ਆਜ਼ਾਦ ਕਰਾਉਣ ਦੀ ਬੇਨਤੀ ਕੀਤੀ। ਜਥੇਦਾਰਾਂ ਨੇ ਭਰੋਸਾ ਦਿੱਤਾ ਕਿ ਜਲਦ ਹੀ ਗੁਰਦੁਆਰਾ ਸਾਹਿਬ ਨੂੰ ਇਸ ਮਹੰਤ ਤੋਂ ਆਜ਼ਾਦ ਕਰਾ ਲਿਆ ਜਾਵੇਗਾ। ਹੋਲੇ-ਮਹੱਲੇ ਤੋਂ ਬਾਅਦ 10 ਮਾਰਚ 1964 ਨੂੰ ਉੱਥੇ ਪਹੁੰਚ ਕੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਲਈ 101 ਅਖੰਡ ਪਾਠਾਂ ਦੀ ਲੜੀ ਆਰੰਭ ਕਰ ਦਿੱਤੀ ਗਈ। ਬਾਬਾ ਜੀ ਨੇ ਸਭ ਸਿੱਖ ਸੰਗਤਾਂ ਨੂੰ ਸ਼ਾਂਤਮਈ ਰੋਸ ਪ੍ਰਦਰਸ਼ਨ ਦੀ ਬੇਨਤੀ ਕੀਤੀ। ਸਰਕਾਰ ਨੇ ਬਾਬਾ ਹਰਭਜਨ ਸਿੰਘ ਨੂੰ ਧੋਖੇ ਨਾਲ ਇਸ ਮੁੱਦੇ ਤੇ ਗੱਲਬਾਤ ਕਰਨ ਲਈ ਰੈਸਟ ਹਾਊਸ ਬੁਲਾ ਕੇ ਗ੍ਰਿਫ਼ਤਾਰ ਕਰ ਲਿਆ। ਇਧਰ ਮਹੰਤ ਦਾ ਸਾਥ ਦੇਣ ਲਈ ਸਰਕਾਰ ਨੇ ਗੁਰਦੁਆਰਾ ਸਾਹਿਬ ਨੂੰ ਘੇਰਾ ਪਾ ਲਿਆ। ਗੁਰਦੁਆਰਾ ਸਾਹਿਬ ਦੇ ਅੰਦਰ ਕੋਈ 15 ਕੁ ਸਿੰਘ ਸਨ। ਉਸ ਸਮੇਂ ਤੱਕ ਕੋਈ 22 ਕੁ ਅਖੰਡ ਪਾਠਾਂ ਦੇ ਭੋਗ ਪੈ ਚੁੱਕੇ ਸਨ ਤੇ 23ਵਾਂ ਅਖੰਡ ਪਾਠ ਆਰੰਭ ਕੀਤਾ ਹੋਇਆ ਸੀ।

22 ਮਈ 1964 ਨੂੰ ਪੁਲਿਸ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਖਿੜਕੀਆਂ ਭੰਨ ਕੇ ਅੰਦਰ ਦਾਖਲ ਹੋ ਗਈ। ਉੱਥੋਂ ਦੇ ਡੀ.ਸੀ. ਆਰ.ਕੇ. ਚੰਡੇਲ ਨੇ ਸਿੰਘਾਂ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਪੁਲਿਸ ਵਲੋਂ ਚਲਾਈਆਂ ਗੋਲੀਆਂ ਨਾਲ ਗੁਰਦੁਆਰਾ ਹਰੀਆਂ ਵੇਲਾਂ ਦੇ 11 ਨਿਹੰਗ ਸਿੰਘ ਸ਼ਹੀਦ ਹੋ ਗਏ ਤੇ ਬਾਕੀ ਜ਼ਖ਼ਮੀ ਹੋ ਗਏ। ਸਰਕਾਰ ਦੀ ਇਸ ਕਰਤੂਤ ਦਾ ਪਤਾ ਜਦ ਸਿੱਖ ਸੰਗਤਾਂ ਨੂੰ ਚੱਲਿਆ ਤਾਂ ਗੁਰੂ ਦਾ ਖ਼ਾਲਸਾ ਗੁਰਦੁਆਰਾ ਪਾਉਂਟਾ ਸਾਹਿਬ ਨੂੰ ਆਜ਼ਾਦ ਕਰਾਉਣ ਲਈ ਇਕਜੁੱਟ ਹੋ ਕੇ ਸਰਕਾਰ ਦੇ ਖ਼ਿਲਾਫ਼ ਡਟ ਗਿਆ। ਜਥੇਦਾਰਾਂ ਤੇ ਸਿੱਖ ਸੰਗਤਾਂ ਦੇ ਰੋਹ ਅੱਗੇ ਆਖਰ ਸਰਕਾਰ ਨੂੰ ਝੁਕਣਾ ਪਿਆ। ਇਸ ਤਰ੍ਹਾਂ ਖ਼ਾਲਸੇ ਨੇ ਗੁਰਦੁਆਰਾ ਪਾਉਂਟਾ ਸਾਹਿਬ ਨੂੰ ਸਰਕਾਰ ਤੇ ਮਹੰਤ ਦੇ ਕਬਜ਼ੇ ਚੋਂ ਆਜ਼ਾਦ ਕਰਾ ਲਿਆ। ਹਰ ਸਾਲ ਪਾਉਂਟਾ ਸਾਹਿਬ ਵਿਖੇ ਮੁੱਖ ਜਥੇਦਾਰ ਨਿਹਾਲ ਸਿੰਘ (ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵਾਲੇ) ਦੀ ਅਗਵਾਈ 'ਚ 22 ਮਈ ਨੂੰ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਏ ਜਾਂਦੇ ਹਨ।

ਖੁਸ਼ੀ ਲੱਭਣਾ ਵੀ ਹੈ ਇੱਕ ਹੁਨਰ

ਸੰਜੀਵ ਸਿੰਘ ਸੈਣੀ
7888966168

ਹਰ ਇਨਸਾਨ ਦੀ ਜ਼ਿੰਦਗੀ ਵਿੱਚ ਕਦੇ ਗਮ ਤੇ ਕਦੇ ਖੁਸ਼ੀ ਗੇੜਾ ਜ਼ਰੂਰ ਮਾਰਦੇ ਹਨ । ਸੁੱਖ ,ਦੁੱਖ ਨਾਲ ਹੀ ਇਨਸਾਨ ਆਪਣੀ ਜਿੰਦਗੀ ਦਾ ਲੰਮਾ ਪੈਂਡਾ ਤੈਅ ਕਰਦਾ ਚਲਿਆ ਜਾਂਦਾ ਹੈ।ਕਦੇ ਵੀ ਮਾੜੇ ਸਮੇਂ ਵਿੱਚ ਦੁੱਖੀ ਨਹੀਂ ਹੋਣਾ ਚਾਹੀਦਾ। ਮੁਸੀਬਤ ਸਮੇਂ ਸਮੱਸਿਆ ਦਾ ਹੱਲ ਲੱਭੋ। ਸਾਨੂੰ ਜਿੰਦਗੀ ਹਮੇਸ਼ਾਂ ਹਰ ਪਲ ਹੱਸ ਕੇ ,ਖੁਸ਼ ਰਹਿ ਕੇ ਗੁਜ਼ਾਰਨੀ ਚਾਹੀਦੀ ਹੈ।ਜਿੰਦਗੀ ਸਾਨੂੰ ਜਿਉਣ ਲਈ ਮਿਲੀ ਹੈ । ਜ਼ਿੰਦਗੀ ਨੂੰ ਕਦੇ ਵੀ ਬੋਝ ਨਾ ਸਮਝੋ। ਹਰ ਪਲ ਖੁਸ਼ ਰਹਿ ਕੇ ਕੱਟੋ। ਭਾਵ ਜੇ ਮਾੜਾ ਸਮਾਂ ਆ ਵੀ ਗਿਆ ਹੈ ਤਾਂ ਜਿਆਦਾ ਦੁੱਖ ਵਿੱਚ ਦੁੱਖੀ ਨਾ ਹੋਵੋ। ਸੁੱਖ-ਦੁੱਖ ਤਾਂ ਆਉਂਦੇ ਹੀ ਰਹਿੰਦੇ ਹਨ। ਜੇ ਮਾੜਾ ਸਮਾਂ ਹੈ ਤਾਂ ਚੰਗਾ ਵੀ ਆਵੇਗਾ। ਚੰਗੇ ਸਮੇ ਵਿੱਚ ਜਿਆਦਾ ਖੁਸ਼ੀ ਵੀ ਨਾ ਮਨਾਓ। ਅਸੀਂ ਸਾਰੇ ਹੀ ਸੰਸਾਰ ਵਿਚ ਵਿਚਰਦੇ ਹਾਂ । ਆਪਣੇ ਨਿੱਜੀ ਕੰਮ ਲਈ ਸਾਨੂੰ ਕਈ ਵਾਰ ਵੱਖ ਵੱਖ ਅਦਾਰਿਆਂ ਵਿੱਚ ਜਾਣਾ ਵੀ ਪੈਂਦਾ ਹੈ। ਦੇਖਦੇ ਹਾਂ ਕਿ ਕਈ ਇਨਸਾਨਾਂ ਦੇ ਚਿਹਰੇ ਤੇ ਸਦਾ ਹੀ ਮੁਸਕਰਾਹਟ ਰਹਿੰਦੀ ਹੈ। ਜਿੰਨਾ ਮਰਜ਼ੀ ਕੰਮ ਦਾ ਲੋੜ ਹੋਵੇ ,ਅਜਿਹੇ ਇਨਸਾਨਾਂ ਦੇ ਚਿਹਰੇ ਤੋਂ ਕਦੇ ਵੀ ਮੁਸਕਰਾਹਟ ਨਹੀਂ ਜਾਂਦੀ। ਅਜਿਹੇ ਇਨਸਾਨ ਸਾਡੇ ਲਈ ਬਹੁਤ ਦੀ ਪ੍ਰੇਰਨਾਦਇਕ ਹੁੰਦੇ ਹਨ। ਮੁਸ਼ਕਿਲਾਂ ਤਾਂ ਅੱਜ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਹਨ। ਜ਼ਿੰਦਗੀ ਵਿੱਚ ਉਤਾਰ ਚੜ੍ਹਾਅ ਆਉਂਦੇ ਹਨ। ਸਗੋਂ ਮਾੜੇ ਸਮੇਂ ਵਿੱਚ ਆਪਣਿਆਂ ਦੀ ਪਰਖ਼ ਵੀ ਹੋ ਜਾਂਦੀ ਹੈ। ਮਾੜੇ ਸਮੇਂ ਵਿੱਚ ਪਤਾ ਲੱਗ ਜਾਂਦਾ ਹੈ ਕਿ ਕੌਣ ਸਾਡੇ ਨੇੜੇ ਲੱਗਿਆਂ ,ਕਿਸਨੇ ਸਾਡਾ ਦੁੱਖ ਵੰਡਾਇਆ। ਜ਼ਿੰਦਗੀ ਨੂੰ ਕਦੇ ਵੀ ਬੋਝ ਨਾ ਸਮਝੋ।ਅਕਸਰ ਕਈ ਵਾਰ ਅਸੀਂ ਜ਼ਿੰਦਗੀ ਤੋਂ ਇੰਨੇ ਤੰਗ ਆ ਜਾਂਦੇ ਹਾਂ ਕਿ ਜਿਉਣ ? ? ਨੂੰ ਬਿਲਕੁਲ ਵੀ ਦਿਲ ਨਹੀਂ ਕਰਦਾ। ਇਸ ਨਾਲ ਸਾਡੀ ਸਿਹਤ ਵੀ ਖ਼ਰਾਬ ਹੋ ਜਾਂਦੀ ਹੈ।ਘਰ ਦਾ ਮਾਹੌਲ ਵੀ ਖ਼ਰਾਬ ਹੁੰਦਾ ਹੈ। ਕਦੇ ਵੀ ਜ਼ਿੰਦਗੀ ਤੋਂ ਨਾ ਹਾਰੋ। ਕਦੇ ਵੀ ਆਪਣੀ ਕਿਸਮਤ ਨੂੰ ਨਾ ਦੋਸ਼ੀ ਠਹਿਰਾਈਏ। ਕਈ ਵਾਰ ਅਸੀਂ ਕਿਸੇ ਹੋਰ ਦੀ ਗੱਲ ਕਰਕੇ ਆਪਣੇ ਘਰ ਵਿੱਚ ਬਹੁਤ ਜਿਆਦਾ ਨਕਰਾਤਮਕ ਭਾਵ ਪੈਦਾ ਕਰ ਲੈਂਦੇ ਹਾਂ। ਅਕਸਰ ਪਰਿਵਾਰਾਂ ਵਿੱਚ ਕਈ ਵਾਰ ਤਕਰਾਰ ਹੋ ਜਾਂਦੇ ਹਨ। ਪਰਿਵਾਰ ਵਿਚ ਕਈ ਅਜਿਹੇ ਮੈਂਬਰ ਵੀ ਹੁੰਦੇ ਹਨ ,ਜੋ ਅਜਿਹੇ ਤਕਰਾਰਾਂ ਨੂੰ ਕੁਝ ਸਮਝਦੇ ਹੀ ਨਹੀਂ ,ਭਾਵ ਜਿੰਦਗੀ ਨੂੰ ਹੱਸ ਖੇਡ ਕੇ ਗੁਜ਼ਾਰ ਲੈਂਦੇ ਹਨ। ਕਈ ਵਾਰ ਕਈ ਇਨਸਾਨ ਛੋਟੇ -ਛੋਟੇ ਤਕਰਾਰ, ਛੋਟੀਆਂ ਛੋਟੀਆਂ ਗੱਲਾਂ ਨੂੰ ਹੀ ਦਿਲ ਤੇ ਲਾ ਕੇ ਬੈਠ ਜਾਂਦੇ ਹਨ । ਆਪ ਵੀ ਪ੍ਰੇਸ਼ਾਨ ਹੁੰਦੇ ਹਨ ਤੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਵੀ ਪ੍ਰੇਸ਼ਾਨ ਕਰ ਦਿੰਦੇ ਹਨ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਕਿ ਅਜਿਹੇ ਇਨਸਾਨ ਡਿਪਰੈਸ਼ਨ ਦੀ ਬਿਮਾਰੀ ਵਿੱਚ ਚਲੇ ਜਾਂਦੇ ਹਨ। ਗੱਲ ਕੁਝ ਵੀ ਨਹੀਂ ਹੁੰਦੀ ,ਪਰ ਗੱਲ ਨੂੰ ਦਿਲ ਤੇ ਲਗਾ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਅਸੀਂ ਕਹਿ ਦਿੰਦੇ ਹਨ ਕਿ ਉਸਦੀ ਕਿਸਮਤ ਬਹੁਤ ਚੰਗੀ ਹੈ। ਜਾਂ ਫਲਾਣਾ ਬੰਦਾ ਬਹੁਤ ਘੱਟ ਮਿਹਨਤ ਕਰਕੇ ਬਹੁਤ ਕੁਝ ਕਮਾ ਲੈਂਦਾ ਹੈ।

ਪੰਜਾਬ ਨੈਸ਼ਨਲ ਬੈਂਕ

... ਭਰੋਸੇ ਦਾ ਪ੍ਰਤੀਕ !

ਅਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ, ਐਸਏਐਸ ਨਗਰ (ਮੋਹਾਲੀ) ਐਸਸੀਓ ਨੰ. 48, ਦੂਜੀ ਮੰਜ਼ਿਲ, ਫੇਜ਼ 2, ਐਸਏਐਸ ਨਗਰ ਮੋਹਾਲੀ, ਪੰਜਾਬ-160055, ਈਮੇਲ : cs8312@pnb.bank.in

(ਬਿਨਾਂ ਕਿਸੇ ਪੱਖਪਾਤ)

1. ਸ਼੍ਰੀਮਤੀ ਹਿਮਾਨੀ ਪਤਨੀ ਸ਼੍ਰੀ ਨਵਦੀਪ (ਕਰਜ਼ਦਾਰ), ਮਕਾਨ ਨੰਬਰ 2584/047, 856-860, ਸੈਕਟਰ 14, ਗੁਰੂ ਤੇਗ ਬਹਾਦਰ ਨਗਰ, ਖਰੜ, 140301।
2. ਸ਼੍ਰੀ ਨਵਦੀਪ ਪੁੱਤਰ ਸ਼੍ਰੀ ਰਾਜੇਸ਼ ਕੁਮਾਰ (ਸਹਿ-ਕਰਜ਼ਦਾਰ), ਮਕਾਨ ਨੰਬਰ 2584/047, 856-860, ਸੈਕਟਰ 14, ਗੁਰੂ ਤੇਗ ਬਹਾਦਰ ਨਗਰ, ਖਰੜ, 140301।

ਸ਼੍ਰੀਮਾਨ/ਸ਼੍ਰੀਮਤੀ

ਹਵਾਲਾ: ਸਰਫਾਇਸੀ ਐਕਟ, 2002 ਦੀ ਧਾਰਾ 13(8) ਅਧੀਨ ਨੋਟਿਸ ਸੁਰੱਖਿਅਤ ਸੰਪਤੀਆਂ ਦੀ ਵਿਕਰੀ ਸੰਬੰਧੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮਾਂ ਦੇ ਨਿਯਮ 8(6) ਦੇ ਨਾਲ ਪੜ੍ਹੋ।

ਤੁਹਾਨੂੰ ਪਤਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ, ਜਿਸ ਦਾ ਪ੍ਰਤੀਕ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰਤ ਅਧਿਕਾਰੀ ਦੁਆਰਾ 27.02.2026 ਨੂੰ ਲਿਆ ਗਿਆ ਹੈ, ਨੂੰ 23.06.2026 ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" ਦੇ ਆਧਾਰ 'ਤੇ 31.03.2025 ਨੂੰ 30,43,784.38 ਰੁਪਏ (ਰੁਪਏ ਤੀਹ ਲੱਖ ਤਿਤਾਲੀ ਹਜ਼ਾਰ ਸੱਤ ਸੌ ਚੌਰਾਸੀ ਰੁਪਏ ਅਤੇ ਸਿਰਫ਼ ਅਠੱਤੀ ਪੈਸੇ) ਦੀ ਵਸੂਲੀ ਲਈ ਵੇਚਿਆ ਜਾਵੇਗਾ, ਜਿਸ ਵਿੱਚ 31.03.2025 ਤੱਕ ਦਾ ਵਿਆਜ ਅਤੇ ਹੋਰ ਵਿਆਜ ਸ਼ਾਮਲ ਹੈ। ਸਰਫਾਇਸੀ ਐਕਟ ਦੀ ਧਾਰਾ 13(2) ਦੇ ਤਹਿਤ ਜਾਰੀ ਕੀਤੇ ਗਏ ਡਿਮਾਂਡ ਨੋਟਿਸ 11.12.2025 ਦੇ ਅਨੁਸਾਰ, 01.04.2025 ਤੋਂ ਇਲਾਵਾ ਦੰਡ ਵਿਆਜ, ਕਾਨੂੰਨੀ ਅਤੇ ਹੋਰ ਖਰਚੇ, ਜੇਕਰ ਕੋਈ ਹੋਵੇ ਤਾਂ ਵਸੂਲੀ ਤੋਂ ਇਲਾਵਾ। ਲਾਗੂ ਕੀਤੇ ਜਾਣ ਵਾਲੇ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

ਅਚੱਲ ਜਾਇਦਾਦਾਂ ਦਾ ਵੇਰਵਾ

ਰਿਹਾਇਸ਼ੀ ਘਰ ਜਿਸਦੀ ਮਾਪ 0 ਕਨਾਲ-2.5 ਮਰਲੇ ਹੈ, ਜਿਸ ਵਿੱਚ ਖੇਵਟ ਨੰਬਰ 855,860 ਖਤੌਨੀ ਨੰਬਰ 894,898, ਖਸਰਾ ਨੰਬਰ 8//20/2(2-0), 11/1(5-7), 19/1(5-13), 20/1(6-0), 11/2(2-13), 12(8-0), 19/3(1-0), 22/1(3-13) ਕਿਤੇ 8 ਖੇਤਰ 34 ਕਨਾਲ -06 ਮਰਲੇ ਜਿਨ੍ਹਾਂ ਦਾ 5/1375 ਹਿੱਸਾ ਹੈ ਯਾਨੀ ਕਿ 0 ਕਨਾਲ-2.5 ਮਰਲੇ ਸੈਕਟਰ 14 ਗੁਰੂ ਤੇਗ ਬਹਾਦਰ ਨਗਰ ਖਰੜ 140301 ਵਿਖੇ ਸਥਿਤ ਹੈ। ਸ਼੍ਰੀਮਤੀ ਹਿਮਾਨੀ ਪਤਨੀ ਸ਼੍ਰੀ ਨਵਦੀਪ ਅਤੇ ਸ਼੍ਰੀ ਨਵਦੀਪ ਪੁੱਤਰ ਸ਼੍ਰੀ ਰਾਜੇਸ਼ ਕੁਮਾਰ, ਟਾਈਟਲ ਡੀਡ ਨੰਬਰ 2019-20/12/1/9501 ਮਿਤੀ 04-11-2019 ਰਾਹੀਂ।

ਕਿਰਪਾ ਕਰਕੇ ਧਿਆਨ ਦਿਓ ਕਿ ਸਰਫਾਇਸੀ ਐਕਟ, 2002 ਦੀ ਧਾਰਾ 13(8) ਦੇ ਅਨੁਸਾਰ, ਤੁਸੀਂ ਆਪਣੇ ਪੂਰੇ ਬਕਾਏ ਦਾ ਭੁਗਤਾਨ ਕਰਕੇ 30 ਦਿਨਾਂ ਦੀ ਮਿਆਦ ਦੇ ਅੰਦਰ ਉਪਰੋਕਤ ਸੁਰੱਖਿਅਤ ਸੰਪਤੀਆਂ ਨੂੰ ਛੁਡਾ ਸਕਦੇ ਹੋ।

ਧਾਰਾ 13 ਦੀ ਉਕਤ ਉਪ-ਧਾਰਾ 8 ਹੇਠਾਂ ਦੁਬਾਰਾ ਪੇਸ਼ ਕੀਤੀ ਗਈ ਹੈ:

"ਜਿੱਥੇ ਸੁਰੱਖਿਅਤ ਲੈਣਦਾਰ ਦੇ ਬਕਾਏ ਦੀ ਰਕਮ, ਉਸ ਦੁਆਰਾ ਕੀਤੇ ਗਏ ਸਾਰੇ ਖਰਚਿਆਂ, ਖਰਚਿਆਂ ਅਤੇ ਖਰਚਿਆਂ ਦੇ ਨਾਲ, ਜਨਤਕ ਨਿਲਾਮੀ ਲਈ ਨੋਟਿਸ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਜਾਂ ਜਨਤਕ ਜਾਂ ਨਿੱਜੀ ਸੰਧੀ ਤੋਂ ਹਵਾਲੇ ਜਾਂ ਟੈਂਡਰ ਨੂੰ ਸੱਦਾ ਦੇਣ ਦੀ ਮਿਤੀ ਤੋਂ ਪਹਿਲਾਂ ਸੁਰੱਖਿਅਤ ਕਰਜ਼ਦਾਰ ਨੂੰ ਸੌਂਪੀ ਜਾਂਦੀ ਹੈ, ਸੁਰੱਖਿਅਤ ਲੈਣਦਾਰ ਦੁਆਰਾ ਲੀਜ਼ ਅਸਾਈਨਮੈਂਟ ਜਾਂ ਵਿਕਰੀ ਦੇ ਰੂਪ ਵਿੱਚ ਸੁਰੱਖਿਅਤ ਲੈਣਦਾਰ ਨੂੰ ਟਰਾਂਸਫਰ ਨਹੀਂ ਕੀਤਾ

30 ਦਿਨਾਂ 'ਚ ਸਾਢੇ ਸੱਤ ਲੱਖ ਸ਼ਰਧਾਲੂ ਕੇਦਾਰਨਾਥ ਪੁੱਜੇ

ਰੁਦਰਪ੍ਰਯਾਗ, 22 ਮਈ (ਚ.ਨ.ਸ): ਵਿਸ਼ਵ ਪ੍ਰਸਿੱਧ ਕੇਦਾਰਨਾਥ ਧਾਮ ਵਿੱਚ ਇਸ ਸਾਲ ਸ਼ਰਧਾ ਦਾ ਸੈਲਾਬ ਉਮੜ ਰਿਹਾ ਹੈ। ਰੋਜ਼ਾਨਾ 28

ਤੋਂ 30 ਹਜ਼ਾਰ ਸ਼ਰਧਾਲੂ ਬਾਬਾ ਦੇ ਦਰਸ਼ਨ ਕਰ ਰਹੇ ਹਨ। ਯਾਤਰਾ ਦੇ ਪਹਿਲੇ 30 ਦਿਨਾਂ ਵਿੱਚ ਹੀ ਸਾਢੇ ਸੱਤ ਲੱਖ ਤੋਂ ਵੱਧ ਸ਼ਰਧਾਲੂ ਕੇਦਾਰਨਾਥ ਧਾਮ ਪੁੱਜ ਚੁੱਕੇ ਹਨ, ਜੋ ਪਿਛਲੇ ਸਾਲ ਦੇ ਮੁਕਾਬਲੇ ਲਗਭਗ 30 ਹਜ਼ਾਰ ਵੱਧ ਹੈ। ਯਾਤਰਾ ਦੌਰਾਨ ਹੁਣ ਤੱਕ 28,375 ਸ਼ਰਧਾਲੂ ਹੈਲੀਕਾਪਟਰ ਸੇਵਾ ਰਾਹੀਂ ਧਾਮ ਪੁੱਜੇ ਹਨ। ਹੈਲੀ ਸੇਵਾ ਰਾਹੀਂ ਹੁਣ ਤੱਕ ਕਰੀਬ 28 ਕਰੋੜ ਰੁਪਏ ਦਾ ਕਾਰੋਬਾਰ ਹੋਣ ਦਾ ਅੰਦਾਜ਼ਾ ਹੈ। ਅਨੁਮਾਨ ਹੈ ਕਿ ਇੱਕ ਮਹੀਨੇ ਅੰਦਰ ਹੀ 200 ਕਰੋੜ ਰੁਪਏ ਤੋਂ ਵੱਧ ਦਾ ਕਾਰੋਬਾਰ ਹੋ ਚੁੱਕਾ ਹੈ। ਇਸ ਦੌਰਾਨ ਵੀਰਵਾਰ ਨੂੰ ਬਦਰੀਨਾਥ ਧਾਮ ਵਿੱਚ 26,711 ਸ਼ਰਧਾਲੂਆਂ ਨੇ ਦਰਸ਼ਨ ਕੀਤੇ। ਇਸੇ ਤਰ੍ਹਾਂ ਯਮੁਨੋਤਰੀ ਧਾਮ ਵਿੱਚ ਵੀ ਵੀਰਵਾਰ ਨੂੰ ਪਹਿਲੀ ਵਾਰ ਸਭ ਤੋਂ ਵੱਧ 16,694 ਸ਼ਰਧਾਲੂ ਪਹੁੰਚੇ। ਇਸ ਤੋਂ ਪਹਿਲਾਂ 18 ਮਈ ਨੂੰ 16,136 ਸ਼ਰਧਾਲੂਆਂ ਨੇ ਯਮੁਨੋਤਰੀ ਧਾਮ ਵਿੱਚ ਦਰਸ਼ਨ ਕੀਤੇ ਸਨ। ਕੇਦਾਰਨਾਥ ਧਾਮ ਵਿੱਚ ਕਿਵਾੜ ਖੁੱਲ੍ਹਣ ਮੌਕੇ ਹੀ 38 ਹਜ਼ਾਰ ਸ਼ਰਧਾਲੂ ਪਹੁੰਚੇ ਸਨ, ਜੋ ਕੇਦਾਰਨਾਥ ਯਾਤਰਾ ਦੇ ਇਤਿਹਾਸ ਵਿੱਚ ਇੱਕ ਦਿਨ ਦਾ ਸਭ ਤੋਂ ਵੱਡਾ ਅੰਕੜਾ ਹੈ। ਵੀਰਵਾਰ ਨੂੰ ਚਾਰਾਂ ਧਾਮਾਂ ਵਿੱਚ 87,277 ਸ਼ਰਧਾਲੂ ਦਰਸ਼ਨਾਂ ਲਈ ਪਹੁੰਚੇ।

ਯੂ.ਏ.ਈ. ਦੀ ਤੇਲ ਕੰਪਨੀ ਐਡਨੋਕ ਦਾ ਵੱਡਾ ਦਾਅਵਾ

2027 ਦੀ ਪਹਿਲੀ ਛਿਮਾਹੀ ਤੋਂ ਪਹਿਲਾਂ ਹੋਰਮੁਜ਼ ਜਲਡਮਰੂ ਤੋਂ ਤੇਲ ਦੀ ਸਪਲਾਈ ਪੂਰੀ ਤਰ੍ਹਾਂ ਬਹਾਲ ਹੋਣਾ ਅਸੰਭਵ

ਦੁਬਈ/ਨਵੀਂ ਦਿੱਲੀ, 22 ਮਈ (ਚ.ਨ.ਸ): ਦੀ ਸਰਕਾਰੀ ਤੇਲ ਕੰਪਨੀ ਐਡਨੋਕ ਦੇ ਮੁਖੀ ਸੁਲਤਾਨ ਅਲ ਜਾਬਰ ਨੇ ਵਿਸ਼ਵ ਊਰਜਾ ਬਾਜ਼ਾਰ ਨੂੰ ਲੈ ਕੇ ਇੱਕ ਬਹੁਤ ਹੀ ਚਿੰਤਾਜਨਕ ਤੇ ਨਿਰਾਸ਼ਾਜਨਕ ਭਵਿੱਖਬਾਣੀ ਕੀਤੀ ਹੈ। ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਮੱਧ ਪੂਰਬ (ਮਿਡਲ ਈਸਟ) ਵਿੱਚ ਚੱਲ ਰਹੀ ਜੰਗ ਅੱਜ ਵੀ ਖ਼ਤਮ ਹੋ ਜਾਵੇ ਤਾਂ ਵੀ ਹੋਰਮੁਜ਼ ਜਲਡਮਰੂ ਰਾਹੀਂ ਤੇਲ ਦੀ ਸਪਲਾਈ 2027 ਦੀ ਪਹਿਲੀ ਜਾਂ ਦੂਜੀ ਤਿਮਾਹੀ ਤੋਂ ਪਹਿਲਾਂ ਪੂਰੀ ਤਰ੍ਹਾਂ ਆਮ ਵਾਂਗ ਨਹੀਂ ਹੋ ਸਕੇਗੀ। ਊਰਜਾ ਮਾਹਿਰਾਂ ਮੁਤਾਬਿਕ ਤੇਲ ਉਦਯੋਗ ਦੇ ਉਚ ਅਧਿਕਾਰੀਆਂ ਵੱਲੋਂ ਹੁਣ ਤੱਕ ਦਾ ਇਹ ਸਭ ਤੋਂ ਨਿਰਾਸ਼ਾਜਨਕ ਅਨੁਮਾਨ ਹੈ, ਜੋ ਈਰਾਨ ਜੰਗ ਦੇ ਲੰਬੇ ਸਮੇਂ ਤੱਕ ਰਹਿਣ ਵਾਲੇ ਮਾੜੂ ਆਰਥਿਕ ਪ੍ਰਭਾਵਾਂ ਨੂੰ ਸਪੱਸ਼ਟ ਰੂਪ ਵਿੱਚ ਦਰਸਾਉਂਦਾ ਹੈ। ਕੌਮਾਂਤਰੀ ਊਰਜਾ ਏਜੰਸੀ ਪਹਿਲਾਂ ਹੀ ਇਸ ਸੰਕਟ ਨੂੰ ਇਤਿਹਾਸ ਦਾ ਸਭ ਤੋਂ ਵੱਡਾ ਊਰਜਾ ਸੰਕਟ ਕਰਾਰ ਦੇ ਚੁੱਕੀ ਹੈ, ਕਿਉਂਕਿ ਇਸ ਮਹੱਤਵਪੂਰਨ ਸਮੁੰਦਰੀ ਰਸਤੇ ਦੇ ਲਗਭਗ ਬੰਦ ਹੋਣ ਕਾਰਨ ਪੂਰੀ ਦੁਨੀਆਂ ਵਿੱਚ ਹਾਹਾਕਾਰ ਮਚੀ ਹੋਈ ਹੈ। ਐਟਲਾਂਟਿਕ ਕੌਂਸਲ ਦੇ ਇੱਕ ਪ੍ਰੋਗਰਾਮ ਦੌਰਾਨ ਬੋਲਦਿਆਂ ਐਡਨੋਕ ਦੇ ਸੀ.ਈ.ਓ. ਸੁਲਤਾਨ ਅਲ ਜਾਬਰ ਨੇ ਕਿਹਾ ਕਿ ਜੇਕਰ ਇਹ ਹਿੰਸਕ ਟਕਰਾਅ ਭਲਕੇ ਵੀ ਰੁਕ ਜਾਂਦਾ ਹੈ ਤਾਂ ਵੀ ਸਪਲਾਈ ਨੂੰ ਜੰਗ ਤੋਂ ਪਹਿਲਾਂ ਦੇ 80 ਫੀਸਦੀ ਪੱਧਰ ਤੱਕ ਲਿਆਉਣ ਲਈ ਘੱਟੋ-ਘੱਟ ਚਾਰ ਮਹੀਨਿਆਂ ਦਾ ਸਮਾਂ ਲੱਗੇਗਾ। ਜਦਕਿ 100 ਫੀਸਦੀ ਸਪਲਾਈ ਦੀ ਬਹਾਲੀ 2027 ਦੇ ਅੱਧ ਤੱਕ ਹੀ ਸੰਭਵ ਹੋ ਸਕੇਗੀ। ਊਰਜਾ ਦੀਆਂ ਕੀਮਤਾਂ ਵਿੱਚ ਹੋਏ ਇਸ ਬੇਤਹਾਸ਼ਾ ਵਾਧੇ ਨੇ ਦੁਨੀਆਂ ਭਰ ਵਿੱਚ ਮਹਿੰਗਾਈ ਨੂੰ ਅਸਮਾਨੀ ਚਾੜ੍ਹ ਦਿੱਤਾ ਹੈ। ਯੂ.ਏ.ਈ. ਦੇ ਗੁਆਂਢੀ ਮੁਲਕ ਸਾਊਦੀ ਅਰਬ ਦੀ ਸਰਕਾਰੀ ਤੇਲ ਕੰਪਨੀ ਅਰਾਮਕੋ ਦੇ ਮੁੱਖ ਕਾਰਜਕਾਰੀ ਅਮੀਨ ਨਾਸਿਰ ਨੇ ਵੀ ਮਾਰਕੀਟ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਮੌਜੂਦਾ ਹਾਲਾਤ ਜੂਨ ਦੇ ਅੱਧ ਤੱਕ ਇਸੇ ਤਰ੍ਹਾਂ ਬਣੇ ਰਹਿੰਦੇ ਹਨ ਤਾਂ ਤੇਲ ਬਾਜ਼ਾਰ 2027 ਤੱਕ ਪੈਰਾਂ ਸਿਰ ਨਹੀਂ ਹੋ ਸਕੇਗਾ।

ਮਾਰੂਤੀ ਸੁਜ਼ੂਕੀ ਅਗਲੇ ਮਹੀਨੇ ਤੋਂ ਆਪਣੀਆਂ ਗੱਡੀਆਂ ਦੀਆਂ ਕੀਮਤਾਂ 'ਚ 30,000 ਰੁਪਏ ਤੱਕ ਦਾ ਵਾਧਾ ਕਰੇਗੀ

ਨਵੀਂ ਦਿੱਲੀ, 22 ਮਈ (ਚ.ਨ.ਸ): ਦੇਸ਼ ਦੀ ਸਭ ਤੋਂ ਵੱਡੀ ਕਾਰ ਨਿਰਮਾਤਾ ਕੰਪਨੀ ਮਾਰੂਤੀ ਸੁਜ਼ੂਕੀ ਇੰਡੀਆ ਨੇ ਆਪਣੇ ਗ੍ਰਾਹਕਾਂ ਨੂੰ ਵੱਡਾ ਝਟਕਾ ਦਿੰਦੇ ਹੋਏ ਅਗਲੇ ਮਹੀਨੇ ਯਾਨੀ ਜੂਨ ਤੋਂ ਆਪਣੀਆਂ ਸਾਰੀਆਂ ਗੱਡੀਆਂ ਦੀਆਂ ਕੀਮਤਾਂ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ। ਕੰਪਨੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਵਾਧਾ ਵੱਖ-ਵੱਖ ਮਾਡਲਾਂ ਤੇ ਵੇਰੀਐਂਟਸ ਦੇ ਆਧਾਰ 'ਤੇ 30,000 ਰੁਪਏ ਤੱਕ ਹੋਵੇਗਾ। ਕੰਪਨੀ ਨੇ ਇਸ ਕੀਮਤ ਵਾਧੇ ਦੇ ਪਿੱਛੇ ਲਗਾਤਾਰ ਵੱਧ ਰਹੀ ਮਹਿੰਗਾਈ ਦੇ ਦਬਾਅ ਤੇ ਲਾਗਤਾਂ ਵਿੱਚ ਹੋਏ ਭਾਰੀ ਵਾਧੇ ਨੂੰ ਮੁੱਖ ਕਾਰਨ ਦੱਸਿਆ ਹੈ। ਮਾਰੂਤੀ ਸੁਜ਼ੂਕੀ ਦੇ ਇਸ ਫੈਸਲੇ ਤੋਂ ਬਾਅਦ ਆਟੋਮੋਬਾਈਲ ਜਗਤ ਵਿੱਚ ਹਲਚਲ ਤੇਜ਼ ਹੋ ਗਈ ਹੈ ਤੇ ਮੰਨਿਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਕੰਪਨੀਆਂ ਵੀ ਆਪਣੀਆਂ ਗੱਡੀਆਂ ਦੀਆਂ ਕੀਮਤਾਂ ਵਧਾ ਸਕਦੀਆਂ ਹਨ, ਜਦਕਿ ਕੁਝ ਕੰਪਨੀਆਂ ਪਹਿਲਾਂ ਹੀ ਅਜਿਹਾ ਕਰ ਚੁੱਕੀਆਂ ਹਨ। ਸ਼ੇਅਰ ਬਾਜ਼ਾਰ ਨੂੰ ਦਿੱਤੀ ਗਈ ਇੱਕ ਰੈਗੂਲੇਟਰੀ

ਫਾਈਲਿੰਗ ਵਿੱਚ ਮਾਰੂਤੀ ਸੁਜ਼ੂਕੀ ਨੇ ਸਪੱਸ਼ਟ ਕੀਤਾ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਕੰਪਨੀ ਉਤਪਾਦਨ ਲਾਗਤਾਂ ਵਿੱਚ ਹੋ ਰਹੇ ਵਾਧੇ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਅੰਦਰੂਨੀ ਪੱਧਰ 'ਤੇ ਕਈ ਤਰ੍ਹਾਂ ਦੇ ਬੱਚਤ ਕਦਮ ਚੁੱਕ ਰਹੀ ਸੀ। ਪਰ ਲਗਾਤਾਰ ਵੱਧ ਰਹੀ ਮਹਿੰਗਾਈ ਤੇ ਕੱਚੇ ਮਾਲ ਦੀਆਂ ਮਹਿੰਗੀਆਂ ਹੋਈਆਂ ਕੀਮਤਾਂ ਕਾਰਨ ਹੁਣ ਕੰਪਨੀ ਕੋਲ ਕੀਮਤਾਂ ਵਧਾਉਣ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਬਚਿਆ ਸੀ। ਕੰਪਨੀ ਨੇ ਕਿਹਾ ਕਿ ਹਾਲਾਂਕਿ ਉਨ੍ਹਾਂ ਨੇ ਕੋਸ਼ਿਸ਼ ਕੀਤੀ ਹੈ ਕਿ ਇਸ ਵਾਧੇ ਦਾ ਬੋਝ ਗ੍ਰਾਹਕਾਂ 'ਤੇ ਘੱਟ ਤੋਂ ਘੱਟ ਪਵੇ, ਪਰ ਬਦਲਦੇ ਆਰਥਿਕ ਹਾਲਾਤਾਂ ਕਾਰਨ ਲਾਗਤ ਦਾ ਕੁਝ ਹਿੱਸਾ ਮਾਰਕੀਟ 'ਤੇ ਪਾਉਣਾ ਲਾਜ਼ਮੀ ਹੋ ਗਿਆ ਸੀ।ਇਸ ਸਮੇਂ ਭਾਰਤੀ ਆਟੋਮੋਬਾਈਲ ਉਦਯੋਗ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਕੰਪਨੀਆਂ ਉਪਰ ਕੱਚੇ ਮਾਲ ਜਿਵੇਂ ਕਿ ਸਟੀਲ, ਐਲੂਮੀਨੀਅਮ ਤੇ ਊਰਜਾ ਦੀਆਂ ਵੱਧਦੀਆਂ ਕੀਮਤਾਂ ਦਾ ਭਾਰੀ ਦਬਾਅ ਹੈ। ਇਸ ਤੋਂ ਇਲਾਵਾ ਗਲੋਬਲ ਸਪਲਾਈ ਚੇਨ ਵਿੱਚ ਆਈਆਂ ਰੁਕਾਵਟਾਂ ਤੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਕਾਰਨ ਲੌਜਿਸਟਿਕਸ ਤੇ ਮਾਲ ਭਾੜੇ ਦੇ ਖਰਚੇ ਵੀ ਬਹੁਤ ਵੱਧ ਗਏ ਹਨ, ਜਿਸ ਨੇ ਵਾਹਨ ਨਿਰਮਾਤਾਵਾਂ ਦੇ ਮੁਨਾਫੇ ਦੇ ਮਾਰਜਿਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਤੀਸਰੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਪਿੰਡ ਵੀਲਾ ਮੀਕੇ ਵਿਖੇ ਸਜੇ ਧਾਰਮਿਕ ਦੀਵਾਨ

☛ ਸੰਗਤਾਂ ਨਿੱਤਨੇਮ ਦੀਆਂ ਧਾਰਨੀ ਬਣ ਕੇ ਆਪਣਾ ਜੀਵਨ ਸਫ਼ਲਾ ਕਰਨ: ਗਿ. ਹਰਨਾਮ ਸਿੰਘ ਖ਼ਾਲਸਾ

ਚੌਕ ਮਹਿਤਾ, 22 ਮਈ (ਬਲਜਿੰਦਰ ਸਿੰਘ ਰੰਧਾਵਾ): ਜੂਨ '84 ਤੀਸਰਾ ਘੱਲੂਘਾਰਾ 'ਚ ਸ਼ਹੀਦ ਹੋਏ ਕੌਮੀ ਯੋਧਿਆਂ, ਸਮੂਹ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਦੀ ਪਵਿੱਤਰ ਯਾਦ ਨੂੰ ਸਮਰਪਿਤ ਧਾਰਮਿਕ ਦੀਵਾਨ ਮਾਝਾ ਇਲਾਕੇ ਦੇ ਵੱਖ-ਵੱਖ ਨਗਰਾਂ ਵਿੱਚ ਸਜਾਏ ਜਾ ਰਹੇ ਹਨ। ਜਿਸ ਦੇ ਚੱਲਦਿਆਂ ਅੱਜ ਸ਼ਾਮ ਵੇਲੇ ਦੇ ਦੀਵਾਨ ਪਿੰਡ ਵੀਲਾ ਮੀਕੇ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਰਧਾਪੂਰਵਕ ਸਜਾਏ ਗਏ। ਇਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ 'ਚੋਂ ਗੁਰ-ਇਤਿਹਾਸ ਦੀ ਕਥਾ ਸਰਵਣ ਕਰਵਾ ਕੇ ਦੀਵਾਨ ਵਿੱਚ ਜੁੜੀਆਂ ਬੇਅੰਤ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਖ਼ਾਲਸਾ ਨੇ ਸੰਗਤ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੁੜਨ, ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਤੇ ਸਿੰਘ ਸਜਣ ਦੀ ਪ੍ਰੇਰਨਾ ਦਿੱਤੀ।

ਉਨ੍ਹਾਂ ਆਖਿਆ ਕਿ ਆਓ ਨਿੱਤਨੇਮ ਦੇ ਧਾਰਨੀ ਬਣ ਕੇ ਆਪਣਾ ਸਫ਼ਲਾ ਕਰੀਏ। ਇਸ ਦੌਰਾਨ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜੱਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕਰਵਾਇਆ ਤੇ ਪੋਥੀ ਦੇ ਪਾਠ ਦੀ ਸੇਵਾ ਭਾਈ ਸਤਨਾਮ ਸਿੰਘ ਖ਼ਾਲਸਾ ਨੇ ਨਿਭਾਈ। ਸਮਾਗਮ ਦੇ ਅਖੀਰ ਵਿੱਚ ਪ੍ਰਬੰਧਕਾਂ ਦੇ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਨੂੰ ਦੁਸ਼ਾਲਾ ਭੇਟ ਕੀਤਾ। ਇਸ ਮੌਕੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇ. ਸੁਖਦੇਵ ਸਿੰਘ, ਹੈਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਜਥੇ. ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਜਥੇ. ਬਾਬਾ ਬੋਹੜ ਸਿੰਘ, ਗਿਆਨੀ ਗੁਰਬਾਜ ਸਿੰਘ, ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਹਰਸ਼ਦੀਪ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ਼ ਖ਼ਾਲਸਾ ਦੀਵਾਨ), ਭਾਈ ਜੁਝਾਰ ਸਿੰਘ, ਭਾਈ ਪ੍ਰਭਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਗੁਰਪ੍ਰੀਤ ਸਿੰਘ ਵੈਦ, ਪ੍ਰੋ. ਗਿਆਨੀ ਜੋਬਨਜੀਤ ਸਿੰਘ, ਭਾਈ ਨਿਰਮਲ ਸਿੰਘ, ਗਿਆਨੀ ਮੋਹਣ ਸਿੰਘ, ਭਾਈ ਗੁਰਕਿਰਪਾਲ ਸਿੰਘ, ਭਾਈ ਪ੍ਰਕਾਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਈਰਾਨ ਵੱਲੋਂ 1 ਅਰਬ ਡਾਲਰ ਦੇ ਅਮਰੀਕੀ ਡਰੋਨ ਤਬਾਹ ਕਰਨ ਦਾ ਦਾਅਵਾ

ਇਸਤਾਂਬੁਲ/ਤਹਿਰਾਨ/ਦੁਬਈ, 22 ਮਈ (ਚ.ਨ.ਸ): ਈਰਾਨ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਪੇਸ਼ ਕੀਤੀ ਗਈ ਤਾਜ਼ਾ ਤਜਵੀਜ਼ ਨੇ ਦੋਵਾਂ ਜੰਗਬਾਜ਼ ਪੱਖਾਂ ਵਿਚਾਲੇ ਮੌਜੂਦ ਮਤਭੇਦਾਂ ਨੂੰ ਕੁਝ ਹੱਦ ਤੱਕ ਘੱਟ ਕਰ ਦਿੱਤਾ ਹੈ। ਦੋਵੇਂ ਦੇਸ਼ ਇਸ ਸਮੇਂ ਇੱਕ ਨਾਜ਼ੁਕ ਜੰਗਬੰਦੀ ਨੂੰ ਪੱਕੇ ਅਮਨ ਸਮਝੌਤੇ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਤਹਿਰਾਨ ਇਸ ਸਮੇਂ ਅਮਰੀਕਾ ਦੁਆਰਾ ਸੌਂਪੇ ਗਏ ਇੱਕ ਦਸਤਾਵੇਜ਼ (ਟੈਕਸਟ) ਦਾ ਜਵਾਬ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਹੈ। ਅਰਧ-ਸਰਕਾਰੀ 'ਈਰਾਨੀਅਨ ਸਟੂਡੈਂਟਸ ਨਿਊਜ਼ ਏਜੰਸੀ' ਨੇ ਰਿਪੋਰਟ ਦਿੱਤੀ ਕਿ ਇਸ ਨਵੀਂ ਤਜਵੀਜ਼ ਨੇ ਦੋਵਾਂ ਧਿਰਾਂ ਵਿਚਾਲੇ ਪਾੜੇ ਨੂੰ ਕੁਝ ਹੱਦ ਤੱਕ ਜ਼ਰੂਰ ਘਟਾਇਆ ਹੈ, ਹਾਲਾਂਕਿ ਏਜੰਸੀ ਨੇ ਇਹ ਨਹੀਂ ਦੱਸਿਆ ਕਿ ਉਸਨੂੰ ਇਹ ਜਾਣਕਾਰੀ ਕਿੱਥੋਂ ਪ੍ਰਾਪਤ ਹੋਈ ਹੈ। ਈਰਾਨੀ ਮੀਡੀਆ ਮੁਤਾਬਿਕ ਗੱਲਬਾਤ ਨੂੰ ਹੋਰ ਅੱਗੇ ਵਧਾਉਣ ਤੇ ਮਤਭੇਦਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਇਹ ਜ਼ਰੂਰੀ ਹੈ ਕਿ ਵਾਸ਼ਿੰਗਟਨ ਆਪਣੇ ਵੱਲੋਂ ਜੰਗ ਛੇੜਨ ਦੀਆਂ ਕੋਸ਼ਿਸ਼ਾਂ ਤੇ ਉਕਸਾਹਟ ਨੂੰ ਪੂਰੀ ਤਰ੍ਹਾਂ ਬੰਦ ਕਰੇ। ਦੂਜੇ ਪਾਸੇ, ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਵੱਖਰੇ ਤੌਰ 'ਤੇ ਦੱਸਿਆ ਕਿ ਸੁਨੇਹਿਆਂ ਦਾ ਇਹ ਮੌਜੂਦਾ ਆਦਾਨ-ਪ੍ਰਦਾਨ ਕਈ ਹਫ਼ਤੇ ਪਹਿਲਾਂ ਈਰਾਨ ਵੱਲੋਂ ਪੇਸ਼ ਕੀਤੇ ਗਏ 14-ਨੁਕਾਤੀ ਖਰੜੇ 'ਤੇ ਆਧਾਰਿਤ ਹੈ। ਈਰਾਨ ਦੀ ਇਸ ਯੋਜਨਾ ਵਿੱਚ ਮੁੱਖ ਤੌਰ 'ਤੇ ਇੱਕ ਅਲਪਕਾਲੀ (ਸ਼ਾਰਟ-ਟਰਮ) ਸਮਝੌਤੇ ਦੀ ਤਜਵੀਜ਼ ਰੱਖੀ ਗਈ ਹੈ, ਜਿਸ ਤਹਿਤ ਈਰਾਨ 'ਹੋਰਮੁਜ਼ ਦੀ ਸਟ੍ਰੇਟ' ਨੂੰ ਵਪਾਰ ਲਈ ਦੁਬਾਰਾ ਖੋਲ੍ਹੇਗਾ ਤੇ ਬਦਲੇ ਵਿੱਚ ਅਮਰੀਕਾ ਈਰਾਨੀ ਬੰਦਰਗਾਹਾਂ 'ਤੇ ਲਗਾਈ ਗਈ ਆਰਥਿਕ ਨਾਕਾਬੰਦੀ ਨੂੰ ਹਟਾਏਗਾ। ਜੰਗ ਦੇ ਮੋਰਚੇ ਤੋਂ ਮਿਲੀ ਇੱਕ ਅਹਿਮ ਖ਼ਬਰ ਅਨੁਸਾਰ, ਜਦੋਂ ਤੋਂ ਇਹ

ਟਕਰਾਅ ਸ਼ੁਰੂ ਹੋਇਆ ਹੈ, ਈਰਾਨ ਨੇ ਅਮਰੀਕੀ ਫੌਜ ਦੁਆਰਾ ਸੰਚਾਲਿਤ ਦੋ ਦਰਜਨ ਤੋਂ ਵੱਧ ਐਮਕਿਊ-9 ਰੀਪਰ ਡਰੋਨਾਂ ਨੂੰ ਤਬਾਹ ਕਰ ਦਿੱਤਾ ਹੈ। ਇਹ ਪੈਂਟਾਗਨ ਦੇ ਜੰਗ ਤੋਂ ਪਹਿਲਾਂ ਦੇ ਡਰੋਨ ਭੰਡਾਰ ਦਾ ਲਗਭਗ 20 ਫੀਸਦੀ ਹਿੱਸਾ ਹੈ। ਇਨ੍ਹਾਂ ਆਧੁਨਿਕ ਤੇ ਬੇਹੱਦ ਮੁਸ਼ਕਿਲ ਨਾਲ ਤਿਆਰ ਹੋਣ ਵਾਲੇ ਡਰੋਨਾਂ ਦਾ ਨੁਕਸਾਨ ਅਮਰੀਕਾ ਲਈ ਇੱਕ ਵੱਡਾ ਝਟਕਾ ਹੈ, ਜਿਸਦੀ ਕੁੱਲ ਕੀਮਤ ਤਕਰੀਬਨ 1 ਅਰਬ ਡਾਲਰ (100 ਕਰੋੜ ਡਾਲਰ) ਦੇ ਆਸ-ਪਾਸ ਦੱਸੀ ਜਾ ਰਹੀ ਹੈ। ਮਾਮਲੇ ਦੀ ਸਿੱਧੀ ਜਾਣਕਾਰੀ ਰੱਖਣ ਵਾਲੇ ਇੱਕ ਸੂਤਰ ਅਨੁਸਾਰ ਇਨ੍ਹਾਂ ਵਿੱਚੋਂ ਬਹੁਤ ਸਾਰੇ ਡਰੋਨਾਂ ਨੂੰ ਈਰਾਨੀ ਫੌਜ ਨੇ ਹਵਾ ਵਿੱਚ ਹੀ ਮਾਰ ਗਿਰਾਇਆ, ਜਦੋਂ ਕਿ ਕੁਝ ਡਰੋਨ ਮਿਜ਼ਾਈਲ ਹਮਲਿਆਂ ਕਾਰਨ ਜ਼ਮੀਨ 'ਤੇ ਹੀ ਨਸ਼ਟ ਹੋ ਗਏ ਜਾਂ ਫਿਰ ਹਾਦਸਿਆਂ ਦਾ ਸ਼ਿਕਾਰ ਹੋ ਗਏ।

ਰਮਨ ਬਹਿਲ ਨੇ 'ਮੁੱਖ ਮੰਤਰੀ ਤੀਰਥ ਯਾਤਰਾ' ਤਹਿਤ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ

ਗੁਰਦਾਸਪੁਰ, 22 ਮਈ (ਜਗੀਰ ਸਿੰਘ ਮੰਡ/ਨਾਹਰ): ਗੁਰਦਾਸਪੁਰ ਦੇ ਹਲਕਾ ਇੰਚਾਰਜ ਰਮਨ ਬਹਿਲ ਵੱਲੋਂ ਵਾਰਡ ਨੰਬਰ 29, ਰੁਲੀਆ ਰਾਮ ਕਲੋਨੀ ਤੋਂ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਆਪ ਸਰਕਾਰ ਦੇ ਇਸ ਉਪਰਾਲੇ ਸਦਕਾ ਸਾਡੇ ਬਜ਼ੁਰ

ਦੋ ਲੋਕਾਂ ਨੂੰ ਕੁਚਲਣ ਵਾਲਾ ਪੰਜਾਬੀ ਟਰੱਕ ਡਰਾਈਵਰ ਅਮਰੀਕਾ 'ਚ ਗ੍ਰਿਫ਼ਤਾਰ

☛ਮੁਲਜ਼ਮ ਦੀ 24 ਸਾਲ ਦੇ ਮਨਵੀਰ ਸਿੰਘ ਵਜੋਂ ਹੋਈ ਪਛਾਣ

ਸਾਨ ਫਰਾਂਸਿਸਕੋ, 22 ਮਈ (ਚ.ਨ.ਸ): ਇਮੀਗ੍ਰੇਸ਼ਨ ਵੱਲੋਂ ਹਜ਼ਾਰਾਂ ਕੱਚੇ ਟਰੱਕ ਡਰਾਈਵਰਾਂ ਦੇ ਲਾਇਸੈਂਸ ਰੱਦ ਕਰਨ ਦੀ ਟਰੰਪ ਪ੍ਰਸ਼ਾਸਨ ਦੀ ਸਖ਼ਤੀ ਦਰਮਿਆਨ ਇੱਕ ਪੰਜਾਬੀ ਟਰੱਕ ਡਰਾਈਵਰ 'ਤੇ ਕੱਲ੍ਹ ਹਾਈਵੇਅ-99 'ਤੇ ਡੋਡਾਈ ਸ਼ਹਿਰ ਨੇੜੇ ਹਾਰਨੀ ਲੇਨ ਕੋਲ ਇੱਕ ਦੁਰਘਟਨਾ ਦੌਰਾਨ ਦੋ ਲੋਕਾਂ ਦੇ ਮਾਰੇ ਜਾਣ ਤੇ ਪੰਜ ਜ਼ਖ਼ਮੀ ਕਰਨ ਦੇ ਦੋਸ਼ਾਂ ਦੇ ਨਾਲ ਨਾਲ ਹਾਦਸੇ ਵਾਲੀ ਥਾਂ ਤੋਂ ਭੱਜਣ ਦਾ 'ਹਿੱਟ ਐਂਡ ਰੰਨ' ਦਾ ਦੋਸ਼ ਵੀ ਲਗਾਇਆ ਗਿਆ ਹੈ। ਦੋ ਲੋਕਾਂ ਦੀ ਥਾਂ 'ਤੇ ਹੀ ਮੌਤ ਹੋਣ ਦੀ ਖਬਰ ਹੈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਅਨੁਸਾਰ ਤਿੰਨ ਵਾਹਨ ਇੱਕ ਟੋਇਟਾ ਕੈਮਰੀ, ਨਿਸਾਨ ਫਰੰਟੀਅਰ ਤੇ ਕੀਆ ਫੋਰਟ ਬਿਲਕੁੱਲ ਸੱਜੇ ਲੇਨ ਵਿੱਚ ਰੁਕਣ ਲਈ ਹੌਲੀ ਹੋ ਰਹੇ ਸਨ। ਅਧਿਕਾਰੀਆਂ ਨੇ ਕਿਹਾ ਕਿ ਇੱਕ ਫਰੇਟਲਾਈਨਰ ਟਰੱਕ

ਤਿੰਨ ਵਾਹਨਾਂ ਦੇ ਪਿੱਛੇ ਆ ਰਿਹਾ ਸੀ। ਟਰੱਕ ਡਰਾਈਵਰ ਜਿਸ ਦੀ ਪਛਾਣ 24 ਸਾਲਾ ਮਨਵੀਰ ਸਿੰਘ ਵਜੋਂ ਕੀਤੀ ਗਈ ਹੈ, ਆਪਣੇ ਟਰੱਕ ਨੂੰ ਰੋਕਣ ਵਿੱਚ ਅਸਫ਼ਲ ਰਿਹਾ ਤੇ ਕੀਆ ਫੋਰਟ ਦੇ ਪਿਛਲੇ ਹਿੱਸੇ ਵਿੱਚ ਟਕਰਾ ਗਿਆ। ਇਸ ਕਾਰਨ ਇੱਕ ਚੇਨ ਦੁਰਘਟਨਾ ਵਾਪਰੀ, ਜਿਸ ਨਾਲ ਫੋਰਟ ਫਰੰਟੀਅਰ ਨਾਲ ਟਕਰਾ ਗਿਆ ਤੇ ਫਰੰਟੀਅਰ ਕੈਮਰੀ ਕਾਰ ਨਾਲ ਟਕਰਾ ਗਿਆ ਸੀ। ਪੁਲਿਸ ਅਨੁਸਾਰ ਮਾਰੇ ਜਾਣ ਵਾਲੇ ਲੋਕਾਂ ਦੀ ਉਮਰ 16 ਤੋਂ 20 ਸਾਲ ਦੇ ਦਰਮਿਆਨ ਸੀ। ਪੰਜ ਹੋਰ ਗੰਭੀਰ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ। ਹਾਈਵੇਅ ਪੈਟਰੋਲ ਨੇ ਦੱਸਿਆ ਕਿ ਮਨਵੀਰ ਹਾਦਸੇ ਵਾਲੀ ਥਾਂ ਤੋਂ ਭੱਜ ਗਿਆ ਸੀ, ਜਿਸ ਨੂੰ ਬਾਅਦ ਵਿੱਚ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਅਨੁਸਾਰ ਮਨਵੀਰ ਕਥਿਤ ਤੌਰ 'ਤੇ 2023 ਵਿੱਚ ਐਰੀਜ਼ੋਨਾ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਇਆ ਸੀ ਤੇ ਬਾਅਦ ਵਿੱਚ ਬਾਈਡੇਨ ਪ੍ਰਸ਼ਾਸਨ ਦੁਆਰਾ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਸਥਾਨਕ ਮੀਡੀਆ ਨੇ ਇਹ ਵੀ ਲਿਖਿਆ ਹੈ ਕਿ ਮਨਵੀਰ ਦੀ ਗ੍ਰਿਫ਼ਤਾਰੀ ਪਿਛਲੇ ਸਾਲ ਤੋਂ ਖਤਰਨਾਕ ਹਾਦਸਿਆਂ ਵਿੱਚ ਦੋਸ਼ੀ 'ਸਿੰਘ' ਨਾਮ ਵਾਲਾ ਚੌਥਾ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰ ਵੀ ਹੈ।

ਹੁਣ ਵਿਆਹ ਕਰਵਾ ਕੇ ਕੈਨੇਡਾ ਜਾਣ ਵਾਲੇ ਜੋੜੇ ਹੋ ਜਾਣ ਸਾਵਧਾਨ! ਲੱਗ ਸਕਦੈ 5 ਸਾਲ ਤੱਕ ਦਾ ਬੈਨ

ਓਟਵਾ, 22 ਮਈ (ਚ.ਨ.ਸ): ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਤੇ ਪੀ.ਆਰ. ਹਾਸਲ ਕਰਨ ਲਈ ਵਿਆਹ ਨੂੰ ਸ਼ਾਰਟਕੱਟ ਵਜੋਂ ਵਰਤਣ ਵਾਲੇ ਲੋਕਾਂ ਖ਼ਿਲਾਫ਼ ਕੈਨੇਡਾ ਸਰਕਾਰ ਨੇ ਸ਼ਿਕੰਜਾ ਕੱਸ ਦਿੱਤਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ, ਰਿਫਊਜੀਜ਼ ਤੇ ਸਿਟੀਜ਼ਨਸ਼ਿਪ ਵਿਭਾਗ ਨੇ ਇੱਕ ਵਿਸ਼ੇਸ਼ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਸਿਰਫ਼ ਕੈਨੇਡਾ 'ਚ ਦਾਖ਼ਲ ਹੋਣ ਜਾਂ ਉਥੋਂ ਦੀ ਨਾਗਰਿਕਤਾ ਲੈਣ ਦੇ ਮਕਸਦ ਨਾਲ ਕੀਤੇ ਗਏ ਫ਼ਰਜ਼ੀ ਵਿਆਹਾਂ (ਕੰਟਰੈਕਟ ਮੈਰਿਜ) ਨੂੰ 'ਸਹੂਲਤ ਦਾ ਰਿਸ਼ਤਾ' ਮੰਨਿਆ ਜਾਵੇਗਾ, ਜੋ ਕਿ ਇੱਕ ਗੰਭੀਰ ਕਾਨੂੰਨੀ ਅਪਰਾਧ ਹੈ। ਅਜਿਹਾ ਕਰਨ ਵਾਲੇ ਸਪਾਂਸਰ ਤੇ ਬਿਨੈਕਾਰ ਦੋਵਾਂ ਨੂੰ ਭਾਰੀ ਨਤੀਜੇ ਭੁਗਤਣੇ ਪੈਣਗੇ। ਆਈਆਰਸੀਸੀ ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਜੇਕਰ ਕੋਈ ਵਿਦੇਸ਼ੀ ਨਾਗਰਿਕ ਕੈਨੇਡੀਅਨ ਨਾਗਰਿਕ ਜਾਂ ਉਥੋਂ ਦੇ ਸਥਾਈ ਨਿਵਾਸੀ ਨਾਲ ਸਿਰਫ਼ ਵੀਜ਼ਾ ਲੈਣ ਲਈ ਵਿਆਹ ਕਰਦਾ ਹੈ ਤਾਂ ਉਸ ਦਾ ਵੀਜ਼ਾ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਸ ਵਿਅਕਤੀ 'ਤੇ ਕੈਨੇਡਾ ਆਉਣ ਲਈ 5 ਸਾਲਾਂ ਦਾ ਬੈਨ ਲਗਾ ਦਿੱਤਾ ਜਾਵੇਗਾ।

ਇਹ ਧੋਖਾਧੜੀ ਬਿਨੈਕਾਰ ਦੇ ਸਥਾਈ ਇਮੀਗ੍ਰੇਸ਼ਨ ਰਿਕਾਰਡ ਵਿੱਚ ਦਰਜ ਹੋ ਜਾਵੇਗੀ, ਜਿਸ ਕਾਰਨ ਭਵਿੱਖ ਵਿੱਚ ਉਸ ਨੂੰ ਕਿਸੇ ਵੀ ਦੇਸ਼ ਦਾ ਵੀਜ਼ਾ ਮਿਲਣਾ ਮੁਸ਼ਕਿਲ ਹੋ ਜਾਵੇਗਾ। ਇਸ ਤੋਂ ਇਲਾਵਾ ਕੈਨੇਡਾ 'ਚ ਰਹਿ ਰਹੇ ਉਨ੍ਹਾਂ ਲੋਕਾਂ ਨੂੰ ਵੀ ਸਖ਼ਤ ਹਦਾਇਤ ਕੀਤੀ ਗਈ ਹੈ, ਜੋ ਪੈਸੇ ਦੇ ਲਾਲਚ ਜਾਂ ਕਿਸੇ ਦਬਾਅ ਹੇਠ ਆ ਕੇ ਅਜਿਹੇ ਫ਼ਰਜ਼ੀ ਵਿਆਹਾਂ ਲਈ ਹਾਮੀ ਭਰਦੇ ਹਨ। ਕੈਨੇਡੀਅਨ ਕਾਨੂੰਨ ਮੁਤਾਬਿਕ ਵਿਆਹ ਟੁੱਟਣ ਜਾਂ ਰਿਸ਼ਤਾ ਖ਼ਤਮ ਹੋਣ ਦੇ ਬਾਵਜੂਦ, ਸਪਾਂਸਰ ਕਰਨ ਵਾਲੇ ਵਿਅਕਤੀ ਨੂੰ 3 ਸਾਲਾਂ ਤੱਕ ਆਪਣੇ ਸਾਥੀ ਦਾ ਸਾਰਾ ਵਿੱਤੀ ਖ਼ਰਚਾ ਚੁੱਕਣਾ ਪਵੇਗਾ। ਜੇਕਰ ਸਪਾਂਸਰ ਕੀਤਾ ਸਾਥੀ ਕੈਨੇਡਾ ਆ ਕੇ ਸਰਕਾਰੀ ਵੈਲਫੇਅਰ ਲੈਂਦਾ ਹੈ ਤਾਂ ਉਹ ਸਾਰਾ ਪੈਸਾ ਸਰਕਾਰ ਸਪਾਂਸਰ ਕੋਲੋਂ ਵਸੂਲ ਕਰੇਗੀ। ਜਦੋਂ ਤੱਕ ਇਹ ਕਰਜ਼ਾ ਨਹੀਂ ਉਤਾਰਿਆ ਜਾਂਦਾ, ਸਪਾਂਸਰ ਕਿਸੇ ਹੋਰ ਨੂੰ ਕੈਨੇਡਾ ਨਹੀਂ ਬੁਲਾ ਸਕੇਗਾ। ਪੈਸੇ ਲੈ ਕੇ ਵਿਆਹ ਕਰਵਾਉਣ ਵਾਲੇ ਕੈਨੇਡੀਅਨ ਨਾਗਰਿਕਾਂ 'ਤੇ ਅਪਰਾਧਿਕ ਮੁਕੱਦਮਾ ਚਲਾਇਆ ਜਾ ਸਕਦਾ ਹੈ ਤੇ ਉਨ੍ਹਾਂ ਨੂੰ ਜੇਲ੍ਹ ਵੀ ਹੋ ਸਕਦੀ ਹੈ।

ਧੀ ਦੀ ਉਮਰ ਦੀ ਕੁੜੀ ਨਾਲ 42 ਸਾਲਾ ਬੰਦੇ ਨੇ ਕਰਵਾਇਆ ਵਿਆਹ

☛ਲਾੜੇ ਸਣੇ 13 ਖ਼ਿਲਾਫ਼ ਐਫ.ਆਈ.ਆਰ. ਦਰਜ

ਇੰਦੌਰ, 22 ਮਈ (ਚ.ਨ.ਸ): ਮੱਧ ਪ੍ਰਦੇਸ਼ ਦੇ ਇੰਦੌਰ 'ਚ ਪ੍ਰਸ਼ਾਸਨ ਦੀ ਚਿਤਾਵਨੀ ਅਣਸੁਣੀ ਕਰਦੇ ਹੋਏ 13 ਸਾਲਾ ਕੁੜੀ ਦਾ ਵਿਆਹ 42 ਸਾਲਾ ਵਿਅਕਤੀ ਨਾਲ ਕਰਵਾਏ ਜਾਣ ਦੇ ਮਾਮਲੇ 'ਚ ਪੁਲਿਸ ਨੇ ਲਾੜੇ, ਉਸ ਦੇ ਪਰਿਵਾਰ ਵਾਲਿਆਂ ਤੇ ਕੁੜੀ ਦੇ ਦਾਦਾ-ਦਾਦੀ ਸਮੇਤ 13 ਲੋਕਾਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਹੈ। ਬਾਲ ਵਿਆਹ ਖ਼ਿਲਾਫ਼ ਮਹਿਲਾ ਤੇ ਬਾਲ ਵਿਕਾਸ ਵਿਭਾਗ ਵੱਲੋਂ ਗਠਿਤ ਉਡਣ ਦਸਤੇ ਦੇ ਇੰਚਾਰਜ ਮਹੇਂਦਰ ਪਾਠਕ ਨੇ ਦੱਸਿਆ ਕਿ ਕੁੜੀ ਦੇ ਪਿਤਾ ਦੀ ਮੌਤ ਤੋਂ ਬਾਅਦ ਉਸ ਦੀ ਮਾਂ ਨੇ ਦੂਜਾ ਵਿਆਹ ਕਰ ਲਿਆ ਸੀ ਤੇ ਕੁੜੀ ਆਪਣੇ ਭਰਾ-ਭੈਣਾਂ ਨਾਲ ਦਾਦਾ-ਦਾਦੀ ਕੋਲ ਰਹਿ ਰਹੀ ਸੀ। ਪਾਠਕ ਨੇ ਦੱਸਿਆ ਕਿ ਕੁੜੀ ਦੇ ਦਾਦੇ ਨੇ ਪੋਤੇ ਦੇ ਵਿਆਹ ਦੇ ਬਦਲੇ 26 ਅਪ੍ਰੈਲ ਨੂੰ ਆਪਣੀ 13 ਸਾਲਾ ਪੋਤੀ ਦਾ ਵਿਆਹ 42 ਸਾਲਾ ਵਿਅਕਤੀ ਨਾਲ ਕਰਵਾ ਦਿੱਤਾ। ਉਨ੍ਹਾਂ ਕਿਹਾ ਕਿ ਲਾੜੇ ਦੇ ਪਿਤਾ ਨੇ ਕੁੜੀ ਦੇ ਦਾਦੇ ਦੇ ਸਾਹਮਣੇ ਸ਼ਰਤ ਰੱਖੀ ਸੀ ਕਿ ਉਹ ਆਪਣੀ ਧੀ ਦਾ ਵਿਆਹ ਉਸ ਦੇ ਪੋਤੇ ਨਾਲ ਉਦੋਂ ਕਰਵਾਏਗਾ, ਜਦੋਂ ਬਦਲੇ 'ਚ ਦਾਦਾ ਆਪਣੀ 13 ਸਾਲਾ ਪੋਤੀ ਦਾ ਵਿਆਹ ਉਸ ਦੇ 42 ਸਾਲਾ ਪੁੱਤ ਨਾਲ ਕਰਵਾਏਗਾ। ਉਨ੍ਹਾਂ ਦੱਸਿਆ ਕਿ ਲਾੜਾ, ਉਸ ਦੇ ਪਰਿਵਾਰ ਵਾਲਿਆਂ ਤੇ ਕੁੜੀ ਦੇ ਦਾਦਾ-ਦਾਦੀ ਸਮੇਤ 13 ਲੋਕਾਂ ਖ਼ਿਲਾਫ਼ ਬਾਲ ਵਿਆਹ ਰੋਕੂ ਐਕਟ 2006 ਦੇ ਅਧੀਨ ਐਫਆਈਆਰ ਦਰਜ ਕੀਤੀ।ਪਾਠਕ ਨੇ ਕਿਹਾ ਕਿ ਕੁੜੀ ਦੇ ਬਾਲ ਵਿਆਹ ਲਈ ਫਰਜ਼ੀ ਮਾਰਕਸ਼ੀਟ ਵੀ ਤਿਆਰ ਕੀਤੀ ਗਈ। ਇਸ ਸਬੰਧ 'ਚ ਪ੍ਰਸ਼ਾਸਨ ਦੀ ਜਾਂਚ ਜਾਰੀ ਹੈ।

ਸਫ਼ਾਈ ਸੇਵਕਾਂ ਨੇ ਹੜਤਾਲ ਖਤਮ ਕਰਨ ਤੋਂ ਬਾਅਦ ਆਰੰਭੀ ਸਫ਼ਾਈ ਮੁਹਿੰਮ

ਅਮਲੋਹ, 22 ਮਈ (ਜਸਵੰਤ ਸਿੰਘ): ਨਗਰ ਕੌਂਸਲ ਦੇ ਸਫ਼ਾਈ ਸੇਵਕਾਂ ਦੀਆਂ ਸਰਕਾਰ ਵੱਲੋਂ ਮੰਗਾਂ ਪ੍ਰਵਾਨ ਕਰਨ ਉਪਰੰਤ ਸਫ਼ਾਈ ਸੇਵਕਾਂ ਨੇ ਆਪਣੀ ਹੜਤਾਲ ਖਤਮ ਕਰਦੇ ਹੋਏ ਸ਼ਹਿਰ ਵਿੱਚ ਸੁੱਟੀ ਪਈ ਥਾਂ-ਥਾਂ ਤੋਂ ਗੰਦਗੀ ਚੁੱਕਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਵਰਣਨਯੋਗ ਹੈ ਕਿ ਇਸ ਹੜਤਾਲ ਕਾਰਨ ਸ਼ਹਿਰ ਦੇ ਹਰ ਪਾਸੇ ਗੰਦਗੀ ਦੇ ਢੇਰ ਸਨ, ਜਿਸ ਕਾਰਨ ਸ਼ਹਿਰ ਵਿੱਚ ਬਿਮਾਰੀ ਫੈਲਣ ਦਾ ਵੀ ਖਤਰਾ ਸੀ। ਯੂਨੀਅਨ ਦੇ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੂੰ ਸਹਿਯੋਗ ਦੇਣ ਵਾਲੀਆਂ ਜਥੇਬੰਦੀਆਂ, ਮੀਡੀਆ ਤੇ ਲੋਕਾਂ ਦਾ ਧੰਨਵਾਦ ਕੀਤਾ।

ਈਰਾਨ ਜੰਗ ਨੂੰ ਲੈ ਕੇ ਫ਼ੋਨ ਕਾਲ 'ਤੇ ਆਪਸ 'ਚ ਭਿੜੇ ਟਰੰਪ-ਨੇਤਨਯਾਹੂ

☛ਇਜ਼ਰਾਈਲੀ ਪੀਐਮ ਬੋਲੇ-ਵੱਡੀ ਭੁੱਲ ਕਰ ਰਹੇ ਹੋ ਤੁਸੀਂ

ਨਵੀਂ ਦਿੱਲੀ, 22 ਮਈ (ਚ.ਨ.ਸ): ਈਰਾਨ ਦੇ ਮੁੱਦੇ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਇਜ਼ਰਾਈਲੀ ਪੀਐਮ ਬੈਂਜਾਮਿਨ ਨੇਤਨਯਾਹੂ ਵਿਚਾਲੇ ਫ਼ੋਨ 'ਤੇ ਗੱਲਬਾਤ ਦੌਰਾਨ ਜ਼ਬਰਦਸਤ ਬਹਿਸ ਹੋਈ ਹੈ। ਟਰੰਪ ਜਿੱਥੇ ਨਵੀਂ ਡੀਲ ਦੇ ਨਾਲ ਜੰਗ ਰੋਕਣ ਦੀ ਕੋਸ਼ਿਸ਼ ਵਿੱਚ ਹਨ, ਉਥੇ ਹੀ ਨੇਤਨਯਾਹੂ ਈਰਾਨ ਖ਼ਿਲਾਫ਼ ਮੁੜ ਫ਼ੌਜੀ ਕਾਰਵਾਈ ਚਾਹੁੰਦੇ ਹਨ। ਇਸੇ ਮੁੱਦੇ ਨੂੰ ਲੈ ਕੇ ਦੋਵਾਂ ਆਗੂਆਂ ਵਿਚਾਲੇ ਇੱਕ ਘੰਟੇ ਤੱਕ ਫ਼ੋਨ 'ਤੇ ਤਿੱਖੀ ਤੇ ਤਣਾਅਪੂਰਨ ਗੱਲਬਾਤ ਹੋਈ। ਦਰਅਸਲ, ਇਜ਼ਰਾਈਲੀ ਪੀਐਮ ਨੇਤਨਯਾਹੂ ਨਾਲ ਮਤਭੇਦ ਹੋਣ ਦੇ ਬਾਵਜੂਦ, ਟਰੰਪ ਨੇ ਈਰਾਨ ਨੀਤੀ ਨੂੰ ਲੈ ਕੇ ਜਨਤਕ ਤੌਰ 'ਤੇ ਇਕਜੁੱਟ ਰੁਖ਼ ਅਪਣਾਇਆ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਈਰਾਨ ਦੇ ਮੁੱਦੇ 'ਤੇ ਨੇਤਨਯਾਹੂ ਉਹੀ ਕਰਨਗੇ ਜੋ ਮੈਂ ਉਨ੍ਹਾਂ ਤੋਂ ਕਰਵਾਉਣਾ ਚਾਹੁੰਦਾ ਹਾਂ, ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੇ ਆਪਸੀ ਸਬੰਧ ਚੰਗੇ ਹਨ। ਪਰ ਹਾਲ ਹੀ ਵਿੱਚ ਫ਼ੋਨ 'ਤੇ ਹੋਈ ਗੱਲਬਾਤ ਦੌਰਾਨ ਦੋਵਾਂ ਵਿਚਾਲੇ ਡੂੰਘੇ ਮਤਭੇਦ ਉਭਰ ਕੇ ਸਾਹਮਣੇ ਆਏ ਹਨ। ਐਕਸੀਓਸ ਦੀ ਰਿਪੋਰਟ ਮੁਤਾਬਿਕ ਅਮਰੀਕੀ ਰਾਸ਼ਟਰਪਤੀ ਟਰੰਪ ਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਈਰਾਨ ਦੇ ਮੁੱਦੇ 'ਤੇ ਸਹਿਮਤ ਨਹੀਂ ਹਨ। ਮੀਡੀਆ ਰਿਪੋਰਟਾਂ ਅਨੁਸਾਰ ਦੋਵਾਂ ਆਗੂਆਂ ਵਿਚਾਲੇ ਇੱਕ ਘੰਟੇ ਤੱਕ ਤਣਾਅਪੂਰਨ ਗੱਲਬਾਤ ਹੋਈ, ਜਿਸ ਦੌਰਾਨ ਇਜ਼ਰਾਈਲੀ ਨੇਤਾ ਨੇ ਈਰਾਨ 'ਤੇ ਹਵਾਈ ਹਮਲੇ ਫ਼ਿਰ ਤੋਂ ਸ਼ੁਰੂ ਕਰਨ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਤੁਸੀਂ ਵੱਡੀ ਭੁੱਲ ਕਰ ਰਹੇ ਹੋ। ਜਦਕਿ ਟਰੰਪ ਨੇ ਹਥਿਆਰਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਕੂਟਨੀਤੀ ਨੂੰ ਮੌਕਾ ਦੇਣ 'ਤੇ ਬਲ ਦਿੱਤਾ।

ਯੂਨਾਈਟਿਡ ਸਿੱਖਸ ਵੱਲੋਂ ਸਤਲੁਜ ਦੇ ਨਾਲ ਸੁਰੱਖਿਆ ਬੰਨ੍ਹ ਬਣਾਉਣ ਦਾ ਉਪਰਾਲਾ

ਫ਼ਿਰੋਜ਼ਪੁਰ, 22 ਮਈ (ਚ.ਨ.ਸ): ਸੰਯੁਕਤ ਰਾਸ਼ਟਰ ਨਾਲ ਸਬੰਧਤ ਸੰਸਥਾ 'ਯੂਨਾਈਟਿਡ ਸਿੱਖਸ' ਨੇ ਸਤਲੁਜ ਦਰਿਆ ਕਾਰਨ ਵਾਰ-ਵਾਰ ਆਉਣ ਵਾਲੇ ਹੜ੍ਹਾਂ ਤੋਂ ਪਿੰਡਾਂ ਤੇ ਕਿਸਾਨਾਂ ਨੂੰ ਬਚਾਉਣ ਲਈ ਵੱਡਾ ਉਪਰਾਲਾ ਕੀਤਾ ਹੈ। ਸੰਸਥਾ ਨੇ ਮੌਨਸੂਨ ਦੇ ਸੀਜ਼ਨ ਦੌਰਾਨ ਹੜ੍ਹ ਦੇ ਪਾਣੀ ਨੂੰ ਪਿੰਡਾਂ ਵਿੱਚ ਵੜਨ ਤੇ ਖੇਤੀਬਾੜੀ ਯੋਗ ਜ਼ਮੀਨ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣ ਲਈ ਦਰਿਆ ਦੇ ਨਾਜ਼ੁਕ ਸਥਾਨਾਂ 'ਤੇ ਮਜ਼ਬੂਤ ਸੁਰੱਖਿਆ ਬੰਨ੍ਹ ਬਣਾਉਣ ਦਾ ਫੈਸਲਾ ਕੀਤਾ ਹੈ। ਯੂਨਾਈਟਿਡ ਸਿੱਖਸ ਦੇ ਫ਼ਿਰੋਜ਼ਪੁਰ ਜ਼ਿਲ੍ਹਾ ਮੈਨੇਜਰ ਜਗਮੀਤ ਸਿੰਘ ਨੇ ਦੱਸਿਆ ਕਿ ਇਸ ਇਲਾਕੇ ਦੇ ਲੋਕ ਸਾਲਾਂ ਤੋਂ ਹੜ੍ਹਾਂ ਨਾਲ ਸਬੰਧਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਪਰ ਹੁਣ ਤੱਕ ਕੋਈ ਸਥਾਈ ਹੱਲ ਨਹੀਂ ਕੱਢਿਆ ਗਿਆ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ, ਯੂਨਾਈਟਿਡ ਸਿੱਖਸ ਨੇ ਮਨੁੱਖਤਾਵਾਦੀ ਪਹੁੰਚ ਨਾਲ

ਅੱਗੇ ਆ ਕੇ ਇਸ ਅਹਿਮ ਕਾਰਜ ਦੀ ਜ਼ਿੰਮੇਵਾਰੀ ਲਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਸਥਾਨਕ ਸੰਗਤ ਤੇ ਵਲੰਟੀਅਰਾਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ ਤੇ ਆਉਣ ਵਾਲੇ ਸਮੇਂ ਵਿੱਚ ਇਸ ਉਪਰਾਲੇ ਦਾ ਹੋਰ ਵਿਸਤਾਰ ਕੀਤਾ ਜਾਵੇਗਾ। ਜਗਮੀਤ ਸਿੰਘ ਨੇ ਦੱਸਿਆ ਕਿ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡ ਬਸਤੀ ਰਾਮ ਲਾਲ ਨੇੜੇ ਮਜ਼ਬੂਤ ਬੰਨ੍ਹ ਬਣਾਏ ਜਾਣਗੇ, ਜਿਸ ਨਾਲ ਆਸ-ਪਾਸ ਦੇ ਪਿੰਡਾਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ। ਇਸ ਸੇਵਾ ਮੁਹਿੰਮ ਦਾ ਉਦੇਸ਼ ਨਾ ਸਿਰਫ਼ ਵਸਨੀਕਾਂ ਤੇ ਕਿਸਾਨਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ, ਸਗੋਂ ਮਨੁੱਖਤਾ ਤੇ ਨਿਸ਼ਕਾਮ ਸੇਵਾ ਦਾ ਸੁਨੇਹਾ ਫੈਲਾਉਣਾ ਵੀ ਹੈ। ਜਗਮੀਤ ਸਿੰਘ ਨੇ ਦੱਸਿਆ ਕਿ ਪਿੰਡ ਬਸਤੀ ਰਾਮ ਲਾਲ 'ਚ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਜਾਵੇਗਾ, ਜਿਸ ਵਿੱਚ ਸਮਾਜ ਸੇਵੀਆਂ, ਪ੍ਰਮੁੱਖ ਸ਼ਖ਼ਸੀਅਤਾਂ, ਸਿਆਸੀ ਨੁਮਾਇੰਦਿਆਂ ਤੇ ਧਾਰਮਿਕ ਆਗੂਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

ਗਰੀਬ ਲੋਕਾਂ ਲਈ ਮਸੀਹਾ ਹੈ ਕਿਸਾਨ ਮਜ਼ਦੂਰ ਏਕਤਾ ਹਸਪਤਾਲ

ਭੋਗਪੁਰ, 22 ਮਈ (ਜੰਡੀਰ ਸੈਣੀ): ਹਲਕਾ ਆਦਮਪੁਰ ਭੋਗਪੁਰ ਇਲਾਕੇ ਵਿੱਚ ਅਮਰਜੀਤ ਸਿੰਘ ਚੌਲਾਂਗ ਗਰੀਬ ਲੋਕਾਂ ਲਈ ਮਸੀਹਾ ਬਣ ਕੇ ਉਭਰੇ ਹਨ।

ਅਮਰਜੀਤ ਸਿੰਘ ਚੌਲਾਂਗ ਨੇ ਆਪਣਾ ਲੰਬਾ ਜੀਵਨ ਕਿਸਾਨ ਜਥੇਬੰਦੀਆਂ ਨਾਲ ਸੇਵਾ ਵਿੱਚ ਨਿਭਾਇਆ ਹੈ। ਪਿਛਲੇ ਸਮੇਂ ਕਿਸਾਨਾਂ ਵੱਲੋਂ ਚੱਲ ਰਹੀ ਹੜਤਾਲ ਮੌਕੇ ਜਿੱਤ ਪ੍ਰਾਪਤ ਕੀਤੀ ਗਈ ਸੀ ਤਾਂ ਹੜਤਾਲ ਤੋਂ ਵਾਪਸ ਭੋਗਪੁਰ ਪਹੁੰਚਦੇ ਹੀ ਲੋਕਾਂ ਵੱਲੋਂ ਅਮਰਜੀਤ ਸਿੰਘ ਦਾ ਭਰਵਾਂ ਸਵਾਗਤ ਕੀਤਾ ਗਿਆ ਸੀ। ਖੂਬ ਫੁੱਲਾਂ ਦੀ ਵਰਖਾ ਹੋਈ ਸੀ ਤੇ ਅੱਜ ਅਮਰਜੀਤ ਸਿੰਘ ਚੌਲਾਂਗ ਨੇ ਭੋਗਪੁਰ ਦੇ ਨਜ਼ਦੀਕ ਪਿੰਡ

ਪਾਉਂਟਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਸਮਰਪਿਤ ਕੀਰਤਨ ਸਮਾਗਮ

ਲੁਧਿਆਣਾ, 22 ਮਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਪਾਉਂਟਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਬੜੀ ਸ਼ਰਧਾ ਭਾਵਨਾ ਦੇ ਨਾਲ ਕਰਵਾਇਆ ਗਿਆ। ਜਿਸ ਅੰਦਰ ਵਿਸ਼ੇਸ਼ ਤੌਰ 'ਤੇ ਆਪਣੇ ਕੀਰਤਨੀ ਜੱਥੇ ਸਮੇਤ ਹਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਜਬਰਤੋੜ ਸਿੰਘ ਹਜੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਵੱਲੋਂ ਸਾਝੇ ਤੌਰ 'ਤੇ ਕੀਰਤਨੀ ਜੱਥੇ ਦੇ ਮੈਬਰਾਂ ਨੂੰ ਸਿਰਪਾਓ ਭੇਟ ਕੀਤੇ ਗਏ।

ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਹੁਦੇਦਾਰ ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਹਰਪਾਲ ਸਿੰਘ ਖਾਲਸਾ, ਬਲਬੀਰ ਸਿੰਘ ਭਾਟੀਆ, ਹਰਵਿੰਦਰ ਸਿੰਘ ਕੋਹਲੀ, ਹਰਮੀਤ ਸਿੰਘ ਡੰਗ, ਗੁਰਦੀਪ ਸਿੰਘ ਡੀਮਾਰਟੇ, ਭੁਪਿੰਦਰ ਸਿੰਘ ਜੁਨੇਜਾ, ਖੁਸ਼ਹਾਲ ਸਿੰਘ, ਜੋਗਿੰਦਰ ਸਿੰਘ ਸਲੂਜਾ, ਅਵਤਾਰ ਸਿੰਘ ਮਿੱਢਾ, ਅਵਤਾਰ ਸਿੰਘ ਬੀ. ਕੇ ਵਿਸੇਸ਼ ਤੌਰ 'ਤੇ ਹਾਜ਼ਰ ਸਨ!

ਵਿਧਾਇਕ ਨੇ ਵਿਕਾਸ ਕਾਰਜਾਂ ਲਈ 5 ਲੱਖ ਦੀ ਰਾਸ਼ੀ ਸੌਂਪੀ

ਡੇਹਲੋਂ, 22 ਮਈ (ਸੰਜੀਵ ਲਹਿਲ) : ਡੇਹਲੋਂ ਨੇੜਲੇ ਪਿੰਡ ਗੁਰਮ ਜੋ ਕਿ ਅਮਰ ਸ਼ਹੀਦ ਅਤੇ ਸ਼ਹੀਦਾਂ ਦੇ ਸਰਤਾਜ ਕਹੇ ਜਾਣ ਵਾਲੇ ਧੰਨ ਧੰਨ ਬਾਬਾ ਦੀਪ ਸਿੰਘ ਜੀਆਂ ਦੇ ਜਨਮ ਅਸਥਾਨ ਡੇਹਲੋਂ ਨੇੜਲੇ ਪਿੰਡ ਗੁਰਮ ਦੇ ਸਰਪੰਚ ਜਗਮੋਹਨ ਸਿੰਘ ਨੂੰ ਜਿੱਥੇ ਹਲਕਾ ਗਿੱਲ ਤੋਂ ਵਿਧਾਇਕ ਸਰਦਾਰ ਜੀਵਨ ਸਿੰਘ ਸੰਗੋਵਾਲ ਵੱਲੋਂ 5 ਲੱਖ ਰੁਪਏ ਦੀ ਰਾਸ਼ੀ ਸੌਂਪੀ ਗਈ। ਉੱਥੇ ਹੀ ਉਹਨਾਂ ਮਾਰਕੀਟ ਕਮੇਟੀ ਕਿਲ੍ਹਾ ਰਾਏਪੁਰ ਦੇ ਚੇਅਰਮੈਨ ਅਤੇ ਪਿੰਡ ਗੁਰਮ ਦੇ ਵਸਨੀਕ ਜਗਦੀਪ ਸਿੰਘ ਜੀਵਨ ਸਿੰਘ ਸੰਗੋਵਾਲ ਨੇ ਮੁਕੰਦਪੁਰ ਤੋਂ ਪਿੰਡ ਖਟੜੇ ਨੂੰ ਜਾਣ ਵਾਲੀ ਕੱਚੀ ਪਹੀ ਜੋ ਕਿ ਆਮ ਤੌਰ 'ਤੇ ਖੇਤਾਂ ਵਾਲੇ ਕਿਸਾਨ ਹੀ ਜਿਸ ਨੂੰ ਵਰਤ ਯੂਜ਼ ਕਰਦੇ ਸਨ, ਉਸ ਨੂੰ ਪੱਕੀ ਸੜਕ ਬਣਾ ਦਿੱਤਾ ਅਤੇ ਇਹ ਸੜਕ ਦਾ ਨਾਂ ਬਾਬਾ ਦੀਪ ਸਿੰਘ ਦੇ ਨਾਂ 'ਤੇ ਰੱਖ ਦਿੱਤਾ ਗਿਆ। ਉਹਨਾਂ ਕਿਹਾ ਸੁਸ਼ੋਭਿਤ ਗੁਰੂ ਘਰ ਵਿੱਚ ਜੋ ਵੀ ਵਿਅਕਤੀ ਸੱਚੇ ਮਨ ਨਾਲ ਆਉਂਦਾ ਹੈ, ਉਸ ਦੀਆਂ ਮਨੋਕਾਮਨਾਵਾਂ ਬਾਬਾ ਜੀ ਪੂਰੀਆਂ ਕਰਦੇ ਹਨ। ਉਹਨਾਂ ਕਿਹਾ ਕਿ ਜੋ ਵੀ ਅੱਜ ਤੱਕ ਉਹ ਜਿਸ ਮੁਕਾਮ 'ਤੇ ਪਹੁੰਚੇ ਹਨ, ਉਹ ਬਾਬਾ ਜੀ ਦੇ ਆਸ਼ੀਰਵਾਦ ਨਾਲ ਪਹੁੰਚੇ ਹਨ। ਉਹਨਾਂ ਕਿਹਾ ਕਿ ਇਸ ਪਿੰਡ ਦੇ ਵਿਕਾਸ ਦੇ ਲਈ ਅਸੀਂ ਫੰਡਾਂ ਦੀ ਘਾਟ ਆਉਣ ਨਹੀਂ ਦੇਵਾਂਗੇ। ਇਸ ਸਮੇਂ ਉਚੇਚੇ ਤੌਰ 'ਤੇ ਛਿੰਦਾ ਪੰਚੀਹੜ ਪ੍ਰਧਾਨ ਟਰੱਕ ਯੂਨੀਅਨ ਜਗਰੂਪ ਸਿੰਘ ਬਲਾਕ ਸੰਮਤੀ ਮੈਂਬਰ ਡੇਹਲੋਂ ਕੁਲਵੀਰ ਸਿੰਘ ਬਿੱਟੂ ਸਰਪੰਚ ਰੁੜਕਾ ਵੱਲੋਂ ਵੀ ਉਚੇਚੇ ਤੌਰ 'ਤੇ ਵਿਧਾਇਕ ਸਾਹਿਬ ਪੀਏ ਜਸਬੀਰ ਸਿੰਘ ਜੱਸੀ ਦਾ ਵੀ ਧੰਨਵਾਦ ਕੀਤਾ ਗਿਆ ।

ਮੰਤਰੀ ਮੁੰਡੀਆਂ ਦੇ ਹੁਕਮਾਂ 'ਤੇ ਚੇਅਰਮੈਨ ਦਰਸ਼ਨ ਮਾਹਲਾ ਨੇ ਪੰਚਾਇਤਾਂ ਨੂੰ ਵੰਡੇ ਗਰਾਂਟਾਂ ਦੇ ਚੈਕ

ਸਾਹਨੇਵਾਲ ਕੁਹਾੜਾ, 22 ਮਈ (ਕੁਲਦੀਪ ਸਿੰਘ ਕੁਹਾੜਾ) : ਬੀਤੇ ਦਿਨ ਹਲਕਾ ਸਾਹਨੇਵਾਲ ਅਧੀਨ ਪੈਂਦੀਆ ਪੰਚਾਇਤਾਂ ਪਿੰਡ ਭਾਮੀਆ ਕਲਾਂ, ਪਿੰਡ ਭਾਮੀਆ ਖੁਰਦ ਅਤੇ ਤਾਜਪੁਰ ਬੇਟ ਨੂੰ ਬਲਾਕ ਦੋ ਲੁਧਿਆਣਾ ਦੇ ਚੇਅਰਮੈਨ ਦਰਸ਼ਨ ਸਿੰਘ ਮਾਹਲਾ ਦੇ ਵੱਲੋਂ ਗਰਾਂਟਾਂ ਦੇ ਚੈਕ ਵੰਡੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਰਸ਼ਨ ਸਿੰਘ ਮਾਹਲਾ ਨੇ ਆਖਿਆ ਕਿ ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੇ ਵੱਲੋਂ ਲਗਾਤਾਰ ਹਲਕੇ ਅੰਦਰ ਵਿਕਾਸ ਕਾਰਜਾਂ ਦੇ ਕੰਮਾਂ ਸਬੰਧੀ ਗਰਾਂਟਾਂ ਦੇ ਗੱਫੇ ਦਿੱਤੇ ਜਾ ਰਹੇ ਹਨ। ਇਸ ਸਬੰਧੀ ਪਿੰਡ ਭਾਮੀਆ ਖੁਰਦ, ਭਾਮੀਆ ਕਲਾਂ ਤੇ ਤਾਜਪੁਰ ਬੇਟ ਦੇ ਪਿੰਡਾਂ ਲਈ ਵੀ ਵਿਕਾਸ ਕਾਰਜਾਂ ਲਈ ਗਰਾਂਟਾਂ ਜਾਰੀ ਹੋਈਆਂ ਸਨ। ਇਸ ਸਬੰਧੀ ਅੱਜ ਮੰਤਰੀ ਸਾਹਿਬ ਦੇ ਹੁਕਮਾਂ ਸਦਕਾ ਸਰਪੰਚ ਸਾਹਿਬਾਨਾਂ ਨੂੰ ਦਫਤਰ ਬੁਲਾ ਕੇ ਗਰਾਂਟਾਂ ਦੇ ਚੈੱਕ ਵੰਡੇ ਗਏ। ਉੱਥੇ ਹੀ ਸਰਪੰਚ ਸਾਹਿਬਾਨਾਂ ਨੇ ਸਰਕਾਰ ਦੀ ਦੱਬ ਕੇ ਤਾਰੀਫ ਕਰਦੇ ਆਖਿਆ ਕਿ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਦੇ ਕੰਮ ਕਰਵਾਏ ਜਾ ਰਹੇ ਹਨ ਅਤੇ ਮੰਤਰੀ ਹਰਦੀਪ ਸਿੰਘ ਮੁੰਡੀਆ ਅਤੇ ਚੇਅਰਮੈਨ ਮਾਹਲਾ ਵਿਕਾਸ ਕਾਰਜਾਂ ਦੇ ਕੰਮ ਕਰਵਾਉਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡ ਰਹੇ। ਉਹਨਾਂ ਕਿਹਾ ਕਿ ਅਸੀਂ ਪੰਜਾਬ ਸਰਕਾਰ, ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਚੇਅਰਮੈਨ ਮਾਹਲਾ ਦਾ ਧੰਨਵਾਦ ਕਰਦੇ ਹਾਂ। ਇਸ ਮੌਕੇ ਸਰਪੰਚ ਭਾਮੀਆ ਕਲਾ ਪਰਮਿੰਦਰ ਸਿੰਘ ਸੋਨੂ, ਸਰਪੰਚ ਪਿੰਡ ਭਾਮੀਆ ਖੁਰਦ ਕੁਲਵੰਤ ਸਿੰਘ, ਸਰਪੰਚ ਤਾਜਪੁਰ ਬੇਟ ਹਰਜਿੰਦਰ ਸਿੰਘ ਸਿੱਧੂ, ਸਰਪੰਚ ਹਰਤੇਜ ਤੇਜੀ, ਸਰਪੰਚ ਪਿੰਡ ਸਸਰਾਲੀ ਆਦਿ ਹੋਰ ਵੀ ਹਾਜ਼ਰ ਸਨ।

ਸੋਧ

ਮਿਤੀ 21.04.2026 ਨੂੰ ਚੜ੍ਹਦੀਕਲਾ ਪੰਜਾਬੀ ਅਖ਼ਬਾਰ ਵਿਚ ਪ੍ਰਕਾਸ਼ਿਤ ਐਸਸੀਓ ਨੰ. 40, ਸੈਕਟਰ 7-ਸੀ, ਚੰਡੀਗੜ੍ਹ (ਸੀਪੀ 1981) ਨਾਲ ਸਬੰਧਤ ਸੰਪੱਤੀ ਤਬਾਦਲਾ ਇਸ਼ਤਿਹਾਰ ਦੀ ਨਿਰੰਤਰਤਾ ਵਿਚ, ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸਵਰਗੀ ਸ੍ਰੀ ਸੁਭਾਸ਼ ਚੰਦਰ ਭੱਲਾ ਦੇ ਦੇਹਾਂਤ ਦੀ ਮਿਤੀ ਗਲਤੀ ਨਾਲ ਸਹੀ ਮਿਤੀ 27.04.2018 ਦੀ ਥਾਂ 'ਤੇ 27.04.2017 ਵਜੋਂ ਪ੍ਰਕਾਸ਼ਿਤ ਹੋ ਗਈ ਸੀ। ਬਾਕੀ ਸਮੱਗਰੀ ਪਹਿਲਾਂ ਵਾਲੀ ਹੀ ਰਹੇਗੀ।

ਬ੍ਰਿਗੇਡੀਅਰ ਚੀਮਾ ਵੱਲੋਂ 3 ਪੰਜਾਬ ਬਟਾਲੀਅਨ ਦੀ ਏ.ਐਮ.ਡੀ. ਇੰਸਪੈਕਸ਼ਨ

ਲੁਧਿਆਣਾ, 22 ਮਈ (ਵਿਸ਼ਾਲ ਸ਼ਰਮਾ): ਬ੍ਰਿਗੇਡੀਅਰ ਪੀਐਸ ਚੀਮਾ ਐਸਐਮ, ਵੀਐਸਐਮ ਗਰੁੱਪ ਕਮਾਂਡਰ ਐਨਸੀਸੀ ਗਰੁੱਪ ਐਚਕਿਊ ਲੁਧਿਆਣਾ ਵੱਲੋਂ 3 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ ਲੁਧਿਆਣਾ ਦਾ ਏਐਮਡੀ ਇੰਸਪੈਕਸ਼ਨ ਕੀਤਾ ਗਿਆ। ਬ੍ਰਿਗੇਡੀਅਰ ਪੀਐਸ ਚੀਮਾ ਐਸਐਮ, ਵੀਐਸਐਮ ਯੂਨਿਟ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਦਾ ਸਵਾਗਤ ਕਮਾਂਡਿੰਗ ਅਫਸਰ ਕਰਨਲ ਆਰਐਸ ਚੌਹਾਨ ਵੱਲੋਂ ਗਰਮਜੋਸ਼ੀ ਨਾਲ ਕੀਤਾ ਗਿਆ। ਇੰਸਪੈਕਸ਼ਨ ਦੌਰਾਨ ਬ੍ਰਿਗੇਡੀਅਰ ਪੀਐਸ ਚੀਮਾ, ਐਸਐਮ, ਵੀਐਸਐਮ ਨੇ ਪੀਆਈ ਸਟਾਫ ਏਐਨਓ, ਸੀਟੀਓ, ਜੀਸੀਆਈ, ਸਿਵਲ ਸਟਾਫ ਅਤੇ ਐਨਸੀਸੀ ਕੈਡਿਟਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਅਨੁਸ਼ਾਸਨ ਸਮਰਪਣ ਅਤੇ ਸ਼ਾਨਦਾਰ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕੀਤੀ। ਇਸ ਤੋਂ ਬਾਅਦ ਕਰਨਲ ਆਰਐਸ ਚੌਹਾਨ ਵੱਲੋਂ ਯੂਨਿਟ ਦੀਆਂ ਪ੍ਰਾਪਤੀਆਂ ਅਤੇ ਪ੍ਰਸ਼ਾਸਕੀ ਕੰਮਕਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਆਪਣੇ ਸੰਬੋਧਨ ਵਿੱਚ ਬ੍ਰਿਗੇਡੀਅਰ ਪੀਐਸ ਚੀਮਾ ਐਸਐਮ, ਵੀਐਸਐਮ ਨੇ ਅਨੁਸ਼ਾਸਨ, ਸਮੋਂ ਦੀ ਪਾਬੰਦੀ ਟੀਮ ਵਰਕ ਅਤੇ ਦੇਸ਼ਭਗਤੀ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕੈਡਟਾਂ ਨੂੰ ਐਨਸੀਸੀ ਗਤੀਵਿਧੀਆਂ ਵਿੱਚ ਸਰਗਰਮ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਅਤੇ ਭਵਿੱਖ ਦੇ ਨੇਤਾ ਬਣਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਇੱਕ ਸਨਮਾਨ ਸਮਾਰੋਹ ਵੀ ਕਰਵਾਇਆ ਗਿਆ, ਜਿਸ ਵਿੱਚ ਹਵਾਲਦਾਰ ਅਮਨਦੀਪ ਸਿੰਘ ਅਤੇ ਸੀਟੀਓ ਸ਼ਮਾ ਸ਼ਰਮਾ ਨੂੰ ਐਨਸੀਸੀ ਗਰੁੱਪ ਲੁਧਿਆਣਾ ਮੋਡਲ ਅਤੇ ਲਸਕਰ ਜੀਵਨ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਕੈਡਟ ਨਿਧੀ ਕਿਮੋਠੀ ਨੂੰ ਉਸਦੇ ਸ਼ਾਨਦਾਰ ਪ੍ਰਦਰਸ਼ਨ ਲਈ ਐਨਸੀਸੀ ਪੀਕ ਕੈਪ ਦਿੱਤੀ ਗਈ। ਇਸ ਤੋਂ ਬਾਅਦ ਟੀ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬ੍ਰਿਗੇਡੀਅਰ ਪੀਐਸ ਚੀਮਾ ਐਸਐਮ, ਵੀਐਸਐਮ, ਕਮਾਂਡਿੰਗ ਅਫਸਰ ਕਰਨਲ ਆਰਐਸ ਚੌਹਾਨ, ਯੂਨਿਟ ਸਟਾਫ, ਏਐਨਓ, ਸੀਟੀਓ ਅਤੇ ਕੈਡਟਾਂ ਨੇ ਭਾਗ ਲਿਆ।

ਪੰਜਾਬ ਨੈਸ਼ਨਲ ਬੈਂਕ

....ਭਰੋਸੇ ਦਾ ਪ੍ਰਤੀਕ

ਅਸੇਟ ਰਿਕਵਰੀ ਮੈਨੇਜਮੈਂਟ ਸ਼ਾਖਾ, ਐਸਏਐਸ ਨਗਰ (ਮੋਹਾਲੀ) ਐਸਸੀਓ. 48, ਦੂਜੀ ਮੰਜ਼ਿਲ, ਫੇਜ਼ 2, ਐਸਏਐਸ ਨਗਰ ਮੋਹਾਲੀ, ਪੰਜਾਬ-160055, Email : cs8312@pnb.bank.in

(ਬਿਨਾਂ ਪੱਖਪਾਤ ਦੇ)

1. ਸ਼੍ਰੀਮਤੀ ਕੁਲਵੰਤ ਕੌਰ, ਸ਼੍ਰੀ ਗੁਰਦੇਵ ਸਿੰਘ (ਕਰਜ਼ਦਾਰ), ਵਾਰਡ ਨੰ. 1, ਮਾਤਾ ਗੁਜਰਾ ਕਾਲੋਨੀ, ਨੇੜੇ ਜੋਤੀ ਸਰੂਪ ਗੁਰਦੁਆਰਾ ਸਾਹਿਬ ਸਰਹਿੰਦ (ਰ), ਫਤਿਹਗੜ੍ਹ ਸਾਹਿਬ, ਪੰਜਾਬ 140406।

2. ਸ਼੍ਰੀ ਸੰਦੇਸ਼ਪਾਲ ਸਿੰਘ ਪੁੱਤਰ ਸ਼੍ਰੀ ਗੁਰਦੇਵ ਸਿੰਘ (ਸਹਿ-ਕਰਜ਼ਦਾਰ), ਵਾਰਡ ਨੰ. 1, ਮਾਤਾ ਗੁਜਰਾ ਕਾਲੋਨੀ, ਨੇੜੇ ਜੋਤੀ ਸਰੂਪ ਗੁਰਦੁਆਰਾ ਸਾਹਿਬ ਸਰਹਿੰਦ (ਰ), ਫਤਿਹਗੜ੍ਹ ਸਾਹਿਬ, ਪੰਜਾਬ 140406।

ਪਿਆਰੇ ਸ਼੍ਰੀਮਾਨ/ਸ਼੍ਰੀਮਤੀ,

ਵਿਸ਼ਾ : ਸਰਫਾਇਸੀ ਐਕਟ, 2002 ਦੀ ਧਾਰਾ 13(8) ਅਧੀਨ ਨੋਟਿਸ ਸੁਰੱਖਿਅਤ ਸੰਪਤੀਆਂ ਦੀ ਵਿਕਰੀ ਲਈ ਸੁਰੱਖਿਆ ਹਿੱਤ (ਲਾਗੂ ਕਰਨ) ਨਿਯਮਾਂ ਦੇ ਨਿਯਮ 8(6) ਨਾਲ ਪੜ੍ਹੋ।

ਤੁਹਾਨੂੰ ਪਤਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ, ਜਿਸ ਦਾ ਪ੍ਰਤੀਕ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰਤ ਅਧਿਕਾਰੀ ਦੁਆਰਾ 15.12.2025 ਨੂੰ ਲਿਆ ਗਿਆ ਹੈ, ਨੂੰ 23.06.2026 ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" ਦੇ ਆਧਾਰ 'ਤੇ 29.11.2024 ਨੂੰ 21,42,865.93 ਰੁਪਏ (ਇੱਕੀ ਲੱਖ ਬਿਆਲੀ ਹਜ਼ਾਰ ਅੱਠ ਸੌ ਪੈਂਹਠ ਅਤੇ ਤਰਨਵੇਂ ਪੈਸੇ ਕੇਵਲ) ਦੀ ਵਸੂਲੀ ਲਈ ਵੇਚਿਆ ਜਾਵੇਗਾ, ਜਿਸ ਵਿੱਚ 29.10.2024 ਤੱਕ ਦਾ ਵਿਆਜ ਡੈਬਿਟ ਕੀਤਾ ਜਾਵੇਗਾ ਅਤੇ ਹੋਰ ਵਿਆਜ ਵੀ ਹੋਵੇਗਾ। ਸਰਫੇਸੀ ਐਕਟ ਦੀ ਧਾਰਾ 13(2) ਅਧੀਨ ਜਾਰੀ ਕੀਤੇ ਗਏ **ਮੰਗ ਸੂਚਨਾ 27.02.2025** ਦੇ ਅਨੁਸਾਰ, 30.10.2024 ਸਮੇਤ ਦੰਡ ਵਿਆਜ, ਕਾਨੂੰਨੀ ਅਤੇ ਹੋਰ ਖਰਚੇ, ਜੇਕਰ ਕੋਈ ਹੋਵੇ ਤਾਂ ਘੱਟ ਵਸੂਲੀ, ਪੂਰੀ ਅਦਾਇਗੀ ਤੱਕ। ਲਾਗੂ ਕਰਨ ਲਈ ਇਰਾਦੇ ਵਾਲੀਆਂ ਸੁਰੱਖਿਅਤ ਜਾਇਦਾਦਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਦੱਸੇ ਗਏ ਹਨ:

ਅਚੱਲ ਸੰਪੱਤੀਆਂ ਦਾ ਵੇਰਵਾ

0 ਕਨਾਲ 10 ਮਰਲੇ ਮਾਪ ਵਾਲਾ ਮਕਾਨ ਅਤੇ ਜ਼ਮੀਨ, ਭਾਵ 7 ਕਨਾਲ 0 ਮਰਲੇ ਮਾਪ ਵਾਲੀ ਜਾਇਦਾਦ ਵਿੱਚ 1/14 ਹਿੱਸਾ ਹਦਬਸਤ ਨੰਬਰ 111, ਖੇਵਟ ਨੰਬਰ 159/154, ਖਤੌਨੀ 254, ਖਸਰਾ ਨੰਬਰ 16//22 (7-0), ਕਿਤੇ-1, ਅਟੇਵਾਲੀ, ਤਹਿਸੀਲ ਅਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ ਵਿਖੇ ਸ਼੍ਰੀਮਤੀ ਕੁਲਵੰਤ ਕੌਰ ਨਾਲ ਸ਼੍ਰੀ ਗੁਰਦੇਵ ਸਿੰਘ ਦੇ ਨਾਮ 'ਤੇ ਸਥਿਤ,ਵਸੀਕਾ ਨੰਬਰ 2023-24/26/1/1411 ਮਿਤੀ 22-08-2023, ਸਾਲ 2021-22 ਲਈ ਜਮ੍ਹਾਂਬੰਦੀ ਅਨੁਸਾਰ।

ਧਾਰਾ 13 ਦੀ ਉਕਤ ਉਪ-ਧਾਰਾ 8 ਹੇਠਾਂ ਦੁਬਾਰਾ ਪੇਸ਼ ਕੀਤੀ ਗਈ ਹੈ:

÷ਜਿੱਥੇ ਸੁਰੱਖਿਅਤ ਲੈਣਦਾਰ ਦੇ ਬਕਾਏ ਦੀ ਰਕਮ, ਉਸ ਦੁਆਰਾ ਕੀਤੇ ਗਏ ਸਾਰੇ ਖਰਚਿਆਂ, ਖਰਚਿਆਂ ਅਤੇ ਖਰਚਿਆਂ ਦੇ ਨਾਲ, ਜਨਤਕ ਨਿਲਾਮੀ ਲਈ ਨੋਟਿਸ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਸੁਰੱਖਿਅਤ ਲੈਣਦਾਰ ਨੂੰ ਸੌਂਪੀ ਜਾਂਦੀ ਹੈ ਜਾਂ ਜਨਤਕ ਜਾਂ ਨਿੱਜੀ ਸੰਧੀ ਤੋਂ ਹਵਾਲੇ ਮੰਗਵਾ ਕੇ ਸੁਰੱਖਿਅਤ ਸੰਪਤੀਆਂ ਨੂੰ ਲੀਜ਼, ਅਸਾਈਨਮੈਂਟ ਜਾਂ ਵਿਕਰੀ ਦੁਆਰਾ ਟ੍ਰਾਂਸਫਰ ਲਈ ਸੱਦਾ ਦਿੱਤਾ ਜਾਂਦਾ ਹੈ,

(i) ਸੁਰੱਖਿਅਤ ਸੰਪਤੀਆਂ ਨੂੰ ਲੀਜ਼ ਅਸਾਈਨਮੈਂਟ ਜਾਂ ਵਿਕਰੀ ਦੁਆਰਾ ਸੁਰੱਖਿਅਤ ਕਰਜ਼ਦਾਤਾ ਦੁਆਰਾ ਟ੍ਰਾਂਸਫਰ ਨਹੀਂ ਕੀਤਾ ਜਾਵੇਗਾ, ਅਤੇ

(ii) ਜੇਕਰ, ਇਸ ਉਪ-ਧਾਰਾ ਦੇ ਤਹਿਤ ਅਜਿਹੀ ਰਕਮ ਦੀ ਟੈਂਡਰਿੰਗ ਤੋਂ ਪਹਿਲਾਂ ਸੁਰੱਖਿਅਤ ਲੈਣਦਾਰ ਦੁਆਰਾ ਲੀਜ਼ ਜਾਂ ਅਸਾਈਨਮੈਂਟ ਜਾਂ ਜਾਇਦਾਦ ਦੀ ਵਿਕਰੀ ਦੁਆਰਾ ਟ੍ਰਾਂਸਫਰ ਲਈ ਕੋਈ ਕਦਮ ਚੁੱਕਿਆ ਗਿਆ ਹੈ, ਤਾਂ ਅਜਿਹੇ ਸੁਰੱਖਿਅਤ ਲੈਣਦਾਰ ਦੁਆਰਾ ਲੀਜ਼ ਜਾਂ ਅਸਾਈਨਮੈਂਟ ਜਾਂ ਅਜਿਹੀ ਸੁਰੱਖਿਅਤ ਸੰਪਤੀਆਂ ਦੀ ਵਿਕਰੀ ਦੁਆਰਾ ਟ੍ਰਾਂਸਫਰ ਲਈ ਕੋਈ ਹੋਰ ਕਦਮ ਨਹੀਂ ਚੁੱਕਿਆ ਜਾਵੇਗਾ।

ਇਸ ਲਈ, ਤੁਹਾਡੇ ਪਤਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਸਰਫਾਇਸੀ ਐਕਟ ਦੀ ਧਾਰਾ 13(8) ਦੀ ਪਾਲਣਾ ਵਿੱਚ, ਜੋ ਕਿ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਨਾਲ ਪੜ੍ਹਿਆ ਜਾਂਦਾ ਹੈ, 30 ਦਿਨਾਂ ਦੀ ਮਿਆਦ ਦੇ ਅੰਦਰ ਉਪਰੋਕਤ ਸੁਰੱਖਿਅਤ ਸੰਪਤੀਆਂ ਨੂੰ 29.11.2024 ਨੂੰ **21,42,865.93** ਰੁਪਏ (ਇੱਕੀ ਲੱਖ ਬਿਆਲੀ ਹਜ਼ਾਰ ਅੱਠ ਸੌ ਪੈਂਹਠ ਅਤੇ ਤਰਨਵੇਂ ਪੈਸੇ ਕੇਵਲ) ਦੇ ਮੌਜੂਦਾ ਬਕਾਏ ਦੀ ਅਦਾਇਗੀ ਕਰਕੇ 29.10.2024 ਤੱਕ ਡੈਬਿਟ ਕੀਤੇ ਗਏ ਵਿਆਜ ਦੇ ਨਾਲ ਨਾਲ ਹੋਰ ਵਿਆਜ ਦੀ ਵਾਪਸੀ ਕਰੋ। 30.10.2024 ਸਮੇਤ ਦੰਡ ਵਿਆਜ, ਕਾਨੂੰਨੀ ਅਤੇ ਹੋਰ ਖਰਚੇ, ਜੇਕਰ ਕੋਈ ਹੋਵੇ ਤਾਂ ਘੱਟ ਵਸੂਲੀ, ਜਦੋਂ ਤੱਕ ਪੂਰਾ ਭੁਗਤਾਨ ਨਹੀਂ ਹੋ ਜਾਂਦਾ, ਅਤੇ ਸੁਰੱਖਿਅਤ ਸੰਪਤੀਆਂ ਨੂੰ 16.06.2026 ਨੂੰ

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In The Court of Ms. Dauphin Ghotra
Civil Judge (Junior Division), Dera Bassi
CNR NO. PBSAB0-001407-2025
Next Date: 16.07.2026
CIS No. CS/837/2025
Bhupinder Singh
Versus
Manjit Kaur
Suit for declaration
Notice to: 1. Manjit Kaur Daughter Of Bachan Singh Village Dehar, Tehsil Derabassi, District Sas Nagar. 2. Gurdeep Kaur Daughter Of Bachan Singh Village Dehar, Tehsil Derabassi, District Sas Nagar. 3. Kirandeep Kaur Daughter Of Bachan Singh Village Dehar, Tehsil Derabassi, District Sas Nagar.
In above titled case the defendant(s)/respondent(s) that defendant(s)/respondent(s) should appear in person or through counsel on 16.07.2026 at 10:00 A.M.
for details logon to https://highcourtchd.gov.in/?mod=district_notice &district=mogacourt
Dated this day of 20-05-2026
Sd/- Civil Judge (Junior Division), Dera bassi

In The Court of Sh. Servesh Singh
Judicial Magistrate First Class-1 Sultanpur Lodhi
CNR No.PBKPB1-000882-2024
Next Date: 18.07.2026
NACT/69/2024
Gurwinder Singh
Versus
Gurcharanjit Singh
Detail of offence:- 138 NI Act
Notice to: Gurcharanjit Singh Son Of Mahinderpal Vpo Paramjitpur Teh, Sultanpur Lodhi District Kapurthala.
In the above titled case the accused could not be served. it is ordered that the accused should appear in person or through counsel on 18.07.2026 at 10:00 am.
For details logon to https://highcourtchd.gov.in/?trs=district_notice&district=Kapurthala
Dated this day of 05-05-2026
Sd/- Judicial Magistrate First Class-1 Sultanpur Lodhi

(U/o 5 Rule 20 CPC)
In The Court of Ms. Girish
Principal Judge Family Court, Muktsar
CNR No.PBSM01-005486-2025
Next Date: 02.07.2026
Mela Singh
Versus
Manpreet Kaur
Notice to: Manpreet Kaur Daughter::-Jagsir Singh R/O C/O Prem Kaur Wife Of Reet Singh Wood Mason, Village Lande Rode, Tehsil Bagha Purana, District Moga, Mobile - 6284812319, 6280251727
In above titled case the defendant(s)respondent(s) could not be served. It is ordered that defendant(s)respondent(s) should appear in person or through counsel on **02.**07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 21-05-2026
Sd/- Principal Judge Family Court, Muktsar

(U/o 5 Rule 20 CPC)
In The Court of Sh. Vijay Kumar-1 Civil Judge Junior Division, Bhagha purana
CNR No.PBMOB0-000027-2026
Next Date: 30.05.2026
Harjinder Singh
Versus
Naseeb Kaur
Notice to: 10.Avtar Singh Father::-Malkiat Singh S/O Mehar Singh R/O Village Rode, Tehsil Baghapurana, District Moga 12. Balwinder Singh Father Bahadar Singh S/O Roor Singh R/O Village Rode I, Tehsil Baghapurana, District Moga 13. Jit Singh @ Ajit Singh Father Phino S/O Boor Singh Villaghe Lidhar Near Jandiala Guru, Tarantarn 14. Mukhtair Kaur W/O Uttar Singh S/O Pal Singh R/O Demru Kalan Tehsil Baghapurana, District Moga 16.Harbans Singh S/O Naib Singh S/O Phoola Singh R/O Village Rode, Tehsil Baghapurana, District Moga 19. Balwant Singhb S/O Naib Singh S/O Phoola Singh R/O Village Rode, Tehsil Baghapurana, District Moga 21. Sukhdev Singh S/O Avtar Singh Alias Uttar Singh S/O Pal Singh R/O Demru Kalan Tehsil Baghapurana, District Moga 22. Balwinder Singh S/O Kartar Singh S/O Hamir Singh R/O Village Rode I, Tehsil Baghapurana, District Moga 24. Tek Singh S/O Lal Singh S/O Kandhar Singh R/O Demru Kalan Tehsil Baghapurana, District Moga
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**05.2026 at 10:00 A.M.
For details logon to https://highcourtchd.gov.in/?mod=district_notice&district=mogacourt
Sd/- Civil Judge Junior Division, Bhagha purana

(U/o 5 Rule 20 CPC)
In The Court of Ms. Jatinder Kaur District and Sessions Judge, Amritsar
CNR No.PBAS01-022356-2025
Next Date: 03.07.2026
Case No. CA 241 /2025
Vipan Kumar
Versus
Gulshan Kumar S/O Mohinder Pal Deceases Through Lrs.
Notice to: 2) Sahil Arora S/O Gulshan Kumar 3) Rahul Arora S/O Gulshan Kumar Both R/O H.No. Mc18/848, Khana Shumari Chowk Gate Hakima, Chora Bazar, Amritsar. 4) Rakesh Kumar S/O Bachan Lal, R/O Hno 2072/9, Gali Hatim Tai, Inside Gate Hakima, Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.**07.2026 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 21-05-2026
Sd/- District and Sessions Judge, Amritsar

(U/o 5 Rule 20 CPC)
In The Court of Sh. Ravinderjit Singh Bajwa
Additional District and Sessions Judge, Tarn Taran
Next Date, Purpose of case, Orders and judgments as well as other case information is available on http://district.ecourts.gov.in
CNR NO. PBTT01-002222-2026
Next Date: 03.07.2026
Ajit Singh
Versus
Kashmir Singh
Notice to: 1.Sukhdev Singh S/O Paritma Singh 2.Kartar Singh S/O Amrik Singh 3.Gurjit Singh S/O Baldev Singh 4.Amarjit Singh S/O Baldev Singh 5.Paramjit Kaur W/O Baldev Singh 6.Dilbag Singh S/O Mukhtar Singh 7.Komalpreet Kaur D/O Kanwaljit Singh Through Her Real Uncle Gursahib Singh 8.Manpreet Kaur D/O Kanwaljit Singhthrough Her Real Uncle Namely Gursahib Singh R/O Village Bahadur Nagar Tehsil Patti, District Tarn Taran
In above titled case the defendant(s)/respondent(s) that defendant(s)/respondent(s) should appear in person or through counsel on 03.07.2026 at 10:00 A.M.
for details logon to https://highcourtchd.gov.in/?trs=district_notice &district=Tarn Taran
Dated this day of 18-05-2026
Sd/- Additional District and Sessions Judge, Tarn Taran

(U/o 5 Rule 20 CPC)
In The Court of Sh. Harbans Singh Lekhi
Principal Judge of Family Court, Hoshiarpur Camp Court at Mukerian
CNR No.PBHOF4-000020-2026
Next Date: 28.07.2026
Kaplinder Singh
Versus
Surjit Kaur
Notice to: Surjit Kaur Spouse::-Kaplinder Singh D/O Joginder Singh R/O Ward No 10, Dibbar Gharat, Mamoon Tehsil And Distt Pathankot.
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 28.07.2026 at 10:00 am.
For details logon to https://highcourtchd.gov.in/?mod=district_notice&district=Hoshiarpur
Dated this day of 21-05-2026
Sd/- Principal Judge of Family Court, Hoshiarpur Camp Court at Mukerian

---

(U/o 5 Rule 20 CPC)
In The Court of Sh. Harbans Singh Lekhi
Principal Judge of Family Court, Hoshiarpur Camp Court at Mukerian
CNR No.PBHOF4-000411-2025
Next Date: 02.07.2026
Ayushi Dhamija
Versus
Varun Beri
Notice to: Varun Beri Father::-Rajinder Beri No 342, Sector 5, Block 3, New Shastri Nagar Mandi Gobindgarh, Distt Fatehgarh Sahib, Punjab.
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **02.**07.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 21-05-2026
Sd/- Principal Judge of Family Court, Hoshiarpur Camp Court at Mukerian

---

(U/o 5 Rule 20 CPC)
In The Court of Dr. Harpreet Kaur Additional District Judge, Chandigarh
CNR No.CHCH01-002458-2026
Next Date: 27.07.2026
Sheetal Sharma
Versus
General Public
Notice to: General Public Chandigarh
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **27.**07.2026 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 10-04-2026
Sd/- Additional District Judge, Chandigarh

(U/o 5 Rule 20 CPC)
In The Court of Hon'ble Tarjani Civil Judge (Junior Division), Amritsar
CNR No.PBAS02-002597-2026
Next Date: 30.05.2026
Kamalpreet Kaur
Versus
General Public
Notice to: General Public:- Amritsar
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **30.**05.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 19-05-2026
Sd/- Civil Judge (Junior Division), Amritsar

(U/o 5 Rule 20 CPC)
In The Court of Sh. Mohit Bansal Additional District and Sessions Judge, Gurdaspur
CNR No.PBGD01-005930-2024
Next Date: 09.07.2026
Arti Sahni
Versus
Harjaspreet Singh (Faquir Singh)
Notice to: 2) Faquiar Singh 3) Jagir Singh, Sons Of Purna Singh R/O Abadi Gaunspura Batala District Gurdaspur. 4) Ravdeep Singh S/O Gurinderpal Singh r/o Qaddi Hatti, Batala. 5) Anu Mahajan Wd/O Ajay Kumar r/O Near Khalsa School City Road, Batala. 6) Davinder Sing, Son Of Balkar Singh 7) Harjinder Kaur W/O Fauja Singh. 8) Satnam Singh S/O Charanjit Singh 9) Janak Raj S/O Chunni Lal 10) Surinder Kumar S/O Chunni Lal, 11) Rachhpal Singh S/o Mohinder Singh 12) Palwinder Singh 13) Rajbir Singh, Sons Baldev Singh 14) Pargat Singh S/o Tarlok Singh 15) Vijay Kumar S/O Sohan Lal 16) Ashok Kumar S/O Kartar Chand 17)Pankaj Kumar S/O Inderjit18) Jasbir Kaur W/O Gurbhej Singh 19) Damandeep Singh S/O Mohinder Singh 20) Rekha W/O Gagan 21) Banka Bihari S/O Diwan Chand 22) Gurpinder Singh S/O Surjit Singh 23) Sukhjit Singh S/O Harbhajan Singh 24) Gurpreet Singh S/O Mohinder Singh 25) Haswant Kaur W/O Harbhajan Singh 26) Poonam W/O Jatinder Kumar 27) Seema S/O Ravinder 28) Charanjit S/O Harnam Dass 29) Gurneet Singh s/O Fauja Singh 30) Kamaljit Singh W/O Gauja Singh 31) Balwinder Singh S/O Gurbachan Singh 32) Priya W/O Vijay Kumar, 33) Surinder Singh S/O Jagir Singh 34) Surinderjit Kaur W/O Makhan Singh 35) Karanpal Kaur W/O Ripudaman Singh 36) Kawalpreet Singh S/O Ripudaman Singh 37) Sukhdev Singh S/O Sucha Singh 38) Gurnam Singh S/O Jagir Singh 39) Davinder Kaur W/O Hardeep Singh 40) Sukhwinder Kaur W/O Kulwant Singh 41) Karma Singh S/O Teja Singh 42) Dalbir Kaur W/O Iqbal Singh 43) Avtar Singh S/O Amar Singh 44) Satish Kumar S/O Radha Kishan 45) Gurmej Singh S/O Teja Singh 46) Gian Singh S/O Zisher Singh 47) Ram Sharanjit Singh S/O Ram Darshan 48) Lakhbir Kaur W/O Balwinder Singh 49) Harjit Singh S/O Harbans Singh 50) Charanjit Kaur W/O Narinder Singh 51) Narinder Kaur Mother Of Jatinder Kuamr 52) Rajesh Kumar Wd/O Jatinder Kumar 53) Navdeep 54) Karina D/o Jatinder Kumar 55) Kuljit Singh S/o Dalbir Singh 56) Sarabjit Kaur W/O Ravial Singh 57) Satbir Singh s/o Hardev Singh 58) Anoop Singh S/O Fauja Singh 59) Gurpreet Singh S/O Amrik Singh 60) Rekha W/O Pardeep Kumar 61) Bikramjit Singh S/O Avtar Singh 62) Mangal Singh S/O Balwant Singh 63) Piara Lal S/O Gurbachan Lal 64) Gurbachan Kaur W/O Narinjan Singh 65) Sandeep Singh S/O Charan Singh 66) Santosh Rani W/O Piara Lal 67) Surjit Kaur Mother Of Kamaljit Singh 68) Kulwinder Kaur Wd/o Kawaljit Singh 69) Harmanpreet Singh S/O Kawaljit Singh 70) Gurleen Kaur D/O Kawaljit Singh 71) Satinderjit Singh S/O Satwant Singh 72) Ashok Kumar S/O Hans Raj 73) Pritam Singh S/O Sardar Singh 74) Rajwinder Kaur W/O Ravinder Singh 75) Partap Singh S/O Bachan Singh 76) Balwant Singh S/O Surta Singh 77) Kulwindar Singh S/O Gian Singh 78) Primata W/O Vinod Kumar 79) Balbir Kaur W/O Lakhwinder Singh 80) ParamJit Kaur W/O Rupinder Pal Singh 81) Rajwinde Kaur W/O Bakhsish Singh 82) Bikramjit Singh S/O Santokh Singh 83) Sunita W/O Ashok Kumar 84) Balbir Kaur W/O Darshan Singh 86) Sanjiv Kumar S/O Sohan Lal 87) Amarjit Kaur W/O Harjinder Singh 89) Kulwant Singh S/O Bhagat Singh 90) Harjinder Kaur W/O Kashmir Singh 91) Inderjit Kaur W/O Kamaljit Singh 92) Parwinder Singh S/O Shamsher Singh 93) Seema W/O Sunil 94) Alka W/O Mohit 95) Rajwant Kaur W/O Jagjit Singh 96) Harjit Kaur Wd/O Gurpreet Singh 97) Baljit Singh 96) Gurdev Singh Sons Of Balwant Singh 99) Arwinder Singh S/O Balkar Singh 100) Bindu W/O Puneet Kumar 101) Puneet Kumar S/O Pawan Kumar 102) Pawan Kumar S/O Des Raj 103) Rajinder Kuamr S/O Des Raj 104) Lakhwinder Kaur W/O Jaspal Singh 105) Charanjit 106) Jobanjeet Sons Of Balwinder Singh 107) Harbans Singh S/O Bela Singh 108) Parminder Singh S/O Baldev Singh 109) Sapna W/O Sachinpal 110) Sunita W/O Yaspal All R/O Batala Garbi Tehsil Batala District Gurdaspur. 113) The Gsp Central Co-Op Bank Ltd Gurdaspur Through Its Manager. 114) Iclcl Home Finance Hoshiarpur Through Its Manager.
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **09.**07.2026 at 10:00 A.M.
For details logon to https://highcourtchd.gov.in/?mod=district_notice&district=Gurdaspur
Dated this day of 11-05-2026
Sd/- Additional District and Sessions Judge, Gurdaspur

ਸੋਧ

ਮਿਤੀ 21.04.2026 ਨੂੰ ਚੜ੍ਹਦੀਕਲਾ ਪੰਜਾਬੀ ਅਖ਼ਬਾਰ ਵਿਚ ਪ੍ਰਕਾਸ਼ਿਤ ਐਸਸੀਓ ਨੰ. 40, ਸੈਕਟਰ 7-ਸੀ, ਚੰਡੀਗੜ੍ਹ (ਸੀਪੀ 1981) ਨਾਲ ਸਬੰਧਤ ਸੰਪੱਤੀ ਤਬਾਦਲਾ ਇਸ਼ਤਿਹਾਰ ਦੀ ਨਿਰੰਤਰਤਾ ਵਿਚ, ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸਵਰਗੀ ਸ੍ਰੀ ਸੁਭਾਸ਼ ਚੰਦਰ ਭੱਲਾ ਦੇ ਦੇਹਾਂਤ ਦੀ ਮਿਤੀ ਗਲਤੀ ਨਾਲ ਸਹੀ ਮਿਤੀ 27.04.2018 ਦੀ ਥਾਂ 'ਤੇ 27.04.2017 ਵਜੋਂ ਪ੍ਰਕਾਸ਼ਿਤ ਹੋ ਗਈ ਸੀ। ਬਾਕੀ ਸਮੱਗਰੀ ਪਹਿਲਾਂ ਵਾਲੀ ਹੀ ਰਹੇਗੀ।

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

ਨਗਰ ਕੌਂਸਲ ਚੋਣਾਂ: ਵਾਰਡ ਨੰਬਰ 2 ਤੋਂ ਕਾਂਗਰਸ ਉਮੀਦਵਾਰ ਗੁਰਬਖਸ਼ੀਸ਼ ਕੌਰ ਦਾ ਚੋਣ ਪ੍ਰਚਾਰ ਹੋਇਆ ਤੇਜ਼, ਮਿਲਿਆ ਭਰਵਾਂ ਹੁੰਗਾਰਾ

'ਆਪ' ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਵਾਰਡ ਵਾਸੀਆਂ ਵਿੱਚ ਹੁਣ ਪੂਰੀ ਤਰ੍ਹਾਂ ਬਣ ਚੁੱਕੀ ਹੈ ਕਾਂਗਰਸ ਦੇ ਪੱਖ ਵਿੱਚ ਚੋਣ ਹਵਾ

ਫ਼ਾਜ਼ਿਲਕਾ, 22 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਨਗਰ ਕੌਂਸਲ ਚੋਣਾਂ ਨੂੰ ਲੈ ਕੇ ਸਥਾਨਕ ਵਾਰਡ ਨੰਬਰ 2 ਵਿੱਚ ਚੋਣ ਸਰਗਰਮੀਆਂ ਪੂਰੀ ਤਰ੍ਹਾਂ ਸਿਖਰ 'ਤੇ ਪਹੁੰਚ ਚੁੱਕੀਆਂ ਹਨ। ਇਸ ਵਾਰਡ ਤੋਂ

ਕਾਂਗਰਸ ਪਾਰਟੀ ਦੀ ਕਰਮਠ ਅਤੇ ਹਰਮਨਪਿਆਰੀ ਉਮੀਦਵਾਰ ਗੁਰਬਖਸ਼ੀਸ਼ ਕੌਰ ਦਾ ਚੋਣ ਪ੍ਰਚਾਰ ਦਿਨ-ਬ-ਦਿਨ ਲਗਾਤਾਰ ਤੇਜ਼ ਹੁੰਦਾ ਜਾ ਰਿਹਾ ਹੈ। ਚੋਣ ਪ੍ਰਚਾਰ ਦੀ ਇਸੇ ਕੜੀ ਤਹਿਤ ਵਾਰਡ ਦੇ ਵੱਖ-ਵੱਖ ਮੁਹੱਲਿਆਂ ਅਤੇ ਗਲੀਆਂ ਵਿੱਚ ਚਲਾਈ ਜਾ ਰਹੀ ਡੋਰ-ਟੂ-ਡੋਰ ਜਨਸੰਪਰਕ ਮੁਹਿੰਮ ਦੌਰਾਨ ਗੁਰਬਖਸ਼ੀਸ਼ ਕੌਰ ਨੂੰ ਹਰ ਉਮਰ ਵਰਗ ਦੇ ਲੋਕਾਂ ਦਾ ਬੇਮਿਸਾਲ ਅਤੇ ਇਤਿਹਾਸਕ ਸਮਰਥਨ ਦੇਖਣ ਨੂੰ ਮਿਲ ਰਿਹਾ ਹੈ। ਵਾਰਡ ਦੇ ਬਜ਼ੁਰਗਾਂ ਵੱਲੋਂ ਉਨ੍ਹਾਂ ਦੇ ਸਿਰ @ਤੇ ਹੱਥ ਰੱਖ ਕੇ ਜਿੱਤ ਦਾ ਆਸ਼ੀਰਵਾਦ ਦਿੱਤਾ ਜਾ ਰਿਹਾ ਹੈ, ਜਦਕਿ ਨੌਜਵਾਨਾਂ ਅਤੇ ਔਰਤਾਂ ਵਿੱਚ ਉਨ੍ਹਾਂ ਪ੍ਰਤੀ ਭਾਰੀ ਉਤਸ਼ਾਹ ਸਾਫ਼ ਤੌਰ @ਤੇ ਦੇਖਿਆ ਜਾ ਸਕਦਾ ਹੈ। ਇਸ ਵਾਰ ਵਾਰਡ ਨੰਬਰ 2 ਦੇ ਨਿਵਾਸੀਆਂ ਦਾ ਮਿਜ਼ਾਜ ਪੂਰੀ ਤਰ੍ਹਾਂ ਬਦਲਿਆ ਹੋਇਆ ਨਜ਼ਰ ਆ ਰਿਹਾ ਹੈ। ਵਾਰਡ ਵਿੱਚ ਚੋਣ ਚਰਚਾਵਾਂ ਦੌਰਾਨ ਇਹ ਗੱਲ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ ਕਿ ਲੋਕ ਮੌਜੂਦਾ ਆਮ ਆਦਮੀ ਪਾਰਟੀ (ਆਪ) ਸਰਕਾਰ ਦੀਆਂ ਨਾਕਾਮ ਨੀਤੀਆਂ, ਝੂਠੇ ਵਾਅਦਿਆਂ ਅਤੇ ਵਿਕਾਸ ਕਾਰਜਾਂ ਦੇ ਠੱਪ ਹੋਣ ਤੋਂ ਬੁਰੀ ਤਰ੍ਹਾਂ ਤੰਗ ਆ ਚੁੱਕੇ ਹਨ। ਸਰਕਾਰ ਖ਼ਿਲਾਫ਼ ਪੈਦਾ ਹੋਏ ਇਸੇ ਭਾਰੀ ਰੋਸ ਕਾਰਨ ਹੁਣ ਪੂਰੇ ਵਾਰਡ ਵਿੱਚ ਕਾਂਗਰਸ ਪਾਰਟੀ ਦੇ ਪੱਖ ਵਿੱਚ ਇਕਤਰਫ਼ਾ ਚੋਣ ਹਵਾ ਬਣ ਚੁੱਕੀ ਹੈ, ਜਿਸ ਨਾਲ ਵਿਰੋਧੀ ਖੇਮਿਆਂ ਵਿੱਚ ਪੂਰੀ ਤਰ੍ਹਾਂ ਖਲਬਲੀ ਮੱਚੀ ਹੋਈ ਹੈ। ਗੁਰਬਖਸ਼ੀਸ਼ ਕੌਰ ਦੇ ਸਪੁੱਤਰ ਅਤੇ ਇਲਾਕੇ ਦੇ ਸਰਗਰਮ ਨੌਜਵਾਨ ਆਗੂ ਮਿਲਨ ਕਾਹਨਸਿੰਘੀਆ ਨੇ ਆਪਣੀ ਮਾਤਾ ਦੇ ਸਮਰਥਨ ਵਿੱਚ ਪੂਰੀ ਸਰਗਰਮੀ ਅਤੇ ਮੁਸਤੈਦੀ ਨਾਲ ਚੋਣ ਮੈਦਾਨ ਦੀ ਕਮਾਨ ਸੰਭਾਲੀ ਹੋਈ ਹੈ। ਮਿਲਨ ਕਾਹਨਸਿੰਘੀਆ ਹਰ ਰੋਜ਼ ਸਵੇਰ ਤੋਂ ਲੈ ਕੇ ਦੇਰ ਸ਼ਾਮ ਤੱਕ ਨੌਜਵਾਨਾਂ ਦੀ ਇੱਕ ਵੱਡੀ ਟੀਮ ਨਾਲ ਵਾਰਡ ਦੀ ਇੱਕ-ਇੱਕ ਗਲੀ ਅਤੇ ਘਰ-ਘਰ ਜਾ ਕੇ ਵਾਰਡ ਵਾਸੀਆਂ ਨਾਲ ਸਿੱਧਾ ਸੰਪਰਕ ਸਾਧ ਰਹੇ ਹਨ। ਉਹ ਲੋਕਾਂ ਨੂੰ ਕਾਂਗਰਸ ਪਾਰਟੀ ਦੀਆਂ ਜਨਹਿਤੈਸ਼ੀ ਨੀਤੀਆਂ ਅਤੇ ਪਹਿਲਾਂ ਕਾਂਗਰਸ ਸਰਕਾਰ ਦੇ ਸਮੇਂ ਹੋਏ ਰਿਕਾਰਡ ਤੋੜ ਵਿਕਾਸ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇ ਰਹੇ ਹਨ। ਮਿਲਨ ਕਾਹਨਸਿੰਘੀਆ ਨੇ ਵਾਰਡ ਦੇ ਵੋਟਰਾਂ ਨੂੰ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹਰ ਵਰਗ ਦਾ ਸਤਿਕਾਰ ਕੀਤਾ ਹੈ ਅਤੇ ਵਿਕਾਸ ਨੂੰ ਪਹਿਲ ਦਿੱਤੀ ਹੈ, ਇਸ ਲਈ ਉਹ ਉਨ੍ਹਾਂ ਦੀ ਮਾਤਾ ਗੁਰਬਖਸ਼ੀਸ਼ ਕੌਰ ਦੇ ਪੱਖ ਵਿੱਚ ਵੱਧ ਤੋਂ ਵੱਧ ਮਤਦਾਨ ਕਰਕੇ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜੇਤੂ ਬਣਾਉਣ ਤਾਂ ਜੋ ਵਾਰਡ ਨੂੰ ਵਿਕਾਸ ਦੇ ਮਾਮਲੇ ਵਿੱਚ ਇੱਕ ਮਾਡਲ ਵਾਰਡ ਵਜੋਂ ਸਥਾਪਿਤ ਕੀਤਾ ਜਾ ਸਕੇ। ਨੌਜਵਾਨ ਆਗੂ ਦੀ ਇਸ ਸਰਗਰਮੀ ਅਤੇ ਮਿਲਣਸਾਰ ਸੁਭਾਅ ਕਾਰਨ ਵਾਰਡ ਦਾ ਨੌਜਵਾਨ ਵਰਗ ਪੂਰੀ ਤਰ੍ਹਾਂ ਕਾਂਗਰਸ ਦੇ ਝੰਡੇ ਹੇਠ ਲਾਮਬੰਦ ਹੋ ਚੁੱਕਾ ਹੈ। ਇਸ ਚੋਣ ਸਮਰ ਵਿੱਚ ਸਭ ਤੋਂ ਖ਼ਾਸ ਅਤੇ ਦਿਲਚਸਪ ਗੱਲ ਇਹ ਦੇਖਣ ਨੂੰ ਮਿਲ ਰਹੀ ਹੈ ਕਿ ਕਾਂਗਰਸ ਉਮੀਦਵਾਰ ਗੁਰਬਖਸ਼ੀਸ਼ ਕੌਰ ਦੇ ਪੱਖ ਵਿੱਚ ਹੁਣ ਮਹਿਲਾ ਵਰਕਰਾਂ ਨੇ ਵੀ ਪੂਰੀ ਤਰ੍ਹਾਂ ਮੋਰਚਾ ਅਤੇ ਕਮਾਨ ਸੰਭਾਲ ਲਈ ਹੈ। ਔਰਤਾਂ ਦੀ ਇੱਕ ਬਹੁਤ ਵੱਡੀ ਅਤੇ ਅਨੁਸ਼ਾਸਿਤ ਟੀਮ ਸਵੇਰ ਤੋਂ ਹੀ ਵੱਖ-ਵੱਖ ਟੋਲੀਆਂ ਬਣਾ ਕੇ ਵਾਰਡ ਦੇ ਕੋਨੇ-ਕੋਨੇ ਵਿੱਚ ਪਹੁੰਚ ਰਹੀ ਹੈ। ਮਹਿਲਾ ਵਰਕਰ ਘਰ-ਘਰ ਜਾ ਕੇ ਗ੍ਰਹਿਣੀਆਂ ਅਤੇ ਮਹਿਲਾ ਵੋਟਰਾਂ ਨਾਲ ਮੁਲਾਕਾਤ ਕਰ ਰਹੀਆਂ ਹਨ ਅਤੇ ਮਹਿਲਾ ਸ਼ਕਤੀਕਰਨ ਤੇ ਸੁਰੱਖਿਆ ਦੇ ਮੁੱਦਿਆਂ @ਤੇ ਚਰਚਾ ਕਰਦੇ ਹੋਏ ਕਾਂਗਰਸ ਉਮੀਦਵਾਰ ਗੁਰਬਖਸ਼ੀਸ਼ ਕੌਰ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਪੁਰਜ਼ੋਰ ਅਪੀਲ ਕਰ ਰਹੀਆਂ ਹਨ। ਇਸ ਤੂਫਾਨੀ ਪ੍ਰਚਾਰ ਮੁਹਿੰਮ ਦੌਰਾਨ ਪੂਰੇ ਵਾਰਡ ਵਿੱਚ ਇੱਕ ਵੱਖਰਾ ਹੀ ਉਤਸਵ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲ ਰਹੀ ਹੈ। ਜਿਵੇਂ ਹੀ ਕਾਂਗਰਸ ਉਮੀਦਵਾਰ ਦਾ ਕਾਫ਼ਲਾ ਕਿਸੇ ਗਲੀ ਵਿੱਚ ਪ੍ਰਵੇਸ਼ ਕਰਦਾ ਹੈ, ਤਾਂ ਸਮਰਥਕਾਂ ਅਤੇ ਸਥਾਨਕ ਨਿਵਾਸੀਆਂ ਵੱਲੋਂ ਕਾਂਗਰਸ ਪਾਰਟੀ ਅਤੇ ਗੁਰਬਖਸ਼ੀਸ਼ ਕੌਰ ਦੇ ਪੱਖ ਵਿੱਚ ਜੰਮ ਕੇ ਨਾਅਰੇਬਾਜ਼ੀ ਕੀਤੀ ਜਾਂਦੀ ਹੈ, ਜਿਸ ਨਾਲ ਪੂਰਾ ਇਲਾਕਾ ਕਾਂਗਰਸਮਈ ਹੋ ਗਿਆ ਹੈ। ਇਸ ਜਨਸੰਪਰਕ ਮੁਹਿੰਮ ਦੌਰਾਨ ਵੱਖ-ਵੱਖ ਨੁੱਕੜ ਸਭਾਵਾਂ ਨੂੰ ਸੰਬੋਧਨ ਕਰਦਿਆਂ ਭਾਵੁਕ ਲਹਿਜੇ ਵਿੱਚ ਗੁਰਬਖਸ਼ੀਸ਼ ਕੌਰ ਨੇ ਕਿਹਾ ਕਿ ਵਾਰਡ ਨੰਬਰ 2 ਦਾ ਵਿਕਾਸ ਹੀ ਉਨ੍ਹਾਂ ਦੇ ਜੀਵਨ ਦਾ ਇੱਕਮਾਤਰ ਮੁੱਖ ਸੰਕਲਪ ਹੈ। ਉਨ੍ਹਾਂ ਕਿਹਾ ਕਿ ਜਿੱਤਣ ਤੋਂ ਬਾਅਦ ਵਾਰਡ ਦੇ ਅੰਦਰ ਸੜਕਾਂ ਦਾ ਨਿਰਮਾਣ, ਸਾਫ਼-ਸਫ਼ਾਈ ਦੀ ਆਧੁਨਿਕ ਵਿਵਸਥਾ, ਹਰ ਘਰ ਤੱਕ ਸਾਫ਼ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ, ਗਲੀਆਂ ਵਿੱਚ ਹਾਈ-ਟੈਕ ਸਟ੍ਰੀਟ ਲਾਈਟਾਂ ਲਗਵਾਉਣਾ ਅਤੇ ਸੀਵਰੇਜ ਵਰਗੀਆਂ ਹੋਰ ਸਾਰੀਆਂ ਬੁਨਿਆਦੀ ਸਹੂਲਤਾਂ ਨੂੰ ਪਹਿਲ ਦੇ ਆਧਾਰ @ਤੇ ਅਤੇ ਸਮਾਂਬੱਧ ਤਰੀਕੇ ਨਾਲ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਵਾਰਡ ਵਾਸੀਆਂ ਤੋਂ ਉਨ੍ਹਾਂ ਨੂੰ ਜੋ ਭਰਪੂਰ ਪਿਆਰ, ਮਾਣ-ਸਤਿਕਾਰ ਅਤੇ ਆਸ਼ੀਰਵਾਦ ਮਿਲ ਰਿਹਾ ਹੈ, ਉਸ ਨੇ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਹੋਰ ਵਧਾ ਦਿੱਤਾ ਹੈ। ਜਨਤਾ ਦੇ ਇਸ ਅਪਾਰ ਸਮਰਥਨ ਨਾਲ ਕਾਂਗਰਸ ਦੇ ਜ਼ਮੀਨੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਦਾ ਸੰਚਾਰ ਹੋਇਆ ਹੈ। ਗੁਰਬਖਸ਼ੀਸ਼ ਕੌਰ ਨੇ ਵਾਰਡ ਵਾਸੀਆਂ ਨੂੰ ਪੂਰੀ ਤਰ੍ਹਾਂ ਭਰੋਸਾ ਦਿਵਾਉਂਦਿਆਂ ਵਿਸ਼ਵਾਸ ਦਿਵਾਇਆ ਕਿ ਚੋਣ ਜਿੱਤਣ ਤੋਂ ਬਾਅਦ ਉਹ ਵਾਰਡ ਦੇ ਹਰ ਪਰਿਵਾਰ ਦੇ ਮੈਂਬਰ ਵਾਂਗ ਉਨ੍ਹਾਂ ਨਾਲ ਮਿਲ ਕੇ ਬੈਠਣਗੇ ਅਤੇ ਸਾਰੇ ਵਿਕਾਸ ਕਾਰਜ ਸਭ ਦੀ ਸਹਿਮਤੀ ਨਾਲ ਅੱਗੇ ਵਧਾਏ ਜਾਣਗੇ। ਉਹ ਜਨਤਾ ਦੀਆਂ ਉਮੀਦਾਂ @ਤੇ ਕਦੇ ਆਂਚ ਨਹੀਂ ਆਉਣ ਦੇਣਗੇ ਅਤੇ ਉਨ੍ਹਾਂ ਦੀਆਂ ਉਮੀਦਾਂ @ਤੇ ਸ਼ਤ-ਪ੍ਰਤੀਸ਼ਤ ਖਰਾ ਉਤਰਨ ਦਾ ਪੂਰਾ ਯਤਨ ਕਰਨਗੇ। ਉਨ੍ਹਾਂ ਅੰਤ ਵਿੱਚ ਸਾਰੇ ਵਾਰਡ ਵਾਸੀਆਂ ਨੂੰ ਆਉਣ ਵਾਲੀ ਚੋਣ ਤਾਰੀਖ਼ 'ਤੇ ਕਾਂਗਰਸ ਪਾਰਟੀ ਦੇ ਪੱਖ ਵਿੱਚ ਇੱਕਜੁੱਟ ਹੋ ਕੇ ਵੋਟ ਪਾਉਣ ਅਤੇ ਇੱਕ ਇਤਿਹਾਸਕ ਜਿੱਤ ਦਰਜ ਕਰਵਾਉਣ ਦੀ ਪੁਰਜ਼ੋਰ ਅਪੀਲ ਕੀਤੀ। ਇਸ ਮੌਕੇ ਵਾਰਡ ਦੇ ਕਈ ਪਤਵੰਤੇ ਸੱਜਣ, ਵੱਡੀ ਗਿਣਤੀ ਵਿੱਚ ਕਾਂਗਰਸ ਆਗੂ, ਉਤਸ਼ਾਹਿਤ ਵਰਕਰ ਅਤੇ ਸਥਾਨਕ ਮੁਹੱਲਾ ਨਿਵਾਸੀ ਹਾਜ਼ਰ ਸਨ।

ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਵਿੱਚ ਭਾਜਪਾ ਉਮੀਦਵਾਰਾਂ ਲਈ ਘਰ-ਘਰ ਜਾ ਕੇ ਚੋਣ ਮੁਹਿੰਮ ਦੀ ਸ਼ੁਰੂਆਤ

ਮੋਗਾ, 22 ਮਈ (ਨਿਸ਼ੀ ਮਨਚੰਦਾ :) ਮੋਗਾ ਨਗਰ ਨਿਗਮ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਹੋਣ ਤੋਂ ਬਾਅਦ, ਭਿਆਨਕ ਗਰਮੀ ਦੇ ਬਾਵਜੂਦ ਘਰ-ਘਰ ਪ੍ਰਚਾਰ ਪੂਰੇ ਜੋਸ਼ ਨਾਲ ਸ਼ੁਰੂ ਹੋ ਗਿਆ ਹੈ। ਇਸ ਕੋਸ਼ਿਸ਼ ਦੀ ਅਗਵਾਈ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਕਰ ਰਹੇ ਹਨ, ਜੋ ਸ਼ਹਿਰ ਭਰ ਦੇ ਵੱਖ-ਵੱਖ ਵਾਰਡਾਂ ਵਿੱਚ ਖੜ੍ਹੇ ਭਾਜਪਾ ਉਮੀਦਵਾਰਾਂ ਲਈ ਘਰ-ਘਰ ਜਾ ਕੇ ਸਰਗਰਮੀ ਨਾਲ ਪ੍ਰਚਾਰ ਕਰ ਰਹੇ ਹਨ। ਇਸ ਪਹਿਲਕਦਮੀ ਦੇ ਹਿੱਸੇ ਵਜੋਂ,ਡਾ. ਸੀਮਾਂਤ ਗਰਗ ਵਾਰਡ ਨੰਬਰ 38 (ਸੋਨੀ ਮੰਗਲਾ ਦੀ ਪਤਨੀ ਰੇਨੂ ਮੰਗਲਾ ਲਈ), ਵਾਰਡ ਨੰਬਰ 19, ਵਾਰਡ ਨੰਬਰ 20 (ਸੋਨੂੰ ਅਰੋੜਾ ਦੀ ਪਤਨੀ ਕਵਿਤਾ ਅਰੋੜਾ ਲਈ), ਵਾਰਡ ਨੰਬਰ 21, ਵਾਰਡ ਨੰਬਰ 23, ਵਾਰਡ ਨੰਬਰ 41, ਵਾਰਡ ਨੰਬਰ 37, ਵਾਰਡ ਨੰਬਰ 07 ਅਤੇ ਵਾਰਡ ਨੰਬਰ 14 ਵਰਗੇ ਵਾਰਡਾਂ ਵਿੱਚ ਭਾਜਪਾ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰ ਰਹੇ ਹਨ। ਵੋਟਰਾਂ ਨੂੰ ÷ਕਮਲ÷ ਚਿੰਨ੍ਹ ਲਈ ਵੋਟ ਪਾਉਣ ਦੀ ਅਪੀਲ ਕਰਦੇ ਹੋਏ, ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਅਤੇ ਯੋਜਨਾਵਾਂ ਦੇ ਲਾਭਾਂ ਬਾਰੇ ਵੀ ਜਾਣਕਾਰੀ ਦਿੱਤੀ ਜੋ ਜ਼ਮੀਨੀ ਪੱਧਰ @ਤੇ ਲੋਕਾਂ ਤੱਕ ਪਹੁੰਚ ਰਹੀਆਂ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਜਨਤਾ ਨੂੰ ਪੰਜਾਬ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਯਕੀਨੀ ਬਣਾਉਣ ਅਤੇ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਭਾਜਪਾ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਡਾ. ਸੀਮਾਂਤ ਗਰਗ ਨੇ ਦੱਸਿਆ ਕਿ ਪੁਰਾਣੀ ਦਾਨਾ ਮੰਡੀ ਸਥਿਤ ਉਨ੍ਹਾਂ ਦੇ ਦਫ਼ਤਰ ਵਿਖੇ ਵੱਖ-ਵੱਖ ਵਾਰਡਾਂ ਵਿੱਚ ਚੋਣ ਲੜ ਰਹੇ ਭਾਜਪਾ ਉਮੀਦਵਾਰਾਂ ਅਤੇ ਉਨ੍ਹਾਂ ਦੇ ਪਾਰਟੀ ਵਰਕਰਾਂ ਲਈ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਾਜਪਾ ਉਮੀਦਵਾਰਾਂ ਦਾ ਸਮਰਥਨ ਕਰਨ ਵਾਲੇ ਵਰਕਰਾਂ ਨੂੰ ਚੋਣ ਸਮੇਂ ਦੌਰਾਨ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਕਿਹਾ ਕਿ ਭਾਜਪਾ ਦਾ ਵੋਟ ਬੈਂਕ ਹਾਲ ਹੀ ਦੇ ਸਮੇਂ ਵਿੱਚ ਕਾਫ਼ੀ ਮਜ਼ਬੂਤ ਹੋਇਆ ਹੈ, ਸਮਾਜ ਦੇ ਵੱਖ-ਵੱਖ ਵਰਗਾਂ ਅਤੇ ਵੱਖ-ਵੱਖ ਰਾਜਨੀਤਿਕ ਪਿਛੋਕੜਾਂ ਦੇ ਲੋਕ ਪਾਰਟੀ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਇਸ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਉਮੀਦਵਾਰ ਇਸ ਸਮੇਂ ਦੂਜੀਆਂ ਰਾਜਨੀਤਿਕ ਪਾਰਟੀਆਂ ਲਈ ਇੱਕ ਵੱਡੀ ਚੁਣੌਤੀ ਪੇਸ਼ ਕਰ ਰਹੇ ਹਨ; ਭਾਜਪਾ ਨੇੜਲੇ ਭਵਿੱਖ ਵਿੱਚ ਇੱਕ ਸ਼ਕਤੀਸ਼ਾਲੀ ਰਾਜਨੀਤਿਕ ਸ਼ਕਤੀ ਵਜੋਂ ਉਭਰਨ ਲਈ ਤਿਆਰ ਹੈ, ਅਤੇ ਮੌਜੂਦਾ ਨਗਰ ਨਿਗਮ ਚੋਣਾਂ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਭਾਜਪਾ ਸਰਕਾਰ ਸਥਾਪਤ ਕਰਨ ਲਈ ਇੱਕ ਨੀਂਹ ਪੱਥਰ ਵਜੋਂ ਕੰਮ ਕਰਨਗੀਆਂ।

ਰੇਲਯਾਤਰੀ ਕ੍ਰਿਪਾ ਧਿਆਨ ਦੇਵੋ !

ਰੇਲਗੱਡੀ ਨੰਬਰ 12325/12326 ਗੁਰਮੁਖੀ ਸੁਪਰਫਾਸਟ ਐਕਸਪ੍ਰੈਸ ਦਾ ਅੰਬ ਅੰਦੋਰਾ ਤਕ ਵਿਸਤਾਰ

ਸਰਵਸਾਧਾਰਣ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੇਲਵੇ ਦੁਆਰਾ ਰੇਲਗੱਡੀ ਨੰਬਰ 12325/12326 ਕੋਲਕਤਾ-ਨੰਗਲ ਡੈਮ ਡੈਮ-ਕੋਲਕਤਾ ਗੁਰਮੁਖੀ ਸੁਪਰਫਾਸਟ ਐਕਸਪ੍ਰੈਸ ਦਾ ਕੋਲਕਾਤਾ ਤੋਂ ਅੰਬ ਅੰਦੋਰਾ ਤਕ ਵਿਸਤਾਰ ਕਰਨ ਦਾ ਫੈਸਲਾ ਲਿਤਾ ਗਿਆ ਹੈ, ਜਿਸਦਾ ਵੇਰਵਾ ਹੇਠਾ ਅਨੁਸਾਰ ਹੈ:-

ਵਿਸਤਾਰਿਤ ਖੰਡ ਉਤੇ 12325/12326 ਗੁਰਮੁਖੀ ਸੁਪਰਫਾਸਟ ਐਕਸਪ੍ਰੈਸ ਰੇਲਗੱਡੀ ਦੀ ਸਮੇਂ-ਸਾਰਣੀ

ਰੇਲਗੱਡੀ ਨੰ:- 12325 ਕੋਲਕਾਤਾ-ਅੰਬ ਅੰਦੋਰਾ ਗੁਰਮੁਖੀ ਸੁਪਰਫਾਸਟ ਐਕਸਪ੍ਰੈਸ ਰੇਲਗੱਡੀ 11.06.2026 ਤੋਂ ਪ੍ਰਭਾਵੀ		ਸਟੇਸ਼ਨ	ਰੇਲਗੱਡੀ ਨੰ:- 12326 ਅੰਬ ਅੰਦੋਰਾ-ਕੋਲਕਾਤਾ ਗੁਰਮੁਖੀ ਸੁਪਰਫਾਸਟ ਐਕਸਪ੍ਰੈਸ ਰੇਲਗੱਡੀ 06.06.2026 ਤੋਂ ਪ੍ਰਭਾਵੀ	
ਆਉਣਾ	ਜਾਣਾ		ਆਉਣਾ	ਜਾਣਾ
----	07:40	ਕੋਲਕਾਤਾ -	14:50	----
ਕੋਲਕਾਤਾ - ਅੰਬ ਅੰਦੋਰਾ ਦੇ ਵਿਚ ਸਮੇਂ-ਸਾਰਣੀ ਪਹਿਲਾ ਵਾਂਗ ਰਹੇਗੀ				
16:05	16:15	ਨੰਗਲ ਡੈਮ	06:58	07:00
16:35	16:40	ਊਨਾ ਹਿਮਾਚਲ	06:38	06:43
17:10	----	ਅੰਬ ਅੰਦੋਰਾ	----	06:10

ਚਲਨ ਦੇ ਦਿਨ : 12325 ਕੋਲਕਾਤਾ ਤੋਂ ਹਰੇਕ ਵੀਰਵਾਰ ਮਿਤੀ 11.06.2026 ਤੋਂ ਅਤੇ 12326 ਅੰਬ ਅੰਦੋਰਾ ਤੋਂ ਹਰੇਕ ਸ਼ਨੀਵਾਰ ਨੂੰ ਮਿਤੀ 06.06.2026 ਤੋਂ।
ਜਗ੍ਹਾਂ: ਵਾਤਾ. 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਪੈਣ ਵਾਲੇ ਸਟੇਸ਼ਨਾਂ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਕ੍ਰਿਪਾ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES ਏਪ ਦੇਖੋ।

ਰੇਲਮਦਦ ਵੈੱਬਸਾਈਟ ਦੇਖੋ:- www.railmadad.indianrailways.gov.in ਰੇਲਮਦਦ ਏਪ ਡਾਊਨਲੋਡ ਕਰੋ

ਉਤੇ ਸਾਨੂੰ ਫਾਲੋ ਕਰੋ
ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ
1737/2026
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਗਰ ਨਿਗਮ ਚੰਡੀਗੜ੍ਹ

ਟੈਂਡਰ ਸੂਚਨਾ

ਲ. ਨੰ.	ਕੰਮ ਦਾ ਨਾਮ	ਬੋਲੀ ਜਮ੍ਹਾਂ ਸੂਚੀ (ਆਨਲਾਈਨ)	ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ - ਐਮ.ਸੀ.ਪੀ.ਐਚ. ਡਿਵੀਜ਼ਨ ਨੰ. 1		
1.	1. ਸੈਕਟਰ 55 ਅਤੇ ਸੈਕਟਰ 56 ਦੇ ਭੂਮੀਗਤ ਸੀਵਰੇਜ ਸੰਪ ਟੈਂਕ ਦੀ ਉੱਚ ਦਬਾਅ ਵਾਲੀ ਮਸ਼ੀਨੀ ਚੂਸਣ ਮਸ਼ੀਨ ਦੀ ਮਦਦ ਨਾਲ ਤੁਰੰਤ ਡੀ-ਸਿਲਟਿੰਗ/ਸਫਾਈ ਅਤੇ ਪਿੰਡ ਪਲਸੋਰਾ, ਸੈਕਟਰ 55 ਅਤੇ ਸੈਕਟਰ 56 ਚੰਡੀਗੜ੍ਹ ਦੀਆਂ ਮੁੱਖ ਸ਼ਾਖਾ ਅਤੇ ਲੇਟਰਲ ਸੀਵਰੇਜ ਲਾਈਨਾਂ ਸਮੇਤ ਸੀਵਰ ਲਾਈਨਾਂ ਨੂੰ ਜੋੜਨਾ, ਐਸਡੀਈ ਐਮਸੀਪੀਐਚ ਸਬ ਡਿਵੀਜ਼ਨ ਨੰਬਰ 13, ਚੰਡੀਗੜ੍ਹ ਦੇ ਇੰਚਾਰਜ ਅਧੀਨ ਨਗਰ ਨਿਗਮ ਦੀ ਸੀਮਾ ਦੇ ਅੰਦਰ ਗਾਰ ਅਤੇ ਠੋਸ ਕੂੜਾ ਕੱਢ ਕੇ ਅਤੇ ਨਿਪਟਾਰੇ ਲਈ। (ਸੀਐਚ:- ਕੈਪਿਟਲ ਹੈੱਡ)। (ਮੁੜ ਸੱਦਾ ਦਿੱਤਾ ਗਿਆ) ਰਕਮ: 37,90,050/- ਰੁਪਏ ਬਿਆਨਾ ਰਕਮ: 75,801/- ਰੁਪਏ ਸਮਾਂ ਸੀਮਾ: 60 ਦਿਨ	22.05.2026 To 01.06.2026 at 11:00 AM	01.06.2026 at 11:30 AM
	ਕਾਰਜਕਾਰੀ ਇੰਜੀਨੀਅਰ - ਐਮ.ਸੀ.ਪੀ.ਐਚ. ਡਿਵੀਜ਼ਨ ਨੰ. 2		
2.	SDE-22 UT ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ (ਪਰਕਸ਼ਨ-ਕਮ-ਰਿਵਰਸ ਰੋਟਰੀ ਡ੍ਰਿਲਿੰਗ ਰਿਗ ਵਿਧੀ ਜਾਂ ਨਵੀਨਤਮ ਤਕਨਾਲੋਜੀ ਦੇ ਕਿਸੇ ਹੋਰ ਢੰਗ ਨਾਲ) ਪੰਚਕੂਲਾ ਬੈਰੀਅਰ ਰਾਏਪੁਰ ਕਲਾਂ, RN-20 ਅਤੇ RN-22 'ਤੇ ਮੱਖਣਮਾਜਰਾ ਤੋਂ ਦਰਿਆ ਰੋਡ 'ਤੇ ਘੱਟ ਡਿਸਚਾਰਜ/ਖਾਲੀ ਟਿਊਬਵੈੱਲ ਦੀ ਬਜਾਏ 03 ਨੰਬਰ 12"x8" (304.80x203.20ਐਮਐਮ) l/d ਡੂੰਘੇ ਬੋਰ ਟਿਊਬਵੈੱਲ ਦੀ ਬੋਰਿੰਗ ਅਤੇ ਸਥਾਪਨਾ। ਰਕਮ: 76,44,687/- ਰੁਪਏ ਬਿਆਨਾ ਰਕਮ: 1,52,894/- ਰੁਪਏ ਸਮਾਂ ਸੀਮਾ: 04 ਮਹੀਨੇ	22.05.2026 To 01.06.2026 at 11:00 A.M	01.06.2026 at 11:30 A.M
3.	ਘੱਟ ਡਿਸਚਾਰਜ / ਬੰਦ ਟਿਊਬਵੈੱਲ ਨੰਬਰ 2 ਵਿਕਾਸ ਨਗਰ, ਯੂ.ਟੀ. ਚੰਡੀਗੜ੍ਹ ਦੀ ਬਜਾਏ 01 ਨੰਬਰ 12"x8" (304.80x203.20ਐਮਐਮ) l/d ਡੂੰਘੇ ਬੋਰ ਟਿਊਬਵੈੱਲ ਦੀ ਬੋਰਿੰਗ ਅਤੇ ਸਥਾਪਨਾ, ਪਰਕਸ਼ਨ-ਕਮ-ਰਿਵਰਸ ਰੋਟਰੀ ਡ੍ਰਿਲਿੰਗ ਰਿਗ ਵਿਧੀ ਜਾਂ ਨਵੀਨਤਮ ਤਕਨਾਲੋਜੀ ਦੇ ਕਿਸੇ ਹੋਰ ਢੰਗ ਨਾਲ। ਰਕਮ: 26,11,545/- ਰੁਪਏ ਬਿਆਨਾ ਰਕਮ: 52,230/- ਰੁਪਏ ਸਮਾਂ ਸੀਮਾ: 4 ਮਹੀਨੇ	22.05.2026 To 01.06.2026 at 11:00 A.M	01.06.2026 at 11:30 A.M
	ਕਾਰਜਕਾਰੀ ਇੰਜੀਨੀਅਰ - ਐਮ.ਸੀ.ਪੀ.ਐਚ. ਡਿਵੀਜ਼ਨ ਨੰ. 3		
4.	ਮਕਾਨ ਨੰ. 1033 ਤੋਂ ਕਮਿਊਨਿਟੀ ਸੈਂਟਰ ਰਾਮਦਰਬਾਰ ਕਲੋਨੀ ਫੇਜ਼-2 ਚੰਡੀਗੜ੍ਹ ਦੇ ਨੇੜੇ ਤੂਫਾਨੀ ਪਾਣੀ ਦੇ ਸੁਚਾਰੂ ਨਿਕਾਸ ਲਈ ਵਾਧੂ 600ਐਮਐਮ (24") i/d ਅਤੇ 450ਐਮਐਮ (18") i/d RCC NP-2 ਪਾਈਪ ਲਾਈਨ ਪ੍ਰਦਾਨ ਕਰਨਾ ਅਤੇ ਵਿਛਾਉਣਾ। (ਸੀਐਚ:- ਕੈਪਿਟਲ ਹੈੱਡ-SWD ਸਿਸਟਮ) ਅੰਦਾਜ਼ਨ ਲਾਗਤ: 68,46,176/- ਰੁਪਏ ਬਿਆਨਾ ਰਕਮ: 1,36,924/- ਰੁਪਏ ਸਮਾਂ ਸੀਮਾ: 06 ਮਹੀਨੇ ਟੈਂਡਰ ਫੀਸ: 3,000/- ਰੁਪਏ	23-05-2026 To 01-06-2026 upto 1.00 P.M.	01-06-2026 at 03.00 P.M.
5.	ਐਸਡੀਈ ਐਮਸੀਪੀਐਚ ਸਬ ਡਿਵੀਜ਼ਨ ਨੰਬਰ 4, ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਵਾਟਰ ਪਲੱਸ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੂਥ ਨੰਬਰ 1 ਸੈਕਟਰ 23-ਸੀ ਅਤੇ 22/23 ਲਾਈਟ ਪੁਆਇੰਟ ਸੈਕਟਰ-23, ਚੰਡੀਗੜ੍ਹ ਦੇ ਨੇੜੇ ਮੌਜੂਦਾ ਪੁਰਾਣੇ ਜਨਤਕ ਟਾਇਲਟ ਬਲਾਕਾਂ ਦਾ ਨਵੀਨੀਕਰਨ। (ਸੀਐਚ:- ਕੈਪਿਟਲ ਹੈੱਡ: ਸਿਵਿਕ ਵਰਕ/ਜਨਤਕ ਟਾਇਲਟ)। (ਮੁੜ ਸੱਦਾ ਦਿੱਤਾ ਗਿਆ) ਅੰਦਾਜ਼ਨ ਲਾਗਤ: 44,72,438/- ਰੁਪਏ ਬਿਆਨਾ ਰਕਮ: 89,449/- ਰੁਪਏ ਸਮਾਂ ਸੀਮਾ: 03 ਮਹੀਨੇ ਟੈਂਡਰ ਫੀਸ: 3,000/- ਰੁਪਏ	23-05-2026 To 01-06-2026 upto 1.00 P.M.	01-06-2026 at 03.00 P.M.

ਨੋਟ:- 1) ਟੈਂਡਰ ਨੋਟਿਸ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਸਮੇਤ ਵੈੱਬਸਾਈਟ www.chandigarh.gov.in Ü» etenders.chd.nic.in 'ਤੇ ਉਪਲਬਧ/ਅੱਪਲੋਡ ਕੀਤਾ ਜਾ ਸਕਦਾ ਹੈ।

ਕਾਰਜਕਾਰੀ ਇੰਜੀਨੀਅਰ
ਐਮ.ਸੀ.ਪੀ.ਐਚ. ਡਿਵੀਜ਼ਨ ਨੰਬਰ 1, ਕਰੁਣਾ ਸਦਨ ਨੇੜੇ, ਸੈਕਟਰ 11, ਚੰਡੀਗੜ੍ਹ, ਐਮ.ਸੀ.ਪੀ.ਐਚ. ਡਿਵੀਜ਼ਨ ਨੰਬਰ 2, ਕਰੁਣਾ ਸਦਨ ਨੇੜੇ, ਸੈਕਟਰ 11, ਚੰਡੀਗੜ੍ਹ ਅਤੇ ਐਮ.ਸੀ.ਪੀ.ਐਚ. ਡਿਵੀਜ਼ਨ ਨੰਬਰ 3, ਚੰਡੀਗੜ੍ਹ

ਪੰਜਾਬ ਸਰਕਾਰ

ਕੰਮਾਂ ਲਈ ਟੈਂਡਰ/ਆਰਐਫਪੀ

ਟੈਂਡਰ ਸੂਚਨਾ ਹਵਾਲਾ ਨੰਬਰ ਐਮਸੀਜੇ/ਓਐਮ/2026-27/23 ਅਤੇ 72/ਸੀਈ/ਡਬਲਿਊਐਸ/ਜੀ ਮਿਤੀ 22.05.2026

ਨਗਰ ਨਿਗਮ ਜਲੰਧਰ ਦੇ ਵਿਭਾਗ ਵੱਲੋਂ ਨਿਮਨ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ :- ਟਿਊਬਵੈਲ ਦੀ ਵਿਵਸਥਾ/ਸਥਾਪਨਾ ਲਈ ਓ ਅਤੇ ਐਮ ਸ਼ਾਖਾ ਨਾਲ ਸਬੰਧਤ 03 ਕੰਮ ਅਤੇ ਜਲ ਸਪਲਾਈ ਅਤੇ ਸੀਵਰੇਜ ਕਾਰਜਾਂ ਨਾਲ ਸਬੰਧਤ 05 ਕੰਮ (ਵਿਸਥਾਰਤ ਕੰਮ ਵੈਬਸਾਈਟ 'ਤੇ ਦਰਸਾਏ ਜਾਣਗੇ)

ਬੰਦ ਹੋਣ ਦੀ ਮਿਤੀ ਅਤੇ ਸਮਾਂ :-
ਟੈਂਡਰ ਦੀ ਉਪਲਬਧਤਾ :- ਲੜੀ ਨੰ. 1-03 ਲਈ : 23.05.2026, ਬਾ.ਦੁ. 14.00 ਵਜੇ
ਟੈਂਡਰ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ :- 08.06.20265, ਬਾ.ਦੁ. 14.00 ਵਜੇ
ਪੂਰਵ ਬੋਲੀ ਬੈਠਕ (ਲੜੀ ਨੰ. 1 ਅਤੇ 2 ਦੇ ਲਈ) 29.05.2026 ਨੂੰ ਦੁਪਹਿਰ 12.00 ਵਜੇ ਦਫਤਰ ਨਿਗਰਾਨ ਇੰਜੀਨੀਅਰ (ਓ ਅਤੇ ਐਮ) ਕਮਰਾ ਨੰ. 62 ਵਿਚ ਡਾ. ਬੀ.ਆਰ. ਅੰਬੇਡਕਰ ਕੰਪਲੈਕਸ, ਨਗਰ ਨਿਗਰ ਜਲੰਧਰ, ਦੂਜੀ ਮੰਜ਼ਿਲ, ਵਿਖੇ ਆਯੋਜਿਤ ਕੀਤੀ ਜਾਵੇਗੀ।
ਟੈਂਡਰ ਦੀ ਉਪਲਬਧਤਾ :- ਲੜੀ ਨੰ. 04-08 ਲਈ : 23.05.2026, ਬਾ.ਦੁ. 14.00 ਵਜੇ
ਟੈਂਡਰ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ :- 03.06.20265, ਬਾ.ਦੁ. 14.00 ਵਜੇ

ਵੇਰਵਿਆਂ ਲਈ ਲਾਗ ਆਨ ਕਰੋ : **eproc.punjab.gov.in**

ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।

ਸਰਕਾਰੀ ਪੱਤਰ ਹਵਾਲਾ ਨੰਬਰ ਜੇਡੀਡੀਐਲਜੀ/ਪੀਆਰਯੂ/ਡੀਐਲਜੀ/2021/1018-23 ਮਿਤੀ 13.05.2021 ਦੇ ਅਨੁਸਾਰ
ਸਹੀ/- ਨਿਗਮ ਇੰਜੀਨੀਅਰ,
ਨਗਰ ਨਿਗਮ ਜਲੰਧਰ

RO.No.PR-Advt.No. : 1911/12/2026-27/11650/Dated CHD : 22/05/2026

ਪੰਜਾਬ ਸਰਕਾਰ

ਟੈਂਡਰ ਸੂਚਨਾ ਹਵਾਲਾ ਨੰਬਰ 2026/566 ਮਿਤੀ 22.05.2026
ਐਸਪੀਓ ਵਿਭਾਗ, ਪੀਏਯੂ, ਲੁਧਿਆਣਾ ਵੱਲੋਂ ਨਿਮਨਲਿਖਤ ਖਰੀਦ ਦੇ ਲਈ ਆਨਲਾਈਨ ਈ-ਟੈਂਡਰ ਮੰਗੇ ਜਾਂਦੇ ਹਨ:

ਨਿਰਦੇਸ਼ਕ (ਬੀਜ), ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਵੱਖ-ਵੱਖ ਪੈਕਿੰਗ ਸਮੱਗਰੀ ਦੀ ਖਰੀਦ ਲਈ ਦਰ ਠੇਕਾ।

ਬੰਦ ਹੋਣ ਦੀ ਮਿਤੀ ਅਤੇ ਸਮਾਂ : 04.06.2026 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : www.eproc.punjab.gov.in ਅਤੇ www.pau.edu
ਨੋਟ : ਈ-ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।

ਸਹੀ/-ਪ੍ਰਬੰਧਕੀ ਸਹਿ ਲੇਖਾ ਅਧਿਕਾਰੀ,
ਸਟੋਰ ਖਰੀਦ ਸੰਗਠਨ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
(ਈ-ਮੇਲ : **spoaao@pau.edu**)

RO.No.PR-Advt.No. 1627/12/2026-27/11653/Dated CHD : 22/05/2026

ਉੱਤਰ ਰੇਲਵੇ

ਈ-ਟੈਂਡਰ

ਖੁਲੀ ਟੈਂਡਰ ਸੂਚਨਾ 10-ਅੰਬਾਲਾ/2026-27 ਮਿਤੀ 21.05.2026

ਸੀਨੀਅਰ ਮੰਡਲ ਇੰਜੀਨੀਅਰ-ਸਮਨਵੇ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰ ਦੇ ਦੁਵਾਰਾ ਤੋਂ ਇਛੁਕ ਠੇਕੇਦਾਰਾਂ ਤੋਂ ਹੇਠਾ ਲਿਖੇ ਕੰਮਾਂ ਲਈ ਖੁਲੀ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕੀ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ **15.00 ਵਜੇ** ਤਕ ਖੁਲੀ ਰਹੇਗੀ ਅਤੇ ਉਸਦੇ ਬਾਦ ਖੋਲੀ ਜਾਵੇਗੀ।

1 ਕੰਮ ਦਾ ਨਾਮ : ਰਾਮਪੁਰਾ ਫੂਲ ਰੇਲਵੇ ਸਟੇਸ਼ਨ, ਗਿਦਦੜਬਾਹਾ ਰੇਲਵੇ ਸਟੇਸ਼ਨ ਅਤੇ ਮਲੋਟ ਰੇਲਵੇ ਸਟੇਸ਼ਨ ਉਤੇ ਮੌਜੂਦਾ FOB ਦੇ ਲਈ ਰੈਮਪ ਦੀ ਵਿਵਸਥਾ।

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
3,42,24,529	6,84,500	12 ਮਹੀਨੇ	16.06.2026

2 ਕੰਮ ਦਾ ਨਾਮ : ਅੰਬਾਲਾ ਡਵੀਜਨ ਵਿਚ ਐਲਡੀਐਚ-ਡੀਯੂਆਈ ਸੈਕਸ਼ਨ ਉਤੇ ਐਲਸੀ ਨੰਬਰ ਸੀ-29, ਸੀ-52 ਅਤੇ ਬੀਟੀਆਈ-ਐਸਜੀਐਨਆਰ ਸੈਕਸ਼ਨ ਉਤੇ ਐਲਸੀ ਨੰਬਰ 48 ਦੇ ਬਾਕੀ ਇੰਟਰਲਾਕਡ ਲੇਵਲ ਕਰੋਸਿੰਗ ਗੇਟਾਂ ਉਤੇ ਆਈਪੀਐਸ (IPS) ਲਗਾਣ ਦਾ ਪ੍ਰਾਵਧਾਨ। (ਕੇਵਲ ਸਿਵਿਲ ਕੰਮ)

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
53,55,974	1,07,100	08 ਮਹੀਨੇ	10.06.2026

3 ਕੰਮ ਦਾ ਨਾਮ : ਯਮੁਨਾਨਗਰ ਜਗਾਧਰੀ ਰੇਲਵੇ ਸਟੇਸ਼ਨ ਯਾਰਡ ਵਿਚ SSE/P-Way/YJUD ਦੇ ਸੈਕਸ਼ਨ ਵਿਚ ਣਬਟਏਕਵਬ ਦੇ ਅਧੀਨ ਲਾਇਨ ਨੰਬਰ 2 ਅਤੇ 3 (ਪੈਸੇਂਜਰ ਲੂਪ ਲਾਇਨ) ਉਤੇ 60 ਕਿਗ੍ਰਾ (90 UTS) ਰੇਲਾਂ ਨੂੰ PSC ਬਾਈਡਰ ਸਲੀਪਰ 1660 ਨੰਬਰ/ਕਿਮੀ (LWR) ਸਹਿਤ ਵਿਛਾਕੇ 1.718 ਟੀਕੇਐਮ ਦਾ CTR(P), ਲਾਇਨ ਨੰਬਰ 5 ਉਤੇ 60 ਕਿਗ੍ਰਾ ਰੇਲਾਂ ਨੂੰ PSC ਸਲੀਪਰ 1540 ਨੰਬਰ / ਕਿਮੀ ਸਹਿਤ 0.910 ਟੀਕੇਐਮ ਦਾ CTR(SH), ਚਾਂਦਪੁਰ ਸਾਈਡਿੰਗ ਵਿਚ 52 ਕਿਗ੍ਰਾ ਰੇਲਾਂ ਸਹਿਤ TRR(S) (LWR) ਅਤੇ ਯਾਰਡ ਸੁਧਾਰ ਕੰਮ ਜਿਸ ਤਰ੍ਹਾਂ ਮਲਬਾ ਨਿਸਤਾਰਣ, ਡੀਪ ਸਕਰੀਨਿੰਗ ਸੈਂਡ ਹੰਪ ਆਦਿ ਦਾ ਕੰਮ।

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
98,59,716	1,97,200	12 ਮਹੀਨੇ	10.06.2026

4 ਕੰਮ ਦਾ ਨਾਮ : ADEN/SRE ਦੇ ਅੰਤਰਗਤ SSW, MFB ਅਤੇ PKY ਯਾਰਡ ਵਿਚ PSC ਬਾਈਡਰ ਸਲੀਪਰ ਉਤੇ ਵਿਛਾਈ ਗਈ 60kg (90 UTS) ਰੇਲਾਂ ਦੇ ਨਾਲ ਲੂਪ ਲਾਇਨਾਂ ਦਾ CTR(P) 1660 ਨਗ/ਕਿਮੀ (LWR) ਅਤੇ HNC-SRE (UP ਲਾਇਨ) ਦੇ ਵਿਚ 60kg 90 UTS ਰੇਲਾਂ ਦੇ ਨਾਲ 1.6 ਕਿਮੀ TRR(P) ਦਾ ਕੰਮ, ਅਤੇ PKY,KWT, HNC, JUDW, MFB ਅਤੇ DZP ਯਾਰਡ ਵਿਚ ਯਾਰਡ ਸੁਧਾਰ ਕੰਮ ਜਿਸਤਰ੍ਹਾਂ CTR, TRR, TSR, TTR ਡੀਪ ਸਕਰੀਨਿੰਗ, ਸੈਂਡ ਹੰਪ, ਮਲਵੇ ਦਾ ਨਿਪਟਾਲ ਆਦਿ।

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
1,80,19,239	3,60,400	12 ਮਹੀਨੇ	10.06.2026

5 ਕੰਮ ਦਾ ਨਾਮ : ADEN/Shimla ਦੇ ਅੰਤਰਗਤ ਯਾਤਰੀ ਲੂਪ ਲਾਇਨਾਂ ਉਤੇ ਲੂਪ ਲਾਇਨਾਂ ਉਤੇ ਸੀ.ਐਸ.ਸੀ. ਬਾਈਡਰ ਸਲੀਪਰਾਂ ਉਤੇ ਵਿਛਾਈ ਗਈ 60 ਕਿਲੋਗ੍ਰਾਮ (90 ਯੂ.ਟੀ.ਐੱਸ.) ਰੇਲਾਂ ਦੇ ਨਾਲ ਸੀ.ਟੀ.ਆਰ. (ਪੀ.) 1660 ਨਗ/ਕਿਮੀ., ਟੀ.ਟੀ.ਆਰ. ਅਤੇ ਯਾਰਡ ਸੁਧਾਰ ਕੰਮ ਜਿਸਤਰ੍ਹਾਂ ਕਿ ਟੀ. ਐਫ.ਆਰ., ਪੀ.ਆਰ.ਸੀ. ਸਲੀਪਰਾਂ ਅਤੇ ਰੇਲਾਂ ਦਾ ਆਕਸਮਿਕ ਨਵੀਨੀਕਰਣ ਅਤੇ ਕਾਲਕਾ ਯਾਰਡ ਦੀ ਡੀਪ ਸਕਰੀਨਿੰਗ।

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
81,90,979	1,63,800	12 ਮਹੀਨੇ	10.06.2026

6 ਕੰਮ ਦਾ ਨਾਮ : ADEN/SRE ਦੇ ਅਧਿਕਾਰ ਖ਼ੇਤਰ ਵਿਚ ਆਉਣ ਵਾਲੇ PKY, KWT, HNC, YJUD, JUDW, MFB ਅਤੇ DZP ਯਾਰਡ ਦੇ ਸੁਧਾਰ ਕੰਮਾਂ ਦੇ ਨਾਲ-ਨਾਲ ਯਾਰਡ ਜਲ ਨਿਕਾਸੀ ਵਿਚ ਸੁਧਾਰ।

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
3,44,34,313	6,88,700	12 ਮਹੀਨੇ	10.06.2026

7 ਕੰਮ ਦਾ ਨਾਮ : ਤੰਦਵਾਲ (ਹਾਲਟ) ਰੇਲਵੇ ਸਟੇਸ਼ਨ ਉਤੇ ਰੈਂਪ ਦੇ ਨਾਲ 03 ਮੀਟਰ ਚੋੜੀ ਐਫਓਬੀ ਦੀ ਵਿਵਸਥਾ।

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
2,38,09,856	4,76,200	12 ਮਹੀਨੇ	10.06.2026

8 ਕੰਮ ਦਾ ਨਾਮ : ਬਰਾੜਾ ਰੇਲਵੇ ਸਟੇਸ਼ਨ ਉਤੇ ਯਾਤਰੀ ਪਲੇਟਫਾਰਮ ਨੂੰ ਨਿਚਲੇ ਸਤਰ ਤੋਂ ਉੱਚ ਸਤਰ ਤਕ 600 ਮੀਟਰ ਤਕ ਉਚਾ ਕਰਨਾ ਅਤੇ ਉਸਦਾ ਵਿਸਤਾਰ ਕਰਨਾ।

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
3,18,13,818	6,36,300	12 ਮਹੀਨੇ	10.06.2026

9 ਕੰਮ ਦਾ ਨਾਮ : ਅੰਬਾਲਾ ਕੈਂਟ, ਲਾਲਰੂ, ਧੂਲਕੋਟ, ਘਗਗਰ ਅਤੇ ਧਪਪਰ ਸਟੇਸ਼ਨਾਂ ਦੇ ਪਲੇਟਫਾਰਮ ਉਤੇ ਟੈਕਟਾਇਲ ਗਾਈਡਿੰਗ ਅਤੇ ਵਾਰਨਿੰਗ ਟਾਇਲਸ ਦਾ ਪ੍ਰਾਵਧਾਨ।

ਅਨੁਮਾਨਿਤ ਲਾਗਤ (ਰੁ:)	ਅਗ੍ਰਿਮ ਰਾਸ਼ੀ (ਰੁ)	ਕੰਮ ਪੂਰਾ ਕਰਨ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ
67,64,124	1,35,300	06 ਮਹੀਨੇ	10.06.2026

ਨੋਟ :- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜ਼ਰੂਰੀ ਸੰਬੰਧਿਤ ਡਾਕਯੂਮੈਂਟਾਂ ਦੇ ਸਕੈਨਿੰਗ ਕਾਪੀ ਨੂੰ ਰੇਲਵੇ ਵੇਬਸਾਈਟ **IREPS** ਉਤੇ ਅਪਲੋਡ ਕਰਨ ਜ਼ਰੂਰੀ ਹੈ। **2.** ਅਗ੍ਰਿਮ ਰਾਸ਼ੀ ਆਨ ਲਾਇਨ ਪੇਮੈਂਟ ਨੇਟ ਬੈਂਕਿੰਗ/ਗੇਟਵੇ ਪੇਮੈਂਟ ਦੇ ਦੁਵਾਰਾ ਹੀ ਸਵੀਕਾਰ ਹੋਣਗੇ। **3.** ਟੈਂਡਰ ਦੀ ਪੂਰੀ ਜਾਣਕਾਰੀ ਲਈ ਰੇਲਵੇ ਵੇੱਬਸਾਈਟ www.ireps.gov.in ਉਤੇ ਲਾਗ ਆਨ ਕਰੋ। **4.** ਠੇਕੇਦਾਰ ਨੂੰ ਈ-ਟੈਂਡਰਾਂ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। **5.** ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗੀ।
1720/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਸੱਦਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਆਰਾ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾਵਾਂ ਦੇ ਮਾਧਿਅਮ ਨਾਲ ਮੰਗ ਕੀਤੀ ਜਾਂਦੀ ਹੈ:-

ਲ.ਨੰ.	ਨਿਵਿਦਾ ਨੰਬਰ	ਸੰਖੇਪ ਵੇਰਵਾ	ਮਾਤਰਾ	ਬੰਦ ਹੋਣ ਦੀ ਮਿਤੀ
1.	61265655	ਸਪਲਾਈ ਟੇਸਟਿੰਗ, ਕਮਿਸ਼ਨਿੰਗ ਆਫ ਪਾਵਰ ਟ੍ਰਾਂਸਫਾਰਮਰ	1 ਨਗ	18 ਜੂਨ 2026

ਨਿਵਿਦਾ ਸ਼ਰਤਾਂ 1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਆਫਰ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।
ਟੈਂਡਰ ਨੋਟਿਸ ਨੰਬਰ: 61265655 **1731/2026**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

In The High Court Of Punjab And Haryana At Chandigarh
Judicial Department
RSA No. 1805-2019
Next Date Of Hearing: -27.07.2026
Ramneek Kaur And Others
Versus
Shanti Devi And Others
Petition/Appeal U/S 151 C.P.C. And Other Relevant Provision Of C.P.C.
To,
Respondent No. 16:- Romesh Kumar Son Of Mangat Ram R/O Old Bishan Nagar, Patiala.
In the above titled petition/appeal, the respondent (s)/defendant(s) could not be served in the ordinary process. it is ordered that the respondent(s)/defendant(s) should appear in person or through counsel on 27.07.2026 at 10 a.m. sharp.
Sd/- Superintendent RSA
For Registrar Judicial
Punjab and Haryana High Court, Chandigarh

ਕੀ ਹੋਵੇਗਾ "ਕਾਕਰੋਚ ਜਨਤਾ ਪਾਰਟੀ" ਦਾ ਭਵਿੱਖ..?

ਸਿਆਸਤ ਦੇ ਹਨੇਰੇ ਕੋਨਿਆਂ ਤੋਂ ਨਿਕਲ ਕੇ ਚਰਚਾ ਦੇ ਕੇਂਦਰ ਤੱਕ

ਦੇਸ਼ ਦੀ ਰਾਜਨੀਤੀ ਵਿੱਚ ਕੁਝ ਸਮੇਂ ਬਾਅਦ ਕੋਈ ਨਾ ਕੋਈ ਨਵਾਂ ਚਿਹਰਾ, ਨਵਾਂ ਨਾਰਾ ਜਾਂ ਨਵੀ ਪਾਰਟੀ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ। ਪਰ ਇਸ ਵਾਰ ਲੋਕਾਂ ਦੀ ਜ਼ੁਬਾਨ 'ਤੇ ਜਿਸ ਪਾਰਟੀ ਦਾ ਨਾਮ ਸਭ ਤੋਂ ਵੱਧ ਸੁਣਨ ਨੂੰ ਮਿਲ ਰਿਹਾ ਹੈ, ਉਹ ਹੈ "ਕਾਕਰੋਚ ਜਨਤਾ ਪਾਰਟੀ"। ਨਾਮ ਅਜੀਬ ਹੈ, ਵਿਚਾਰਧਾਰਾ ਹੋਰ ਵੀ ਵੱਖਰੀ ਅਤੇ ਇਸਦੀ ਰਾਜਨੀਤਿਕ ਸ਼ੈਲੀ ਨੇ ਸੋਸ਼ਲ ਮੀਡੀਆ ਤੋਂ ਲੈ ਕੇ ਚਾਹ ਦੇ ਢਾਬਿਆਂ ਤੱਕ ਹਰ ਜਗ੍ਹਾ ਚਰਚਾ ਛੇੜ ਦਿੱਤੀ ਹੈ। ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਹ ਪਾਰਟੀ ਸਿਰਫ਼ ਇੱਕ ਮਜ਼ਾਕ ਬਣ ਕੇ ਰਹਿ ਜਾਵੇਗੀ ਜਾਂ ਭਵਿੱਖ ਵਿੱਚ ਕੋਈ ਵੱਡੀ ਰਾਜਨੀਤਿਕ ਤਾਕਤ ਬਣ ਸਕਦੀ ਹੈ?

"ਕਾਕਰੋਚ ਜਨਤਾ ਪਾਰਟੀ" ਦਾ ਨਾਮ ਪਹਿਲੀ ਵਾਰ ਸੁਣਨ 'ਤੇ ਲੋਕ ਹੱਸਦੇ ਜ਼ਰੂਰ ਹਨ, ਪਰ ਪਾਰਟੀ ਦੇ ਸਮਰਥਕ ਇਸਦੇ ਪਿੱਛੇ ਇੱਕ ਵੱਡਾ ਸੰਦੇਸ਼ ਦੱਸਦੇ ਹਨ। ਉਹ ਕਹਿੰਦੇ ਹਨ ਕਿ ਜਿਵੇਂ ਕਾਕਰੋਚ ਹਰ ਮੁਸ਼ਕਲ ਹਾਲਾਤ ਵਿੱਚ ਵੀ ਜੀਉਂਦਾ ਰਹਿੰਦਾ ਹੈ, ਠੀਕ ਉਸੇ ਤਰ੍ਹਾਂ ਆਮ ਜਨਤਾ ਵੀ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਰਾਜਨੀਤਿਕ ਵਾਅਦਿਆਂ ਦੇ ਬੋਝ ਹੇਠਾਂ ਵੀ ਆਪਣਾ ਜੀਵਨ ਚਲਾ ਰਹੀ ਹੈ। ਪਾਰਟੀ ਆਪਣੇ ਆਪ ਨੂੰ "ਆਮ ਲੋਕਾਂ ਦੀ ਜ਼ਿੰਦਗੀ ਦੀ ਸੱਚਾਈਂ" ਨਾਲ ਜੋੜ ਕੇ ਪੇਸ਼ ਕਰ ਰਹੀ ਹੈ।

ਸੋਸ਼ਲ ਮੀਡੀਆ 'ਤੇ ਪਾਰਟੀ ਦੇ ਵੀਡੀਓ, ਮੀਮ ਅਤੇ ਨਾਰੇ ਕਾਫ਼ੀ ਵਾਇਰਲ ਹੋ ਰਹੇ ਹਨ। ਨੌਜਵਾਨ ਵਰਗ ਇਸਨੂੰ ਮਨੋਰੰਜਨ ਦੇ ਤੌਰ 'ਤੇ ਵੀ ਦੇਖ ਰਿਹਾ ਹੈ ਅਤੇ ਇੱਕ ਤਰ੍ਹਾਂ ਦੇ ਸਿਸਟਮ ਵਿਰੋਧੀ ਪ੍ਰਤੀਕ ਵਜੋਂ ਵੀ। ਪਾਰਟੀ ਦੇ ਪ੍ਰਚਾਰ ਵਿੱਚ ਵੱਡੇ ਵੱਡੇ ਵਾਅਦੇ ਨਹੀਂ, ਸਗੋਂ ਤਿੱਖੇ ਤੰਜ, ਵਿਅੰਗ ਅਤੇ ਆਮ ਆਦਮੀ ਦੀਆਂ ਸਮੱਸਿਆਵਾਂ ਨੂੰ ਸਿੱਧੇ ਸ਼ਬਦਾਂ ਵਿੱਚ ਉਠਾਇਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਪਾਰਟੀ ਨੇ ਘੱਟ ਸਮੇਂ ਵਿੱਚ ਕਾਫ਼ੀ ਧਿਆਨ ਖਿੱਚਿਆ ਹੈ।

ਰਾਜਨੀਤਿਕ ਵਿਸ਼ਲੇਸ਼ਕ ਮੰਨਦੇ ਹਨ ਕਿ ਇਸ ਤਰ੍ਹਾਂ ਦੀਆਂ ਪਾਰਟੀਆਂ ਅਕਸਰ ਲੋਕਾਂ ਦੀ ਨਾਰਾਜ਼ਗੀ ਦਾ ਪ੍ਰਤੀਕ ਬਣ ਕੇ ਸਾਹਮਣੇ ਆਉਂਦੀਆਂ ਹਨ। ਜਦੋਂ ਜਨਤਾ ਨੂੰ ਲੱਗਦਾ ਹੈ ਕਿ ਰਵਾਇਤੀ ਪਾਰਟੀਆਂ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਦੂਰ ਹੋ ਗਈਆਂ ਹਨ, ਤਾਂ ਉਹ ਨਵੇਂ ਵਿਕਲਪਾਂ ਵੱਲ ਦੇਖਣ ਲੱਗਦੀ ਹੈ। "ਕਾਕਰੋਚ ਜਨਤਾ ਪਾਰਟੀ" ਵੀ ਉਸੇ ਗੁੱਸੇ ਅਤੇ ਨਿਰਾਸ਼ਾ ਨੂੰ ਕੈਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਹਾਲਾਂਕਿ, ਸਿਰਫ਼ ਚਰਚਾ ਵਿੱਚ ਰਹਿਣਾ ਅਤੇ ਚੋਣਾਂ ਜਿੱਤਣਾ ਦੋ ਵੱਖਰੀਆਂ ਗੱਲਾਂ ਹਨ। ਪਾਰਟੀ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸੰਗਠਨ ਖੜ੍ਹਾ ਕਰਨ ਦੀ ਹੈ। ਇਸ ਵੇਲੇ ਪਾਰਟੀ

ਡਾ: ਮਨਿੰਦਰ ਜੀਤ ਸਿੰਘ ਪੁਰੇਵਾਲ

ਦੀ ਮੌਜੂਦਗੀ ਮੁੱਖ ਤੌਰ 'ਤੇ ਸੋਸ਼ਲ ਮੀਡੀਆ ਤੱਕ ਸੀਮਿਤ ਦਿਖਾਈ ਦਿੰਦੀ ਹੈ। ਜ਼ਮੀਨੀ ਪੱਧਰ 'ਤੇ ਇਸਦੀ ਪਹੁੰਚ ਕਿੰਨੀ ਹੈ, ਇਹ ਅਜੇ ਸਪਸ਼ਟ ਨਹੀਂ। ਕਿਸੇ ਵੀ ਰਾਜਨੀਤਿਕ ਪਾਰਟੀ ਲਈ ਪਿੰਡਾਂ, ਸ਼ਹਿਰਾਂ ਅਤੇ ਵੱਖ-ਵੱਖ ਵਰਗਾਂ ਵਿੱਚ ਮਜ਼ਬੂਤ ਨੈੱਟਵਰਕ ਬਣਾਉਣਾ ਬਹੁਤ ਜ਼ਰੂਰੀ ਹੁੰਦਾ ਹੈ।

ਦੂਜੀ ਵੱਡੀ ਚੁਣੌਤੀ ਗੰਭੀਰਤਾ ਦੀ ਹੈ। ਲੋਕ ਸ਼ੁਰੂ ਵਿੱਚ ਅਜੀਬ ਨਾਮ ਅਤੇ ਵਿਅੰਗਾਤਮਕ ਅੰਦਾਜ਼ ਕਾਰਨ ਪਾਰਟੀ ਵੱਲ ਖਿੱਚੇ ਜਾ ਸਕਦੇ ਹਨ, ਪਰ ਕੀ ਉਹ ਇਸਨੂੰ ਇੱਕ ਗੰਭੀਰ ਰਾਜਨੀਤਿਕ ਵਿਕਲਪ ਮੰਨਣਗੇ? ਇਹ ਸਵਾਲ ਅਜੇ ਵੀ ਖੜ੍ਹਾ ਹੈ। ਜੇਕਰ ਪਾਰਟੀ ਕੋਲ ਸਪਸ਼ਟ ਨੀਤੀਆਂ, ਆਰਥਿਕ ਯੋਜਨਾਵਾਂ ਅਤੇ ਸਮਾਜਿਕ ਮੁੱਦਿਆਂ 'ਤੇ ਠੋਸ ਵਿਚਾਰ ਨਹੀ ਹੋਣਗੇ, ਤਾਂ ਇਸਦੀ ਲੋਕਪ੍ਰਿਯਤਾ ਸਿਰਫ਼ ਇੰਟਰਨੈੱਟ ਤੱਕ ਹੀ ਸੀਮਿਤ ਰਹਿ ਸਕਦੀ ਹੈ।

ਇਸਦੇ ਬਾਵਜੂਦ ਪਾਰਟੀ ਦਾ ਇੱਕ ਪੱਖ ਕਾਫ਼ੀ ਦਿਲਚਸਪ ਹੈ। ਇਹ ਲੋਕਾਂ ਨੂੰ ਰਾਜਨੀਤੀ ਬਾਰੇ ਗੱਲ ਕਰਨ ਲਈ ਮਜਬੂਰ ਕਰ ਰਹੀ ਹੈ। ਕਈ ਨੌਜਵਾਨ, ਜੋ ਪਹਿਲਾਂ ਰਾਜਨੀਤੀ ਤੋਂ ਦੂਰ ਰਹਿੰਦੇ ਸਨ, ਹੁਣ ਇਸਦੇ ਮੀਮ ਅਤੇ ਵੀਡੀਓ ਦੇਖ ਕੇ ਘੱਟੋ-ਘੱਟ ਸਿਸਟਮ 'ਤੇ ਚਰਚਾ ਤਾਂ ਕਰ ਰਹੇ ਹਨ। ਕੁਝ ਮਾਹਿਰ ਇਸਨੂੰ "ਡਿਜ਼ਿਟਲ ਯੁੱਗ ਦੀ ਵਿਅੰਗਾਤਮਕ ਰਾਜਨੀਤੀ" ਵੀ ਕਹਿ ਰਹੇ ਹਨ।

ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਰਵਾਇਤੀ ਪਾਰਟੀਆਂ ਵੀ ਹੁਣ ਇਸਨੂੰ ਅਣਡਿੱਠਾ ਨਹੀ ਕਰ ਰਹੀਆਂ। ਕਈ ਨੇਤਾ ਆਪਣੇ ਭਾਸ਼ਣਾਂ ਵਿੱਚ ਇਸ ਤਰ੍ਹਾਂ ਦੀਆਂ "ਮੀਮ ਪਾਰਟੀਆਂ" 'ਤੇ ਤੰਜ ਕਰਦੇ ਦਿਖਾਈ ਦੇ ਰਹੇ ਹਨ। ਇਸਦਾ ਮਤਲਬ ਹੈ ਕਿ "ਕਾਕਰੋਚ ਜਨਤਾ ਪਾਰਟੀ" ਨੇ ਘੱਟੋ-ਘੱਟ ਚਰਚਾ ਦੇ ਮੈਦਾਨ ਵਿੱਚ ਆਪਣੀ ਜਗ੍ਹਾ ਬਣਾ ਲਈ ਹੈ।

ਭਵਿੱਖ ਦੀ ਗੱਲ ਕਰੀਏ ਤਾਂ ਪਾਰਟੀ ਲਈ ਤਿੰਨ ਰਸਤੇ ਨਜ਼ਰ ਆਉਂਦੇ ਹਨ। ਪਹਿਲਾ; ਇਹ ਕੁਝ ਮਹੀਨਿਆਂ ਦੀ ਇੰਟਰਨੈੱਟ ਸੈਂਸੇਸ਼ਨ ਬਣ ਕੇ ਹੌਲੀ-ਹੌਲੀ ਗਾਇਬ ਹੋ ਜਾਵੇ। ਦੂਜਾ; ਇਹ ਇੱਕ ਦਬਾਅ ਸਮੂਹ ਵਜੋ ਉਭਰੇ ਅਤੇ ਰਵਾਇਤੀ ਪਾਰਟੀਆਂ ਨੂੰ ਲੋਕਾਂ ਦੇ ਮੁੱਦੇ ਉਠਾਉਣ ਲਈ ਮਜਬੂਰ ਕਰੇ। ਤੀਜਾ; ਜੇਕਰ ਇਹ ਆਪਣਾ ਸੰਗਠਨ ਮਜ਼ਬੂਤ ਕਰਕੇ ਜ਼ਮੀਨੀ ਪੱਧਰ 'ਤੇ ਕੰਮ ਕਰਦੀ ਹੈ, ਤਾਂ ਆਉਣ ਵਾਲੇ ਸਮੇ ਵਿੱਚ ਇੱਕ ਛੋਟੀ ਪਰ ਪ੍ਰਭਾਵਸ਼ਾਲੀ ਰਾਜਨੀਤਿਕ ਤਾਕਤ ਵੀ ਬਣ ਸਕਦੀ ਹੈ।

ਭਾਰਤੀ ਰਾਜਨੀਤੀ ਦਾ ਇਤਿਹਾਸ ਦੱਸਦਾ ਹੈ ਕਿ ਕਈ ਪਾਰਟੀਆਂ ਨੂੰ ਸ਼ੁਰੂ ਵਿੱਚ ਮਜ਼ਾਕ ਸਮਝਿਆ ਗਿਆ, ਪਰ ਬਾਅਦ ਵਿੱਚ ਉਹ ਵੱਡੀਆਂ ਤਾਕਤਾਂ ਬਣ ਗਈਆਂ। ਇਸ ਲਈ "ਕਾਕਰੋਚ ਜਨਤਾ ਪਾਰਟੀ" ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨਾ ਵੀ ਜਲਦਬਾਜ਼ੀ ਹੋ ਸਕਦੀ ਹੈ। ਲੋਕਾਂ ਦਾ ਗੁੱਸਾ, ਸੋਸ਼ਲ ਮੀਡੀਆ ਦੀ ਤਾਕਤ ਅਤੇ ਸਿਸਟਮ ਵਿਰੋਧੀ ਭਾਵਨਾ ਇਹ ਤਿੰਨੇ ਮਿਲ ਕੇ ਕਈ ਵਾਰ ਅਸੰਭਵ ਦਿਖਣ ਵਾਲੀਆਂ ਚੀਜ਼ਾਂ ਨੂੰ ਵੀ ਸੰਭਵ ਬਣਾ ਦਿੰਦੇ ਹਨ।

ਫਿਲਹਾਲ ਇੱਕ ਗੱਲ ਤਾਂ ਸਾਫ਼ ਹੈ ਕਿ "ਕਾਕਰੋਚ ਜਨਤਾ ਪਾਰਟੀ" ਨੇ ਰਾਜਨੀਤੀ ਵਿੱਚ ਇੱਕ ਨਵਾਂ ਵਿਅੰਗਾਤਮਕ ਮਾਡਲ ਪੇਸ਼ ਕੀਤਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਹ ਸਿਰਫ਼ ਹਾਸੇ ਦਾ ਵਿਸ਼ਾ ਬਣੀ ਰਹਿੰਦੀ ਹੈ ਜਾਂ ਸੱਚਮੁੱਚ ਜਨਤਾ ਦੀ ਆਵਾਜ਼ ਬਣ ਕੇ ਉਭਰਦੀ ਹੈ।

ਸੁਨੀਲ ਗ੍ਰੋਵਰ: ਸਲਮਾਨ ਖ਼ਾਨ ਵੀ ਹੈ ਜਿਸ ਦੀ ਅਦਾਕਾਰੀ ਦਾ ਫੈਨ

ਕਲਪਨਾ

"ਜਦੋਂ ਅਸੀ ਉਨ੍ਹਾਂ ਨੂੰ (ਸੁਨੀਲ ਗ੍ਰੋਵਰ ਨੂੰ) ਦੇਖ ਰਹੇ ਸੀ, ਤਾਂ ਮੈਨੂੰ ਲੱਗਿਆ ਕਿ ਮੈ ਕਿੰਨਾ ਨਾਕਾਬਿਲ ਹਾਂ। ਉਹ ਕਾਮੇਡੀ ਕਰਨ ਦੀ ਕੋਸ਼ਿਸ਼ ਨਹੀ ਕਰਦੇ, ਸਗੋ ਕਿਰਦਾਰ ਨਿਭਾਉਦੇ ਹਨ", ਸਲਮਾਨ ਖ਼ਾਨ ਨੇ ਇਹ ਗੱਲ ਸਾਲ 2017 ਵਿੱਚ ਕਹੀ ਸੀ। ਕਰੀਬ ਨੌ ਸਾਲ ਬਾਅਦ ਓਟੀਟੀ ਪਲੇਟਫਾਰਮ ਨੈੱਟਫਲਿਕਸ 'ਤੇ ਆਉਣ ਵਾਲੇ 'ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ' ਦੇ ਇੱਕ ਐਪੀਸੋਡ ਵਿੱਚ ਜਦੋਂ ਸਟੇਜ 'ਤੇ 'ਫ਼ਾਦਰ ਖ਼ਾਨ' ਨਾਮ ਦੇ ਕਿਰਦਾਰ ਦੀ ਐਂਟਰੀ ਹੁੰਦੀ ਹੈ ਤਾਂ ਉਸ ਐਪੀਸੋਡ ਦੇ ਮਹਿਮਾਨ ਫ਼ਿਲਮਕਾਰ ਡੇਵਿਡ ਧਵਨ ਇਹ ਕਹਿੰਦੇ ਨਜ਼ਰ ਆਉਦੇ ਹਨ ਕਿ 'ਭਾਈਜਾਨ ਦੀ ਯਾਦ ਦਿਵਾ ਦਿੱਤੀ'। ਸਿਰਫ਼ ਡੇਵਿਡ ਧਵਨ ਹੀ ਹੈਰਾਨ ਨਹੀ ਸਨ, ਉਨ੍ਹਾਂ ਦੇ ਬੇਟੇ ਤੇ ਅਦਾਕਾਰ ਵਰੁਣ ਧਵਨ, ਸਟੇਜ ਦੇ ਦੂਜੇ ਪਾਸੇ ਬੈਠੇ ਅਰਚਨਾ ਪੂਰਨ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵੀ ਅੱਖਾਂ ਪਾੜ-ਪਾੜ ਕੇ ਫ਼ਾਦਰ ਖ਼ਾਨ ਦੇ ਇਸ ਐਕਟ ਨੂੰ ਦੇਖ ਰਹੇ ਸਨ। ਫਿਰ ਸਟੂਡੀਓ ਵਿੱਚ ਮੌਜੂਦ ਦਰਸ਼ਕਾਂ ਦੀਆਂ ਤਾੜੀਆਂ ਤਾਂ ਦੱਸ ਹੀ ਰਹੀਆਂ ਸਨ ਕਿ ਸਟੇਜ 'ਤੇ ਉਨ੍ਹਾਂ ਨੂੰ ਕਿਹੋ-ਜਿਹਾ ਜਾਦੂ ਦਿਖਾਈ ਦੇ ਰਿਹਾ ਸੀ। ਇੱਕ ਵਾਰ ਫਿਰ ਸੁਨੀਲ ਗ੍ਰੋਵਰ ਨੇ ਕੁਝ ਅਜਿਹਾ ਕਰ ਦਿੱਤਾ ਹੈ, ਜਿਸ ਨੂੰ ਸਿਰਫ਼ ਮਿਮਿਕਰੀ ਕਹਿਣਾ ਉਨ੍ਹਾਂ ਦੇ ਹੁਨਰ ਲਈ ਢੁਕਵਾਂ ਸ਼ਬਦ ਨਹੀ ਜਾਪਦਾ। ਮਰਹੂਮ ਅਦਾਕਾਰ ਕਾਦਰ ਖ਼ਾਨ ਦੇ ਕਿਰਦਾਰ ਨੂੰ ਗ੍ਰੋਵਰ ਨੇ ਜਿਸ ਤਰ੍ਹਾਂ ਨਿਭਾਇਆ, ਉਸ ਤੋ ਬਾਅਦ ਇਹ ਐਕਟ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋਇਆ। ਅਦਾਕਾਰ ਗਜਰਾਜ ਰਾਓ ਨੇ ਆਪਣੀ ਇੱਕ ਪੋਸਟ ਵਿੱਚ ਲਿਖਿਆ, "ਸੁਨੀਲ ਗ੍ਰੋਵਰ ਸਿਰਫ਼ ਮਿਮਿਕ ਨਹੀ ਕਰਦੇ, ਉਹ ਉਸ ਵਿਅਕਤੀ ਦੀ ਆਤਮਾ ਵਿੱਚ ਦਾਖ਼ਲ ਹੋ ਜਾਂਦੇ ਹਨ। ਉਨ੍ਹਾਂ ਦੇ ਬੋਲਣ, ਉਨ੍ਹਾਂ ਦੇ ਲਹਿਜ਼ੇ, ਉਨ੍ਹਾਂ ਦੇ ਹਾਵ-ਭਾਵ ਨੂੰ ਆਪਣਾ ਲੈਂਦੇ ਹਨ। ਉਨ੍ਹਾਂ ਦੀ ਕਲਾ ਦਿਵਿਆ ਹੈ, ਉਹ ਵਾਕਈ ਅਨੋਖੇ ਹਨ।"

ਕਿਰਦਾਰ ਵਿੱਚ ਵੜ੍ਹ ਜਾਂਦੇ ਹਨ... ਪਰ ਕਿਵੇਂ?

ਨੈੱਟਫਲਿਕਸ 'ਤੇ ਆਉਣ ਵਾਲੇ ਇਸ ਸ਼ੋਅ ਵਿੱਚ ਹੀ ਸੁਨੀਲ ਗ੍ਰੋਵਰ ਨੇ ਆਮਿਰ ਖ਼ਾਨ ਦਾ ਰੂਪ ਵੀ ਧਾਰਿਆ ਸੀ। ਆਮਿਰ ਇਸ ਤਰ੍ਹਾਂ ਹੈਰਾਨ ਹੋਏ ਜਿਵੇ ਉਹ ਕਿਸੇ ਸ਼ੀਸ਼ੇ ਦੇ ਸਾਹਮਣੇ ਖੜ੍ਹੇ ਹੋਣ। ਸੁਨੀਲ ਦੀ ਤਾਰੀਫ਼ ਵਿੱਚ ਆਮਿਰ ਨੇ ਕਿਹਾ ਸੀ, "ਉਹ ਸਿਰਫ਼ ਤੁਹਾਡੀ ਆਵਾਜ਼ ਜਾਂ ਹਾਵ-ਭਾਵ ਦੀ ਨਕਲ ਨਹੀ ਕਰਦੇ, ਸਗੋ ਉਸ ਤੋ ਅੱਗੇ ਜਾਂਦੇ ਹਨ, ਉਹ ਤੁਹਾਡੀ ਸੋਚ ਨੂੰ ਸਮਝਦੇ ਹਨ।" ਇਸ ਤੋ ਬਾਅਦ ਆਮਿਰ ਖ਼ਾਨ ਪ੍ਰੋਡਕਸ਼ਨ ਦੀ ਫ਼ਿਲਮ 'ਹੈਪੀ ਪਟੇਲ' ਲਈ ਸੁਨੀਲ ਗ੍ਰੋਵਰ ਅਤੇ ਆਮਿਰ ਖ਼ਾਨ, ਫ਼ਿਲਮ ਸਹਿ-ਨਿਰਦੇਸ਼ਕ ਅਤੇ ਅਦਾਕਾਰ ਵੀਰ ਦਾਸ ਦੇ ਨਾਲ ਫ਼ਿਲਮ ਦਾ ਪ੍ਰਚਾਰ ਕਰਦੇ ਨਜ਼ਰ ਆਏ। ਕਪਿਲ ਸ਼ਰਮਾ ਸ਼ੋਅ ਵਿੱਚ ਸੁਨੀਲ ਗ੍ਰੋਵਰ ਨੇ ਬਹੁਤ ਬਾਰੀਕੀ ਨਾਲ ਸਲਮਾਨ ਖ਼ਾਨ ਦੀ ਬਾਡੀ ਲੈਂਗਵੇਜ ਫੜ੍ਹੀ, ਉਨ੍ਹਾਂ ਦੇ ਬੋਲਣ ਦੇ ਇੱਕ ਖ਼ਾਸ ਤਰੀਕੇ ਨੂੰ ਫੜ੍ਹਿਆ। ਇਸ ਐਕਟ ਦੀ ਵੀ ਦਰਸ਼ਕਾਂ ਵਿੱਚ ਕਾਫ਼ੀ ਚਰਚਾ ਹੋਈ ਸੀ। ਕੁਝ ਸਾਲ ਪਹਿਲਾਂ ਸਲਮਾਨ ਨੇ ਕਿਹਾ ਸੀ, "ਉਹ ਕਾਮੇਡੀ ਕਰਨ ਦੀ ਕੋਸ਼ਿਸ਼ ਨਹੀ ਕਰਦੇ ਸਗੋ ਕਿਰਦਾਰ ਨਿਭਾਉਦੇ ਹਨ। ਜਦੋ ਮੈ ਅਤੇ ਸੋਹੇਲ ਉਨ੍ਹਾਂ ਨੂੰ ਦੇਖ ਰਹੇ ਸੀ ਤਾਂ ਮੈਨੂੰ ਲੱਗਿਆ ਕਿ ਮੈ ਕਿੰਨਾ ਨਾਕਾਬਿਲ ਹਾਂ।" ਇਸੇ ਸ਼ੋਅ ਦੌਰਾਨ ਸੁਨੀਲ ਗ੍ਰੋਵਰ ਨੇ ਸਾਲਾਂ ਪਹਿਲਾਂ ਗੁੱਥੀ ਦਾ ਕਿਰਦਾਰ ਵੀ ਨਿਭਾਇਆ ਸੀ। ਇਸ ਦੇ ਸੁਪਰਹਿੱਟ ਹੋਣ ਤੋ ਬਾਅਦ ਉਨ੍ਹਾਂ ਨੇ ਅਮਿਤਾਭ ਬੱਚਨ ਤੋ ਲੈ ਕੇ ਅਜੈ ਦੇਵਗਨ ਤੱਕ ਦੇ ਕਿਰਦਾਰ ਨਿਭਾਏ। ਮਸ਼ਹੂਰ ਗੀਤਕਾਰ ਗੁਲਜ਼ਾਰ ਦੀ ਥਾਂ ਉਨ੍ਹਾਂ ਦਾ ਇਸ ਸ਼ੋਅ ਵਿੱਚ 'ਫੁਲਜ਼ਾਰ' ਬਣ ਕੇ ਆਉਣਾ ਵੀ ਲੋਕਾਂ ਨੂੰ ਹੈਰਾਨ ਕਰ ਗਿਆ। ਸੁਨੀਲ ਗ੍ਰੋਵਰ ਨੂੰ ਦੇਖ ਕੇ ਲੱਗਦਾ ਹੈ ਕਿ ਉਹ ਕਿਸੇ ਕਿਰਦਾਰ ਨੂੰ ਨਿਭਾਉਦੇ ਨਹੀ, ਸਗੋ ਉਸ ਵਿੱਚ ਦਾਖ਼ਲ ਹੋ ਜਾਂਦੇ ਹਨ। ਪਰ ਉਹ ਅਜਿਹਾ ਕਰ ਕਿਵੇ ਲੈਂਦੇ ਹਨ। ਵੱਖ-ਵੱਖ ਇੰਟਰਵਿਊਜ਼ ਵਿੱਚ ਉਨ੍ਹਾਂ ਵੱਲੋ ਦਿੱਤੇ ਜਵਾਬਾਂ ਦਾ ਨਿਚੋੜ ਦੱਸਦਾ ਹੈ ਕਿ ਸੁਨੀਲ ਗ੍ਰੋਵਰ ਕਿਰਦਾਰਾਂ ਨੂੰ ਨਾ ਸਿਰਫ਼ ਬਾਰੀਕੀ ਨਾਲ ਦੇਖਦੇ ਹਨ, ਉਨ੍ਹਾਂ ਨੂੰ ਮਹਿਸੂਸ ਕਰਦੇ ਹਨ, ਸਗੋ ਉਸ ਕਿਰਦਾਰ ਵਿੱਚ ਇਸ ਤਰ੍ਹਾਂ ਢਲ ਜਾਂਦੇ ਹਨ ਕਿ ਲੋਕ ਹੈਰਾਨ ਰਹਿ ਜਾਂਦੇ ਹਨ। ਹਾਂ, ਇਹ ਵੱਖ ਗੱਲ ਹੈ ਕਿ ਕਪਿਲ ਸ਼ਰਮਾ ਸ਼ੋਅ ਨੇ ਸੁਨੀਲ ਗ੍ਰੋਵਰ ਨੂੰ ਜੋ ਮੁਕਾਮ ਦਿੱਤਾ, ਉਹ ਉਨ੍ਹਾਂ ਨੂੰ ਕਿਸੇ ਹੋਰ ਸ਼ੋਅ ਨੇ ਨਹੀ ਦਿੱਤਾ। ਇੱਕ-ਅੱਧ ਵਾਰ ਸੁਨੀਲ ਗ੍ਰੋਵਰ ਨੇ ਕਪਿਲ ਸ਼ਰਮਾ ਦੀ ਟੀਮ ਤੋ ਵੱਖ ਹੋ ਕੇ ਆਪਣੇ ਦਮ 'ਤੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਸਫ਼ਲਤਾ ਨਹੀ ਮਿਲੀ। ਕਪਿਲ ਸ਼ਰਮਾ ਨਾਲ ਮਤਭੇਦ ਅਤੇ ਆਪਸੀ ਇਲਜ਼ਾਮਾਂ ਵਿਚਕਾਰ ਸੁਨੀਲ ਗ੍ਰੋਵਰ ਲੰਬੇ ਸਮੇ ਤੱਕ ਇਸ ਕਾਮੇਡੀ ਸ਼ੋਅ ਤੋ ਦੂਰ ਵੀ ਰਹੇ। ਇਸ ਦੌਰਾਨ ਉਨ੍ਹਾਂ ਨੇ ਫ਼ਿਲਮਾਂ ਵਿੱਚ ਵੀ ਹੱਥ ਅਜ਼ਮਾਇਆ, ਪਰ ਉਨ੍ਹਾਂ ਨੂੰ ਅਸਲ ਪਛਾਣ ਕਪਿਲ ਸ਼ਰਮਾ ਸ਼ੋਅ ਨੇ ਹੀ ਦਿੱਤੀ।

ਮਨਪਸੰਦ ਲੇਖਕ ਸ਼ਰਦ ਜੋਸ਼ੀ

ਹਰਿਆਣਾ ਦੇ ਮੰਡੀ ਡਬਵਾਲੀ ਵਿੱਚ ਜਨਮੇ ਸੁਨੀਲ ਗ੍ਰੋਵਰ ਲਈ ਕੰਮ ਦੇ ਦਰਵਾਜ਼ੇ ਉਦੋ ਖੁਲੇ, ਜਦੋ ਉਹ ਚੰਡੀਗੜ੍ਹ ਵਿੱਚ ਜੀਜੀਡੀਐੱਸਡੀ ਕਾਲਜ ਵਿੱਚ ਪੜ੍ਹਾਈ ਕਰ ਰਹੇ ਸਨ। ਯੂਟਿਊਬ ਚੈਨਲ ਜਿਸਟ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਸੁਨੀਲ ਦੱਸਦੇ ਹਨ ਕਿ ਕਿਵੇ ਕਾਮੇਡੀ ਨਾਲ ਉਨ੍ਹਾਂ ਦੀ ਮੁਲਾਕਾਤ ਜਸਪਾਲ ਭੱਟੀ ਦੇ ਸ਼ੋਅ ਫੁਲ ਟੈਂਸ਼ਨ ਨਾਲ ਹੋਈ ਸੀ। 1995 ਵਿੱਚ ਆਏ ਇਸ ਵਿਅੰਗ ਸ਼ੋਅ ਲਈ ਭੱਟੀ ਕੁਝ ਕਲਾਕਾਰ ਲੱਭ ਰਹੇ ਸਨ ਅਤੇ ਸੁਨੀਲ ਨੂੰ ਜਦੋ ਇਹ ਗੱਲ ਪਤਾ ਲੱਗੀ ਤਾਂ ਉਨ੍ਹਾਂ ਦੇ ਸ਼ਬਦਾਂ ਵਿੱਚ, "ਉਹ ਮੂੰਹ ਚੁੱਕ ਕੇ ਉਸੇ ਤਰ੍ਹਾਂ ਚਲੇ ਗਏ।" ਉਨ੍ਹਾਂ ਨੂੰ ਸ਼ੋਅ ਲਈ ਚੁਣ ਵੀ ਲਿਆ ਗਿਆ, ਪਰ ਸੁਨੀਲ ਦੱਸਦੇ ਹਨ ਕਿ ਕਾਫ਼ੀ ਸਮੇ ਬਾਅਦ ਭੱਟੀ ਤੋ ਹੀ ਉਨ੍ਹਾਂ ਨੂੰ ਪਤਾ ਲੱਗਿਆ ਕਿ ਪਹਿਲੇ ਦਿਨ ਉਨ੍ਹਾਂ ਨੂੰ ਦੇਖ ਕੇ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ 'ਕਲਰਕ ਟਾਈਪ' ਦੇ ਰੋਲ ਲਈ ਲਿਆ ਜਾਵੇਗਾ। ਇੱਕ ਇੰਟਰਵਿਊ ਵਿੱਚ ਪਹਿਲੀ ਵਾਰ ਸੁਨੀਲ ਗ੍ਰੋਵਰ ਟੀਵੀ ਸਕ੍ਰੀਨ 'ਤੇ ਨਜ਼ਰ ਆਏ ਸਨ, ਜਿਸ ਨੂੰ ਦੇਖਣ ਲਈ

ਜੂਨ 84 ਦੇ ਫ਼ੌਜੀ ਹਮਲੇ ਨਾਲੋਂ ਵੀ ਘਾਤਕ ਹੈ ਸਤਿਕਾਰ ਐਕਟ : ਜਥੇਦਾਰ ਹਵਾਰਾ ਕਮੇਟੀ

ਅੰਮ੍ਰਿਤਸਰ, 22 ਮਈ (ਬਬਲੂ ਮਹਾਜਨ) :ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਵੱਲੋਂ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਸ਼ਬਦ ਗੁਰੂ ਦੇ ਰੂਹਾਨੀ ਰੁਤਬੇ ਦੇ ਸਿਧਾਂਤ ਅਤੇ ਖਾਲਸਾ ਪੰਥ ਦੀਆਂ ਭਾਵਨਾਵਾਂ ਦੇ ਅਨੁਕੂਲ ਨਹੀਂ ਹੈ ।ਇਸ ਲਈ ਕਮੇਟੀ ਮੰਗ ਕਰਦੀ ਹੈ ਕਿ ਇਸਨੂੰ ਤੁਰੰਤ ਮੁੱਢੋਂ ਰੱਦ ਕੀਤਾ ਜਾਵੇ। ਕਮੇਟੀ ਆਗੂ ਪ੍ਰੋ ਫੈਸਰ ਬਲਜਿੰਦਰ ਸਿੰਘ,ਬਾਪੂ ਗੁਰਚਰਨ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ ਅਤੇ ਡਾ ਸੁਖਦੇਵ ਸਿੰਘ ਬਾਬਾ ਨੇ ਸਿੱਖ ਸੰਗਤਾਂ ਨੂੰ ਅਗਾਹ ਕੀਤਾ ਕਿ ਦਸ ਪਾਤਸ਼ਾਹੀਆਂ ਦੀ ਆਤਮਕ ਜੋਤਿ ਸ਼ਬਦ ਗੁਰੂ ਨੂੰ ਦੁਨੀਆਵੀ ਕਾਨੂੰਨ ਦੇ ਘੇਰੇ ਵਿੱਚ ਲਿਆਉਣ ਜੂਨ 1984 ਦੇ ਫ਼ੌਜੀ ਹਮਲੇ ਤੋਂ ਵੀ ਜ਼ਿਆਦਾ ਘਾਤਕ ਹੈ ।ਕਮੇਟੀ ਨੇ ਦੋਸ਼ ਲਗਾਇਆ ਕਿ ਕੇਂਦਰ ਵਿੱਚ 2014 'ਚ ਸੱਤਾ ਬਦਲਣ ਦੇ ਬਾਅਦ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਨਹੀਂ ਬਲਕਿ ਹਮਲੇ ਦੀ ਘਟਨਾਵਾਂ ਵਿੱਚ ਵੱਡੇ ਪੱਧਰ 'ਤੇ ਵਾਧਾ ਹੋਇਆ ਹੈ, ਜੋ ਇੱਕ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੈ।ਸ਼ਬਦ ਗੁਰੂ ਸਿੱਖਾਂ ਲਈ ਆਤਮਿਕ ਸ਼ਕਤੀ ਅਤੇ ਜੀਵਨ ਜੁਗਤ ਦਾ ਪ੍ਰੇਰਨਾ ਸਰੋਤ ਹੈ । ਇਸਤੋਂ ਰੱਬੀ ਤਾਕਤ ਲੈ ਕੇ ਸਿੱਖ ਵਿਰੋਧੀਆਂ ਨੂੰ ਸਹਿਜੇ ਹੀ ਵੰਗਾਰ ਲੈਦਾਂ ਹੈ।ਬਸ ਇਹੋ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਬਾਰ ਬਾਰ ਸੂਖਮ ਨੀਤੀ ਅਧੀਨ ਹਮਲੇ ਕਰਵਾਏ ਜਾ ਰਹੇ ਹਨ।ਇਨ੍ਹਾਂ ਹਮਲਿਆਂ ਦੇ ਕਾਰਨਾਂ ਅਤੇ ਸਾਜਿਸ਼ਕਰਤਾ ਬਾਰੇ ਜੇਕਰ ਸਰਕਾਰ ਚਾਹੁੰਦੀ ਤਾਂ ਪੜਤਾਲ ਕਰਕੇ ਖੁਲਾਸਾ ਕਰ ਸਕਦੀ ਸੀ, ਪਰ ਐਸਾ ਜਾਣਬੁੱਝ ਕੇ ਨਹੀਂ ਹੋਇਆ।ਹਮਲਿਆਂ(ਬੇਅਦਬੀਆਂ)ਦੇ ਬਿਰਤਾਂਤ ਦੀ ਤਾਣੀ ਨੂੰ ਜਿਸ ਢੰਗ ਨਾਲ ਖੁਫੀਆ ਏਜੰਸੀਆਂ ਨੇ ਉਲਝਾਇਆਂ ਉਸਨੇ ਸਿੱਖਾਂ ਦੇ ਇਕ ਹਿੱਸੇ ਨੂੰ ਬੇਬਸ ਕਰ ਦਿੱਤਾ ਕਿ ਉਹ ਸਰਕਾਰ ਕੋਲੋਂ ਸਖ਼ਤ ਕਾਨੂੰਨ ਦੀ ਮੰਗ ਕਰੇ। ਇਹ ਗੱਲ ਸਰਕਾਰ ਨੂੰ ਰਾਸ ਆ ਗਈ ਕਿ ਦੂਜਿਆਂ ਦੇ ਧਰਮ ਦੀ ਰਾਖੀ ਕਰਨ ਵਾਲੀ ਕੌਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਰੇਦਾਰੀ ਕਰਨ ਦੇ ਸਮਰੱਥ ਨਹੀਂ ਹੈ ਇਸ ਲਈ ਜਾਗਤ ਜੋਤ ਗੁਰੂ ਸਾਹਿਬ ਨੂੰ ਹਕੂਮਤ ਦੀ ਸੁਰੱਖਿਆ ਛਤਰੀ ਥੱਲੇ ਲਿਆਂਦਾ ਜਾਵੇ। ਹਵਾਰਾ ਕਮੇਟੀ ਨੇ ਦੁੱਖ ਪ੍ਰਗਟਾਇਆ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਹੋ ਰਹੇ ਹਮਲਿਆਂ ਬਾਰੇ ਸਿਵਾਏ ਨਿੰਦਾ ਦੇ ਕੁਝ ਵੀ ਸਾਰਥਕ ਨਹੀਂ ਕਰ ਸਕੀ। ਚਾਹੀਦਾ ਤਾਂ ਇਹ ਸੀ ਕਿ ਉੱਚ ਪੱਧਰੀ ਪੜਤਾਲੀਆ ਕਮੀਸ਼ਨ ਬਣਾਕੇ ਨਿਰਪੱਖ ਜਾਂਚ ਕਰਵਾਉਂਦੀ ਪਰ ਇਕ ਸਿਆਸੀ ਧਿਰ ਨਾਲ ਜੁੜੇ ਹੋਣ ਕਰਕੇ ਆਪਣਾ ਫਰਜ਼ ਨਹੀਂ ਨਿਭਾ ਸਕੀ। ਹਵਾਰਾ ਕਮੇਟੀ ਦੇ ਬਲਦੇਵ ਸਿੰਘ ਨਵਾਂ ਪਿੰਡ, ਐਡਵੋਕੇਟ ਜਸਬੀਰ ਸਿੰਘ ਜੰਮੂ, ਜਸਬੀਰ ਸਿੰਘ ਖਾਲਸਾ, ਸਤਜੋਤ ਸਿੰਘ ਮੂਧਲ ਅਤੇ ਬਲਵਿੰਦਰ ਸਿੰਘ ਸਾਂਘਣਾ ਨੇ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਇਸ ਕਾਨੂੰਨ ਨੂੰ ਰੱਦ ਕਰਵਾਉਣ ਲਈ ਆਵਾਜ ਬੁਲੰਦ ਕਰਨ।

ਰਾਸ਼ਟਰ ਪੱਧਰੀ ਟੀਮ ਵੱਲੋਂ ਜਨਗਣਨਾ ਦੇ ਕੰਮਾਂ ਦਾ ਜਾਇਜ਼ਾ

ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਜਨਗਣਨਾ ਸਬੰਧੀ ਸਾਰੇ ਕੰਮ ਭਾਰਤ ਸਰਕਾਰ ਅਤੇ ਜਨ ਗਣਨਾ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤੇ ਜਾਣਗੇ : ਡੀ.ਸੀ.

ਅੰਮ੍ਰਿਤਸਰ, 22 ਮਈ (ਗੁਰਦਿਆਲ ਸਿੰਘ) - ਭਾਰਤ ਦੇ ਰਜਿਸਟਰਾਰ ਜਨਰਲ (ਆਰ.ਜੀ.ਆਈ.), ਜਨਗਣਨਾ ਵਿਭਾਗ, ਨਵੀਂ ਦਿੱਲੀ ਅਤੇ ਜਨਗਣਨਾ ਦਫ਼ਤਰ ਚੰਡੀਗੜ੍ਹ ਦੀ ਇੱਕ ਰਾਸ਼ਟਰੀ ਪੱਧਰੀ ਟੀਮ ਵੱਲੋਂ ਅੱਜ ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਬਲਾਕਾਂ ਵਿੱਚ ਚੱਲ ਰਹੀ ਜਨਗਣਨਾ 2026-27 ਸਬੰਧੀ ਗਤੀਵਿਧੀਆਂ ਦਾ ਦੌਰਾ ਕਰਕੇ ਵਿਸਥਾਰਪੂਰਵਕ ਜਾਇਜ਼ਾ ਲਿਆ ਗਿਆ।ਇਸ ਉੱਚ ਪੱਧਰੀ ਟੀਮ ਵਿੱਚ ਸ੍ਰੀ ਹਰਮੀਤ ਸਿੰਘ ਮੱਧ, ਜੁਆਇੰਟ ਡਾਇਰੈਕਟਰ, ਸ੍ਰੀ ਸਵਦੇਸ਼ ਪ੍ਰਤਾਪ ਸਿੰਘ ਸ਼ਾਕਿਆ, ਸਹਾਇਕ ਡਾਇਰੈਕਟਰ, ਸ੍ਰੀ ਜੈ ਨਾਰਾਇਣ, ਸਟੈਟਿਸਟਿਕਲ ਇਨਵੈਸਟੀਗੇਟਰ-1, ਸ੍ਰੀ ਸੁਨੀਲ ਕੁਮਾਰ, ਸਹਾਇਕ ਖੋਜ ਅਫ਼ਸਰ, ਸ੍ਰੀ ਅਰੁਣ ਮਹਾਜਨ, ਡਿਪਟੀ ਸਟੈਟਿਸਟਿਕਲ ਅਫ਼ਸਰ ਜ਼ਿਲ੍ਹਾ ਅੰਮ੍ਰਿਤਸਰ ਅਤੇ ਸ੍ਰੀ ਰਾਜਵਿੰਦਰ ਸਿੰਘ ਚਿਮਨੀ, ਮਾਸਟਰ ਟ੍ਰੇਨਰ ਜਨਗਣਨਾ ਸ਼ਾਮਲ ਸਨ।ਦੌਰੇ ਦੌਰਾਨ ਟੀਮ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਚੱਲ ਰਹੇ ਜਨਗਣਨਾ ਕਾਰਜਾਂ ਦੀ ਪ੍ਰਗਤੀ, ਪ੍ਰਬੰਧਕੀ ਵਿਵਸਥਾਵਾਂ, ਮੈਦਾਨੀ ਪੱਧਰ 'ਤੇ ਕੀਤੀਆਂ ਜਾ ਰਹੀਆਂ ਤਿਆਰੀਆਂ ਅਤੇ ਕਰਮਚਾਰੀਆਂ ਦੀ ਕਾਰਗੁਜ਼ਾਰੀ ਦਾ ਨਿਰੀਖਣ ਕੀਤਾ ਗਿਆ। ਟੀਮ ਨੇ ਜਨਗਣਨਾ ਸਬੰਧੀ ਡਾਟਾ ਇਕੱਠਾ ਕਰਨ ਦੀ ਪ੍ਰਕਿਰਿਆ, ਰਿਕਾਰਡ ਸੰਭਾਲ, ਤਕਨੀਕੀ ਪ੍ਰਬੰਧਾਂ ਅਤੇ ਟ੍ਰੇਨਿੰਗ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸਮੀਖਿਆ ਕੀਤੀ।ਇਸ ਮੌਕੇ ਟੀਮ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਦਲਵਿੰਦਰਜੀਤ ਸਿੰਘ ਨਾਲ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ, ਜਿਸ ਦੌਰਾਨ ਜ਼ਿਲ੍ਹੇ ਵਿੱਚ ਜਨਗਣਨਾ 2026-27 ਦੇ ਕੰਮਾਂ ਦੀ ਮੌਜੂਦਾ ਪ੍ਰਗਤੀ ਅਤੇ ਲਾਗੂਕਰਨ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਜਨਗਣਨਾ ਕਾਰਜਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆਂਦਾ ਜਾਣ ਅਤੇ ਨਿਰਧਾਰਿਤ ਸਮੇਂ ਅੰਦਰ ਸਾਰੀਆਂ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਲਈ ਰਣਨੀਤੀਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਨਗਣਨਾ ਸਬੰਧੀ ਸਾਰੇ ਕੰਮ ਭਾਰਤ ਸਰਕਾਰ ਅਤੇ ਜਨਗਣਨਾ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜਨਗਣਨਾ ਦੇ ਕੰਮ ਨੂੰ ਸੁਚੱਜੇ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਣ ਲਈ ਪ੍ਰਸ਼ਾਸਨ ਵੱਲੋਂ ਪੂਰੀ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ ਅਤੇ ਇਸ ਕਾਰਜ ਵਿੱਚ ਲੱਗੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਲੋੜੀਂਦਾ ਸਹਿਯੋਗ ਅਤੇ ਮਾਰਗਦਰਸ਼ਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਜਨਗਣਨਾ ਦੇ ਅੰਕੜੇ ਦੇਸ਼ ਦੀ ਯੋਜਨਾਬੰਦੀ, ਵਿਕਾਸ ਕਾਰਜਾਂ ਅਤੇ ਭਵਿੱਖ ਦੀਆਂ ਨੀਤੀਆਂ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਇਸ ਪ੍ਰਕਿਰਿਆ ਨੂੰ ਪੂਰੀ ਸਹੀਤਾ ਅਤੇ ਜ਼ਿੰਮੇਵਾਰੀ ਨਾਲ ਪੂਰਾ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ।

ਚੇਅਰਮੈਨ ਲਖਵਿੰਦਰ ਸਿੰਘ ਨੇ ਹਰੀ ਝੰਡੀ ਦੇ ਕੇ ਤੀਰਥ ਯਾਤਰਾ ਬੱਸ ਰਵਾਨਾ ਕੀਤੀ

ਚੋਗਾਵਾਂ, 22 ਮਈ (ਸੁਬੇਗ ਸਿੰਘ ਸੋਨਾ) ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਤੀਰਥ ਯਾਤਰਾ ਯੋਜਨਾ ਦੇ ਉਪਰਾਲੇ ਤਹਿਤ ਸ਼ਰਧਾਲੂਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਇਸ ਤਹਿਤ ਅੱਜ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਭਿੰਡੀ ਸੈਦਾ ਤੋਂ ਸ਼ਰਧਾਲੂਆਂ ਦੇ ਜਥੇ ਦੀ 16 ਵੀ ਬੱਸ ਹਲਕਾ ਇੰਚਾਰਜ ਸੋਨੀਆ ਮਾਨ ਦੀ ਅਗਵਾਈ ਹੇਠ ਚੇਅਰਮੈਨ ਲਖਵਿੰਦਰ ਸਿੰਘ ਲੱਖਾ ਭਿੰਡੀ ਸੈਦਾਂ ਅਤੇ ਉਹਨਾਂ ਦੀ ਮਾਤਾ ਭਜਨ ਕੌਰ ਵੱਲੋਂ ਹਰੀ ਝੰਡੀ ਦੇ ਕੇ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ , ਇਸ ਮੌਕੇ ਉਹਨਾਂ ਦੇ ਨਾਲ਼ ਵਿਰਾਸਤ ਸੇਵਾ ਸੰਗਠਨ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ ਸਹੂਰਾ, ਪੰਚਾਇਤ ਅਫਸਰ ਸਾਹਬ ਸਿੰਘ, ਨਾਲ ਮੋਜੂਦ ਸਨ। ਇਸ ਮੌਕੇ ਚੇਅਰਮੈਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਸ਼ਰਧਾਲੂਆਂ ਦਾ ਜਥਾ ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਨੈਣਾਂ ਦੇਵੀ ਅਤੇ ਹੋਰ ਕਈ ਗੁਰੂਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਰਵਾਨਾ ਕੀਤਾ ਹੈ। ਅਖੀਰ ਦੇ ਵਿੱਚ ਚੇਅਰਮੈਨ ਲਖਵਿੰਦਰ ਸਿੰਘ ਨੇ ਸੋਨੀਆ ਮਾਨ ਦਾ ਅਤੇ ਸਮੁੱਚੀ ਆਮ ਪਾਰਟੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਬਿੱਲਾ ਸਿੰਘ, ਬਗੀਚਾ ਸਿੰਘ, ਨਿਸ਼ਾਨ ਸਿੰਘ, ਸੁਰਿੰਦਰ ਸਿੰਘ ਫੌਜੀ, ਗੋਪੀ, ਆਦਿ ਹਾਜ਼ਰ ਸਨ।

ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਸਰਬਜੀਤ ਸਿੰਘ ਬੱਲ ਅਤੇ ਵਾਈਸ ਚੇਅਰਪਰਸਨ ਰਾਜਵਿੰਦਰ ਕੌਰ ਨੇ ਅਹੁਦੇ ਸੰਭਾਲੇ

ਅੰਮ੍ਰਿਤਸਰ, 22 ਮਈ (ਗੁਰਦਿਆਲ ਸਿੰਘ , ਬਬਲੂ ਮਹਾਜਨ) - ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੇ ਨਵੇਂ ਚੁਣੇ ਗਏ ਚੇਅਰਮੈਨ ਸ. ਸਰਬਜੀਤ ਸਿੰਘ ਬੱਲ ਅਤੇ ਵਾਈਸ ਚੇਅਰਪਰਸਨ ਸ੍ਰੀਮਤੀ ਰਾਜਵਿੰਦਰ ਕੌਰ ਨੇ ਅੱਜ ਜ਼ਿਲ੍ਹਾ ਪ੍ਰੀਸ਼ਦ ਦਫ਼ਤਰ ਅੰਮ੍ਰਿਤਸਰ ਵਿਖੇ ਆਪਣਾ ਅਹੁਦਾ ਸੰਭਾਲ ਲਿਆ।ਇਸ ਮੌਕੇ ਵਿਧਾਨ ਸਭਾ ਹਲਕਾ ਅਟਾਰੀ ਦੇ ਵਿਧਾਇਕ ਸ. ਜਸਵਿੰਦਰ ਸਿੰਘ ਰਮਦਾਸ ਅਤੇ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਸਾਹਿਬ ਦੇ ਵਿਧਾਇਕ ਸ. ਦਲਬੀਰ ਸਿੰਘ ਟੌਂਗ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਦੋਵਾਂ ਵਿਧਾਇਕਾਂ ਨੇ ਨਵੇਂ ਚੇਅਰਮੈਨ ਅਤੇ ਵਾਈਸ ਚੇਅਰਪਰਸਨ ਨੂੰ ਅਹੁਦਾ ਸੰਭਾਲਣ 'ਤੇ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਲੋਕਾਂ ਦੀ ਭਲਾਈ ਅਤੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਵਧਾਉਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਆਮ ਘਰਾਂ ਦੇ ਜਾਇਆਂ ਨੂੰ ਇੱਕ ਵਾਰ ਫਿਰ ਵੱਡੇ ਅਹੁਦੇ ਦੇ ਕੇ ਨਿਵਾਜਿਆ ਹੈ।ਅਹੁਦਾ ਸੰਭਾਲਣ ਉਪਰੰਤ ਸ. ਸਰਬਜੀਤ ਸਿੰਘ ਬੱਲ ਅਤੇ ਸ੍ਰੀਮਤੀ ਰਾਜਵਿੰਦਰ ਕੌਰ ਨੇ ਸਮੂਹ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਣ ਲਈ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਰਾਹੀਂ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ ਅਤੇ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਹਰ ਯੋਗ ਵਿਅਕਤੀ ਤੱਕ ਪਹੁੰਚਾਇਆ ਜਾਵੇਗਾ। ਇਸ ਮੌਕੇ ਚੇਅਰਮੈਨ ਜਸਕਰਨ ਬੰਦੇਸ਼ਾ, ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਸਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਸ੍ਰੀ ਗੁਰਪ੍ਰਤਾਪ ਸਿੰਘ ਸੰਧੂ, ਮੈਡਮ ਸੋਨੀਆ ਮਾਨ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ. ਗੁਰਸ਼ਰਨ ਸਿੰਘ ਛੀਨਾ, ਐਡਵੋਕੇਟ ਅਰਵਿੰਦਰ ਸਿੰਘ ਭੱਟੀ, ਸ. ਹਰਮਿੰਦਰ ਸਿੰਘ ਚੇਅਰਮੈਨ, ਸ੍ਰੀ ਗੁਰਪ੍ਰੀਤ ਸਿੰਘ ਕਟਾਰੀਆ ਜ਼ਿਲ੍ਹਾ ਇੰਚਾਰਜ ਟਰੇਡ ਵਿੰਗ, ਸ. ਕੁਲਵਿੰਦਰ ਸਿੰਘ ਔਲਖ ਪ੍ਰਧਾਨ ਨਗਰ ਪੰਚਾਇਤ ਰਾਜਾਸਾਂਸੀ ਸਮੇਤ ਹੋਰ ਆਗੂ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀਮਤੀ ਪਰਮਜੀਤ ਕੌਰ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਡੀਏਵੀ ਪਬਲਿਕ ਸਕੂਲ ਗੜਦੀਵਾਲਾ ਵਿਖੇ ਤੰਬਾਕੂ ਵਿਰੋਧੀ ਦਿਵਸ 'ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

ਗੜਦੀਵਾਲਾ, 22 ਮਈ 'ਗੌਰਵ' :ਲਾਲਾ ਜਗਤ ਨਾਰਾਇਣ ਡੀਏਵੀ ਪਬਲਿਕ ਸਕੂਲ ਗੜਦੀਵਾਲਾ ਵਿਖੇ ਵਿਸ਼ਵ ਤੰਬਾਕੂ ਨਿਸ਼ੇਧ ਦਿਵਸ ਦੇ ਮੌਕੇ 'ਤੇ ਵਿਦਿਆਰਥੀਆਂ ਨੂੰ ਤੰਬਾਕੂ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਲਈ ਇੰਟਰ ਹਾਊਸ ਪੇਂਟਿੰਗ ਅਤੇ ਪੋਸਟਰ ਮੇਕਿੰਗ ਮੁਕਾਬਲੇ ਬੜੇ ਹੀ ਉਤਸ਼ਾਹ ਨਾਲ ਕਰਵਾਏ ਗਏ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਜੀਊਣ ਲਈ ਪ੍ਰੇਰਿਤ ਕਰਨਾ ਅਤੇ ਸਮਾਜ ਵਿੱਚ ਨਸ਼ਾ ਮੁਕਤ ਸੰਦੇਸ਼ ਫੈਲਾਉਣਾ ਸੀ।ਇਸ ਮੁਕਾਬਲੇ ਦਾ ਆਯੋਜਨ ਤੀਸਰੇ ਸਦਨ ਰਾਵੀ ਸਦਨ ਦੇ ਦੁਆਰਾ ਕੀਤਾ ਗਿਆ ਸੀ ਜਿਸ ਦੇ ਅੰਤਰਗਤ ਚਾਰੋਂ ਹਾਊਸ ਦੇ ਚਾਰ ਚਾਰ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਭਾਗ ਲੈਣਾ ਸੀ। ਇਸ ਮੁਕਾਬਲੇ ਵਿੱਚ ਸਕੂਲ ਦੇ ਵੱਖ-ਵੱਖ ਹਾਊਸਾਂ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਅਤੇ ਆਪਣੀ ਕਲਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਹ ਮੁਕਾਬਲਾ ਜਮਾਤ ਅੱਠਵੀਂ ਤੋਂ ਲੈ ਕੇ ਬਾਰਵੀਂ ਤੱਕ ਦੇ ਵਿਦਿਆਰਥੀਆਂ ਦਾ ਕਰਵਾਇਆ ਗਿਆ ਸੀ ਪਹਿਲੇ ਸਦਨ ਵਿੱਚ ਦਿਕਸ਼ਾ, ਵਰਿੰਦਾ, ਕ੍ਰਾਂਤੀ ਅਤੇ ਹਰਮਨ ਨੇ ਭਾਗ ਲਿਆ। ਦੂਸਰੇ ਸਦਨ ਵਿੱਚੋਂ ਦਿਵਿਆ, ਅਨੁਖਸਾ, ਰਣਵੀਰ, ਬਲਜਿੰਦਰ ਨੇ ਭਾਗ ਲਿਆ ।ਤੀਸਰੇ ਸਦਨ ਵਿੱਚੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਨਾਮ ਸਿਮਰਨਜੀਤ, ਪਾਇਨ, ਨਵਜੋਤ,ਰਾਜਵਿੰਦਰ ਸਨ। ਚੌਥੇ ਸਦਨ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਨਾਮ ਵਿਰਾਟ, ਰਵਨੀਤ ਅਰਸ਼ਪ੍ਰੀਤ ਕੌਰ ਅਤੇ ਭਾਰਤੀ ਸਨ ।ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ

ਪੱਤਰਕਾਰੀ ਦੇ ਗੌਰਵਮਈ ਸਫ਼ਰ ਦੇ 49 ਸਾਲ ਪੂਰੇ

ਰੋਜ਼ਾਨਾ 'ਚੜ੍ਹਦੀਕਲਾ' 50ਵੇਂ ਸਾਲ ਵਿੱਚ ਪ੍ਰਵੇਸ਼ 'ਤੇ ਵਿਸ਼ੇਸ਼ ਸਿਜਦਾ ਅਤੇ ਵਧਾਈ ਸੰਦੇਸ਼

ਨਿਰਪੱਖਤਾ, ਨਿਡਰਤਾ, ਅਤੇ ਵਚਨਬੱਧਤਾ। ਡਾ. ਦਰਦੀ ਜੀ ਨੇ ਉਦੋਂ ਪੱਤਰਕਾਰੀ ਦੇ ਖੇਤਰ ਵਿੱਚ ਕਦਮ ਰੱਖਿਆ ਜਦੋਂ ਸਾਧਨ ਬਹੁਤ ਸੀਮਤ ਸਨ, ਪਰ ਉਨ੍ਹਾਂ ਦਾ ਹੌਸਲਾ ਅਤੇ ਸੱਚ ਨਾਲ ਖੜ੍ਹਨ ਦਾ ਜਜ਼ਬਾ ਹਮੇਸ਼ਾ ਬੁਲੰਦ ਰਿਹਾ। ਉਨ੍ਹਾਂ ਦੀ ਦੇਖਰੇਖ ਅਤੇ ਸਰਪ੍ਰਸਤੀ ਸਦਕਾ ਹੀ ਰੋਜ਼ਾਨਾ **'ਚੜ੍ਹਦੀਕਲਾ'** ਨੇ 49 ਸਾਲਾਂ ਦਾ ਇਹ ਸ਼ਾਨਦਾਰ ਸਫ਼ਰ ਤੈਅ ਕਰਕੇ ਅੱਜ 50ਵੇਂ ਸਾਲ ਵਿੱਚ ਕਦਮ ਰੱਖਿਆ ਹੈ। ਅਸੀਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਡਾ. ਜਗਜੀਤ ਸਿੰਘ ਦਰਦੀ ਜੀ ਨੂੰ ਲੰਮੀ ਉਮਰ, ਚੜ੍ਹਦੀਕਲਾ ਅਤੇ ਨਿਰੋਗੀ ਸਿਹਤ ਬਖ਼ਸ਼ੇ, ਤਾਂ ਜੋ ਉਨ੍ਹਾਂ ਦਾ ਮਾਰਗਦਰਸ਼ਨ ਆਉਣ ਵਾਲੀਆਂ ਨਸਲਾਂ ਨੂੰ ਇਸੇ ਤਰ੍ਹਾਂ ਸੱਚ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦੇਂਦਾ ਰਹੇ।

ਡਾ. ਦਰਦੀ ਜੀ ਦੀ ਛਤਰ-ਛਾਇਆ ਹੇਠ ਸਿਰਫ਼ ਇੱਕ ਮੀਡੀਆ ਹਾਊਸ ਦਾ ਵਿਕਾਸ ਨਹੀਂ ਹੋਇਆ, ਸਗੋਂ ਇਹ ਅਦਾਰਾ ਇੱਕ ਅਜਿਹੀ ਪਾਠਸ਼ਾਲਾ ਬਣ ਕੇ ਉੱਭਰਿਆ ਜਿੱਥੋਂ ਪੱਤਰਕਾਰੀ, ਸੰਪਾਦਨ ਅਤੇ ਪ੍ਰਬੰਧਨ ਦੇ ਗੁਰ ਸਿੱਖ ਕੇ ਅੱਜ ਲੱਖਾਂ ਹੀ ਕਰਮਚਾਰੀ ਦੇਸ਼ਾਂ-ਵਿਦੇਸ਼ਾਂ ਵਿੱਚ ਉੱਚੇ ਮੁਕਾਮਾਂ 'ਤੇ ਪਹੁੰਚ ਚੁੱਕੇ ਹਨ ਅਤੇ ਪੂਰੀ ਦੁਨੀਆ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ।

ਦਰਦੀ ਪਰਿਵਾਰ ਦੀ ਵਚਨਬੱਧਤਾ ਅਤੇ ਸਾਂਝੀ ਅਗਵਾਈ : ਇਸ ਲੰਮੇ ਅਤੇ ਚੁਣੌਤੀਪੂਰਨ ਸਫ਼ਰ ਨੂੰ ਸਫ਼ਲ ਬਣਾਉਣ ਵਿੱਚ ਸਰਦਾਰਨੀ ਜਸਵਿੰਦਰ ਕੌਰ ਦਰਦੀ ਜੀ, ਡਾਇਰੈਕਟਰ ਸਰਦਾਰ ਹਰਪ੍ਰੀਤ ਸਿੰਘ ਦਰਦੀ ਜੀ, ਅਤੇ ਡਾਇਰੈਕਟਰ ਡਾ. ਇੰਦਰਪ੍ਰੀਤ ਕੌਰ ਦਰਦੀ ਜੀ ਨੇ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਨੇ ਆਪਣੀ ਪ੍ਰਬੰਧਕੀ ਕੁਸ਼ਲਤਾ ਅਤੇ ਨਵੀਨਤਮ ਸੋਚ ਸਦਕਾ ਅਦਾਰੇ ਨੂੰ ਆਧੁਨਿਕ ਯੁੱਗ ਦੇ ਹਾਣੀ ਬਣਾਇਆ ਹੈ। ਇਸ ਮੌਕੇ 'ਤੇ ਅਸੀਂ ਬਹੁਤ ਹੀ ਸਤਿਕਾਰ ਸਹਿਤ ਸਵਰਗੀ ਸਰਦਾਰ ਸਤਬੀਰ ਸਿੰਘ ਦਰਦੀ ਜੀ (ਸਾਬਕਾ ਡਾਇਰੈਕਟਰ) ਦੀ ਨਿੱਘੀ ਯਾਦ ਅਤੇ ਉਨ੍ਹਾਂ ਵੱਲੋਂ ਪਾਏ ਗਏ ਵਡਮੁੱਲੇ ਯੋਗਦਾਨ ਨੂੰ ਵੀ ਸਿਜਦਾ ਕਰਦੇ ਹਾਂ, ਜਿਨ੍ਹਾਂ ਦੀ ਲਗਨ ਨੇ ਇਸ ਅਦਾਰੇ ਦੇ ਵਿਕਾਸ ਵਿੱਚ ਡੂੰਘੀ ਛਾਪ ਛੱਡੀ ਹੈ। ਸਮੁੱਚੇ ਦਰਦੀ ਪਰਿਵਾਰ ਦੀ ਤਿਆਗ-ਭਾਵਨਾ, ਆਪਸੀ ਤਾਲਮੇਲ ਅਤੇ ਮੀਡੀਆ ਜਗਤ ਪ੍ਰਤੀ ਸਮਰਪਣ ਸਦਕਾ ਹੀ 'ਚੜ੍ਹਦੀਕਲਾ' ਅੱਜ ਪੰਜਾਬੀਅਤ ਦੀ ਇੱਕ ਬੁਲੰਦ ਅਵਾਜ਼ ਬਣ ਕੇ ਪੂਰੇ ਵਿਸ਼ਵ ਵਿੱਚ ਗੂੰਜ ਰਿਹਾ ਹੈ। ਇਸ ਸਮੁੱਚੇ ਪਰਿਵਾਰ ਨੂੰ 50ਵੇਂ ਸਾਲ ਦੇ ਇਤਿਹਾਸਕ ਆਗਾਜ਼ 'ਤੇ ਬਹੁਤ-ਬਹੁਤ ਵਧਾਈਆਂ।

ਇੱਕ ਅਖ਼ਬਾਰ ਤੋਂ ਮੀਡੀਆ ਸਾਮਰਾਜ ਤੱਕ ਦਾ ਇਤਿਹਾਸਕ ਸਫ਼ਰ : ਜੇਕਰ ਅਸੀਂ ਪਿੱਛੇ ਮੁੜ ਕੇ ਦੇਖੀਏ ਤਾਂ 'ਚੜ੍ਹਦੀਕਲਾ' ਦਾ ਇਹ ਸਫ਼ਰ ਬਹੁਤ ਹੀ ਪ੍ਰੇਰਨਾਦਾਇਕ ਹੈ। 49 ਸਾਲ ਪਹਿਲਾਂ ਇੱਕ ਸਾਧਾਰਨ ਪੰਜਾਬੀ ਅਖ਼ਬਾਰ ਵਜੋਂ ਸ਼ੁਰੂ ਹੋਇਆ ਇਹ ਸਫ਼ਰ ਅੱਜ ਇੱਕ ਬਹੁਤ ਵੱਡੇ ਅਤੇ ਵੱਕਾਰੀ ਮੀਡੀਆ ਨੈੱਟਵਰਕ ਵਿੱਚ ਤਬਦੀਲ ਹੋ ਚੁੱਕਾ ਹੈ। ਅੱਜ ਰੋਜ਼ਾਨਾ 'ਚੜ੍ਹਦੀਕਲਾ' ਪੰਜਾਬੀ ਅਖ਼ਬਾਰ ਦੇ ਚਾਰ ਪ੍ਰਮੁੱਖ ਐਡੀਸ਼ਨ ਪਟਿਆਲਾ, ਚੰਡੀਗੜ੍ਹ, ਨਵੀਂ ਦਿੱਲੀ ਅਤੇ ਕਰਨਾਲ ਤੋਂ ਸਫ਼ਲਤਾਪੂਰਵਕ ਪ੍ਰਕਾਸ਼ਿਤ ਹੋ ਰਹੇ ਹਨ, ਜੋ ਹਰ ਰੋਜ਼ ਲੱਖਾਂ ਪਾਠਕਾਂ ਦੀ ਸਵੇਰ ਦਾ ਅਹਿਮ ਹਿੱਸਾ ਬਣਦੇ ਹਨ। ਭਾਸ਼ਾਈ ਸਰਹੱਦਾਂ ਨੂੰ ਪਾਰ ਕਰਦਿਆਂ ਅਤੇ ਹਿੰਦੀ ਭਾਸ਼ੀ ਪਾਠਕਾਂ ਤੱਕ ਆਪਣੀ ਪਹੁੰਚ ਬਣਾਉਂਦਿਆਂ ਇਸ ਅਦਾਰੇ ਨੇ ਰੋਜ਼ਾਨਾ ਹਿੰਦੀ ਅਖ਼ਬਾਰ 'ਭਾਰਤ ਦੇਸ਼ ਹਮਾਰਾ' ਦੀ ਸ਼ੁਰੂਆਤ ਕੀਤੀ, ਜਿਸ ਦੇ ਅੱਜ ਚਾਰ ਵੱਡੇ ਐਡੀਸ਼ਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪਾਠਕਾਂ ਦੀ ਪਹਿਲੀ ਪਸੰਦ ਬਣੇ ਹੋਏ ਹਨ। ਜੋ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਖ਼ਬਰਾਂ ਅਤੇ ਸਿੱਖਿਆ ਜਗਤ ਦੇ ਵਿਸ਼ਲੇਸ਼ਣ ਨੂੰ ਬਾਖ਼ੂਬੀ ਪੇਸ਼ ਕਰਦੇ ਹਨ।

ਅਖ਼ਬਾਰਾਂ ਦੇ ਨਾਲ-ਨਾਲ, ਮੈਗਜ਼ੀਨ ਪੱਤਰਕਾਰੀ ਦੇ ਖੇਤਰ ਵਿੱਚ ਵੀ ਇਸ ਅਦਾਰੇ ਨੇ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ। ਅੱਜ ਅਦਾਰੇ ਵੱਲੋਂ ਤਿੰਨ ਬਹੁਤ ਹੀ ਪ੍ਰਸਿੱਧ ਮਾਸਿਕ ਮੈਗਜ਼ੀਨ ਕੱਢੇ ਜਾ ਰਹੇ ਹਨ। ਪਰਿਵਾਰਕ ਸਾਂਝ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਸਮਰਪਿਤ **'ਚੜ੍ਹਦੀਕਲਾ ਫੈਮਿਲੀ ਮੈਗਜ਼ੀਨ'**, ਦੇਸ਼ ਦੇ ਅੰਨਦਾਤਾ ਯਾਨੀ ਕਿਸਾਨਾਂ ਦੀਆਂ ਸਮੱਸਿਆਵਾਂ, ਖੇਤੀਬਾੜੀ ਤਕਨੀਕਾਂ ਅਤੇ ਪੇਂਡੂ ਵਿਕਾਸ ਨੂੰ ਮੁੱਖ ਰੱਖ ਕੇ ਛਾਪਿਆ ਜਾਣ ਵਾਲਾ **'ਕਿਸਾਨ ਮਿੱਤਰ ਪੰਜਾਬ'** ਅਤੇ ਇਸ ਦੇ ਨਾਲ ਹੀ ਰਾਸ਼ਟਰੀ ਪੱਧਰ 'ਤੇ ਹਿੰਦੀ ਭਾਸ਼ਾ ਦਾ ਵਿਸ਼ੇਸ਼ ਮੈਗਜ਼ੀਨ ਸਫ਼ਲਤਾਪੂਰਵਕ ਪਾਠਕਾਂ ਦੇ ਹੱਥਾਂ ਤੱਕ ਪਹੁੰਚ ਰਿਹਾ ਹੈ। ਇਹ ਮੈਗਜ਼ੀਨ ਸਮਾਜ ਦੇ ਹਰ ਵਰਗ ਦੇ ਬੌਧਿਕ ਵਿਕਾਸ ਵਿੱਚ ਵੱਡਾ ਹਿੱਸਾ ਪਾ ਰਹੇ ਹਨ।

ਇਲੈਕਟ੍ਰਾਨਿਕ ਮੀਡੀਆ ਅਤੇ ਸੈਟੇਲਾਈਟ ਟੀਵੀ ਦੀ ਦੁਨੀਆ ਵਿੱਚ ਧਮਾਕਾ : ਸਮੇਂ ਦੀ ਬਦਲਦੀ ਮੰਗ ਅਤੇ ਤਕਨਾਲੋਜੀ ਦੇ ਯੁੱਗ ਨੂੰ ਦੇਖਦਿਆਂ, **'ਚੜ੍ਹਦੀਕਲਾ'** ਸਮੂਹ ਨੇ ਪ੍ਰਿੰਟ ਮੀਡੀਆ ਤੋਂ ਅੱਗੇ ਵਧ ਕੇ ਸੈਟੇਲਾਈਟ ਟੈਲੀਵਿਜ਼ਨ ਦੀ ਦੁਨੀਆ ਵਿੱਚ ਵੀ ਆਪਣਾ ਵੱਡਾ ਨਾਮ ਬਣਾਇਆ। ਅੱਜ ਇਸ ਅਦਾਰੇ ਦੇ ਅਧੀਨ ਤਿੰਨ ਮੁੱਖ ਟੀਵੀ ਚੈਨਲ ਚੱਲ ਰਹੇ ਹਨ, ਜੋ ਦੁਨੀਆ ਭਰ ਦੇ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣ ਚੁੱਕੇ ਹਨ। **'ਚੜ੍ਹਦੀਕਲਾ ਟਾਈਮ ਟੀਵੀ' (Charhdikala Time TV)** ਰਾਹੀਂ ਨਿਰਪੱਖ ਖ਼ਬਰਾਂ, ਕਰੰਟ ਅਫੇਅਰਜ਼ ਅਤੇ ਰਾਜਨੀਤਿਕ-ਸਮਾਜਿਕ ਵਿਸ਼ਲੇਸ਼ਣ ਬਹੁਤ ਹੀ ਪੇਸ਼ੇਵਰ ਤਰੀਕੇ ਨਾਲ ਲੋਕਾਂ ਦੇ ਸਾਹਮਣੇ ਰੱਖੇ ਜਾਂਦੇ ਹਨ।

ਗੁਰੂ ਕੀ ਬਾਣੀ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ **'ਚੜ੍ਹਦੀਕਲਾ ਗੁਰਬਾਣੀ ਟੀਵੀ' (Charhdikala Gurbani TV)** ਅੱਜ ਹਰ ਧਾਰਮਿਕ ਅਤੇ ਸ਼ਰਧਾਲੂ ਇਨਸਾਨ ਦੇ ਘਰ ਦਾ ਅਟੁੱਟ ਹਿੱਸਾ ਹੈ, ਜਿਸ ਰਾਹੀਂ ਪਵਿੱਤਰ ਗੁਰਬਾਣੀ ਦਾ ਪ੍ਰਵਾਹ ਵਿਸ਼ਵ ਭਰ ਵਿੱਚ ਪਹੁੰਚ ਰਿਹਾ ਹੈ। ਇਸ ਦੇ ਨਾਲ ਹੀ, ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਭਾਈਚਾਰੇ ਅਤੇ ਪ੍ਰਵਾਸੀ ਭਾਰਤੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਣ ਲਈ **'ਚੜ੍ਹਦੀਕਲਾ ਟਾਈਮ ਟੀਵੀ ਨਾਰਥ ਅਮਰੀਕਾ' (Charhdikala Time TV North America)** ਚੈਨਲ ਚਲਾਇਆ ਜਾ ਰਿਹਾ ਹੈ, ਜੋ ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਵਸਦੇ ਭਾਰਤੀਆਂ ਦੀ ਆਵਾਜ਼ ਨੂੰ ਪ੍ਰਮੁੱਖਤਾ ਨਾਲ ਬੁਲੰਦ ਕਰ ਰਿਹਾ ਹੈ।

ਕਰਮਚਾਰੀਆਂ ਦੀ ਦਿਨ-ਰਾਤ ਦੀ ਮਿਹਨਤ ਅਤੇ ਸਾਬਕਾ ਸਾਥੀਆਂ ਨੂੰ ਸਲਾਮ : ਕਿਸੇ ਵੀ ਮੀਡੀਆ ਅਦਾਰੇ ਦੀ ਸਫ਼ਲਤਾ ਦੇ ਪਿੱਛੇ ਸਭ ਤੋਂ ਵੱਡੀ ਤਾਕਤ ਉਸ ਦੇ ਫੀਲਡ ਵਿੱਚ ਕੰਮ ਕਰਦੇ ਪੱਤਰਕਾਰ, ਸੰਪਾਦਕੀ ਬੋਰਡ, ਪ੍ਰਿੰਟਿੰਗ ਪ੍ਰੈੱਸ ਦੇ ਕਾਮੇ, ਡਿਸਟ੍ਰੀਬਿਊਸ਼ਨ ਨੈੱਟਵਰਕ ਅਤੇ ਪ੍ਰਬੰਧਕੀ ਸਟਾਫ਼ ਹੁੰਦਾ ਹੈ। **'ਚੜ੍ਹਦੀਕਲਾ'** ਦੀ ਇਸ 49 ਸਾਲਾਂ ਦੀ ਸਫ਼ਲਤਾ ਦੇ ਸੁਨਹਿਰੀ ਇਤਿਹਾਸ ਵਿੱਚ ਮੌਜੂਦਾ ਸਟਾਫ਼ ਦੀ ਦਿਨ-ਰਾਤ ਦੀ ਅਣਥੱਕ ਮਿਹਨਤ, ਇਮਾਨਦਾਰੀ ਅਤੇ ਲਗਨ ਛੁਪੀ ਹੋਈ ਹੈ, ਜੋ ਬਿਨਾਂ ਰੁਕੇ ਅਤੇ ਬਿਨਾਂ ਥੱਕੇ ਇਸ ਅਦਾਰੇ ਨੂੰ ਹਮੇਸ਼ਾ ਅੱਗੇ ਵਧਾਉਣ ਲਈ ਯਤਨਸ਼ੀਲ ਹਨ। ਉਨ੍ਹਾਂ ਦੀ ਇਸ ਵਚਨਬੱਧਤਾ ਨੂੰ ਅਸੀਂ ਦਿਲੋਂ ਸਲਾਮ ਕਰਦੇ ਹਾਂ।

ਇਸ ਇਤਿਹਾਸਕ ਪੜਾਅ ਦੇ ਜਸ਼ਨ ਦੇ ਮੌਕੇ 'ਤੇ, ਅਸੀਂ ਉਨ੍ਹਾਂ ਸਾਰੇ ਪੁਰਾਣੇ ਸਾਥੀਆਂ ਅਤੇ ਕਰਮਚਾਰੀਆਂ ਨੂੰ ਵੀ ਬਹੁਤ ਹੀ ਮਾਣ ਨਾਲ ਯਾਦ ਕਰਦੇ ਹਾਂ, ਜਿਨ੍ਹਾਂ ਨੇ ਕਦੇ ਇਸ ਅਦਾਰੇ ਦੀ ਨੀਂਹ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਮੁੜ੍ਹਕਾ ਵਹਾਇਆ ਅਤੇ ਅੱਜ ਇੱਥੋਂ ਸਿੱਖ ਕੇ ਆਪਣੀ ਜ਼ਿੰਦਗੀ ਵਿੱਚ ਵੱਡੀਆਂ ਤਰੱਕੀਆਂ ਹਾਸਲ ਕਰਕੇ ਅੱਗੇ ਵਧ ਚੁੱਕੇ ਹਨ। 'ਚੜ੍ਹਦੀਕਲਾ' ਹਮੇਸ਼ਾ ਆਪਣੇ ਸਾਰੇ ਮੌਜੂਦਾ ਅਤੇ ਸਾਬਕਾ ਕਰਮਚਾਰੀਆਂ ਦੇ ਯੋਗਦਾਨ ਦਾ ਰਿਣੀ ਰਹੇਗਾ, ਕਿਉਂਕਿ ਹਰ ਇੱਕ ਸਾਥੀ ਦੀ ਮਿਹਨਤ ਸਦਕਾ ਹੀ ਅੱਜ ਇਹ ਅਦਾਰਾ ਇਸ ਮੁਕਾਮ 'ਤੇ ਪਹੁੰਚ ਕੇ 50ਵੇਂ ਵਰ੍ਹੇ ਦਾ ਸੁਨਹਿਰੀ ਸਫ਼ਰ ਸ਼ੁਰੂ ਕਰ ਰਿਹਾ ਹੈ।

ਭਵਿੱਖ ਦੇ ਸੁਨਹਿਰੀ ਪੜਾਵਾਂ ਲਈ ਸ਼ੁਭਕਾਮਨਾਵਾਂ : ਪਿਛਲੇ 49 ਸਾਲਾਂ ਤੋਂ ਪੱਤਰਕਾਰੀ ਦੇ ਉੱਚੇ ਮਿਆਰ ਸਥਾਪਿਤ ਕਰਨ ਵਾਲਾ ਰੋਜ਼ਾਨਾ **'ਚੜ੍ਹਦੀਕਲਾ'** ਆਉਣ ਵਾਲੇ ਸਮੇਂ ਵਿੱਚ ਵੀ ਸਮਾਜ ਦੀ ਨਿਰਪੱਖ ਆਵਾਜ਼ ਬਣਿਆ ਰਹੇਗਾ, ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਅੱਜ ਦੇ ਡਿਜੀਟਲ ਅਤੇ ਬਦਲਦੇ ਦੌਰ ਵਿੱਚ ਵੀ ਅਦਾਰੇ ਨੇ ਆਪਣੀ ਭਰੋਸੇਯੋਗਤਾ ਨੂੰ ਬਰਕਰਾਰ ਰੱਖਿਆ ਹੈ, ਜੋ ਕਿ ਇੱਕ ਬਹੁਤ ਵੱਡੀ ਮਿਸਾਲ ਹੈ।

ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ **'ਚੜ੍ਹਦੀਕਲਾ' ਸਮੂਹ**, ਦਰਦੀ ਪਰਿਵਾਰ ਅਤੇ ਇਸ ਦੀ ਸਮੁੱਚੀ ਟੀਮ ਨੂੰ ਹੋਰ ਵਧੇਰੇ ਬਲ, ਸਮਰੱਥਾ ਅਤੇ ਸਫ਼ਲਤਾ ਬਖ਼ਸ਼ੇ ਤਾਂ ਜੋ ਇਹ ਅਦਾਰਾ 50ਵੇਂ ਸਾਲ ਦੇ ਇਸ ਸਫ਼ਰ ਦੌਰਾਨ ਅਤੇ ਆਉਣ ਵਾਲੀਆਂ ਸਦੀਆਂ ਤੱਕ ਸੱਚ, ਨਿਆਂ ਅਤੇ ਸਮਾਜਿਕ ਭਲਾਈ ਦਾ ਝੰਡਾ ਇਸੇ ਤਰ੍ਹਾਂ ਬੁਲੰਦ ਰੱਖੇ। **'ਚੜ੍ਹਦੀਕਲਾ'** ਦੇ ਸਮੂਹ ਪਰਿਵਾਰ, ਪਾਠਕਾਂ, ਇਸ਼ਤਿਹਾਰਦਾਤਾਵਾਂ ਅਤੇ ਸ਼ੁਭਚਿੰਤਕਾਂ ਨੂੰ 50ਵੇਂ ਸਥਾਪਨਾ ਵਰ੍ਹੇ ਵਿੱਚ ਪ੍ਰਵੇਸ਼ ਕਰਨ 'ਤੇ ਇੱਕ ਵਾਰ ਫਿਰ ਬਹੁਤ-ਬਹੁਤ ਵਧਾਈਆਂ!

ਵੱਲੋਂ: ਵਿੰਕਲਜੀਤ ਸਿੰਘ ਸਰਾ, ਸੀਨੀਅਰ ਸੰਪਾਦਕ, ਲੇਖਕ ਅਤੇ ਸ਼ੁਭਚਿੰਤਕ

ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਪੈਕ ਦੀ ਵਿਦਿਆਰਥਣ ਹਰਲੀਨ ਕੌਰ ਨੂੰ 'ਯੁਵਾ ਪੁਰਸਕਾਰ–2024' ਪ੍ਰਦਾਨ

ਪੰਜਾਬ ਦੇ ਰਾਜਪਾਲ ਕਟਾਰੀਆ ਨੇ ਅੰਗਰੇਜ਼ੀ ਕਾਵਿ-ਸੰਗ੍ਰਹਿ 'ਇਟਰਨਲ ਵਿਸਪਰਜ਼' ਲਈ ਕੀਤਾ ਸਨਮਾਨਿਤ; ਭਲਕੇ ਮਿਲੇਗੀ ਦੂਜੀ ਪੁਸਤਕ ਨੂੰ ਗ੍ਰਾਂਟ

ਚੰਡੀਗੜ੍ਹ, , 22 ਮਈ (ਚ.ਨ.ਸ.) : ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਪੰਜਾਬ ਇੰਜੀਨੀਅਰਿੰਗ ਕਾਲਜ (ਪੈਕ), ਚੰਡੀਗੜ੍ਹ ਦੀ ਬੀ.ਟੈੱਕ (ਕੰਪਿਊਟਰ ਸਾਇੰਸ ਇੰਜੀਨੀਅਰਿੰਗ) ਦੀ ਦੂਜੇ ਸਾਲ ਦੀ ਹੋਣਹਾਰ ਵਿਦਿਆਰਥਣ ਕੁਮਾਰੀ ਹਰਲੀਨ ਕੌਰ ਨੂੰ ਉਸ ਦੇ ਪ੍ਰਸਿੱਧ ਅੰਗਰੇਜ਼ੀ ਕਾਵਿ-ਸੰਗ੍ਰਹਿ @ਇਟਰਨਲ ਵਿਸਪਰਜ਼: ਸੌਗਜ਼ ਆਫ਼ ਦੀ ਸੋਲ@ ਲਈ ਵੱਕਾਰੀ 'ਯੁਵਾ ਪੁਰਸਕਾਰ – 2024' ਨਾਲ ਨਿਵਾਜਿਆ ਗਿਆ ਹੈ। ਇਹ ਵੱਕਾਰੀ ਪੁਰਸਕਾਰ ਅੱਜ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਦੌਰਾਨ ਐੱਮ.ਸੀ.ਐੱਮ. ਡੀ.ਏ.ਵੀ. ਕਾਲਜ, ਸੈਕਟਰ 36-ਏ, ਚੰਡੀਗੜ੍ਹ ਵਿਖੇ ਸ਼ਾਮ 5:00 ਵਜੇ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਪ੍ਰਦਾਨ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਮਾਨਯੋਗ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਹਰਲੀਨ ਕੌਰ ਨੂੰ ਇਸ ਸਨਮਾਨ ਨਾਲ ਨਿਵਾਜਿਆ ਅਤੇ ਉਸ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ। ਇੱਥੇ ਇਹ ਦੱਸਣਯੋਗ ਹੈ ਕਿ ਹਰਲੀਨ ਕੌਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਕੰਪਿਊਟਰ ਬ੍ਰਾਂਚ ਦੇ ਡਾਟਾ ਸੈਂਟਰ ਵਿੱਚ ਤਾਇਨਾਤ ਸੁਪਰਡੈਂਟ ਗ੍ਰੇਡ-2 ਸ਼੍ਰੀ ਭੂਪਿੰਦਰ ਸਿੰਘ ਦੀ ਸਪੁੱਤਰੀ ਹੈ। ਹਰਲੀਨ ਕੌਰ ਨੇ ਬਹੁਤ ਹੀ ਛੋਟੀ ਉਮਰ ਵਿੱਚ ਆਪਣੀਆਂ ਸਾਹਿਤਕ ਪ੍ਰਾਪਤੀਆਂ, ਅਕਾਦਮਿਕ ਉੱਤਮਤਾ ਅਤੇ ਰਚਨਾਤਮਕ ਯੋਗਦਾਨ ਸਦਕਾ ਇੱਕ ਵਿਸ਼ੇਸ਼ ਪਛਾਣ ਬਣਾਈ ਹੈ। ਇੱਕ ਹੋਰ ਵੱਡੀ ਪ੍ਰਾਪਤੀ ਹਾਸਲ ਕਰਦਿਆਂ ਹਰਲੀਨ ਦੀ ਦੂਜੀ ਪ੍ਰਕਾਸ਼ਿਤ ਪੁਸਤਕ ਦਿ ਗੇਮ ਆਫ਼ ਰਿਵੇਂਜ, ਜੋ ਕਿ ਜੁਲਾਈ 2025 ਵਿੱਚ ਪ੍ਰਕਾਸ਼ਿਤ ਹੋਈ ਇੱਕ ਕ੍ਰਾਈਮ ਥ੍ਰਿਲਰ ਕਾਵਿ-ਨਾਵਲ ਹੈ, ਨੂੰ ਵੀ ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਗ੍ਰਾਂਟ-ਇਨ-ਏਡ ਲਈ ਚੁਣਿਆ ਗਿਆ ਹੈ। ਇਹ ਗ੍ਰਾਂਟ-ਇਨ-ਏਡ ਪੁਰਸਕਾਰ ਭਲਕੇ ਯਾਨੀ 23 ਮਈ 2026 ਨੂੰ ਸਵੇਰੇ 11:00 ਵਜੇ ਰਾਣੀ ਲਕਸ਼ਮੀ ਬਾਈ ਭਵਨ, ਸੈਕਟਰ 38-ਸੀ, ਚੰਡੀਗੜ੍ਹ ਵਿਖੇ ਹੋਣ ਵਾਲੇ ਇੱਕ ਹੋਰ ਸਾਲਾਨਾ ਇਨਾਮ ਵੰਡ ਸਮਾਰੋਹ ਦੌਰਾਨ ਭੇਟ ਕੀਤਾ ਜਾਵੇਗਾ। ਇਸ ਦੂਜੇ ਸਮਾਗਮ ਵਿੱਚ ਜਗਤ ਗੁਰੂ Nanak ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋਫ਼ੈਸਰ (ਡਾ.) ਰਤਨ ਸਿੰਘ ਮੁੱਖ ਮਹਿਮਾਨ ਵਜੋਂ ਹਾਜ਼ਰ ਰਹਿਣਗੇ।

ਹਰਲੀਨ ਕੌਰ ਨੇ ਅਕਾਦਮਿਕ ਅਤੇ ਸਾਹਿਤ ਦੋਵਾਂ ਖੇਤਰਾਂ ਵਿੱਚ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਹ ਇਸ ਵੇਲੇ ਪੈਕ ਚੰਡੀਗੜ੍ਹ ਤੋਂ ਬੀ.ਟੈੱਕ ਦੀ ਪੜ੍ਹਾਈ ਕਰਨ ਦੇ ਨਾਲ-ਨਾਲ ਆ

ਜਸਵੰਤ ਸਿੰਘ ਦਾ ਸੇਵਾ ਰਤਨ ਐਵਾਰਡ ਨਾਲ ਸਨਮਾਨ

ਲੁਧਿਆਣਾ, 23 ਮਈ (ਰਵਿੰਦਰ ਸਿੰਘ ਨਿੱਝਰ): ਯੂਨਾਈਟਿਡ ਸਿੱਖਸ ਇੱਕ

ਅਜਿਹੀ ਸੇਵਾ ਸੰਸਥਾ ਹੈ! ਜਿਸ ਨੇ ਪਿਛਲੇ ਲੰਬੇ ਸਮੇਂ ਤੋ ਸੰਸਾਰ ਦੇ ਵੱਖ ਵੱਖ ਮੁਲਕਾਂ ਅੰਦਰ ਆਈਆਂ ਕੁਦਰਤੀ ਆਫਤਾਂ ਦੇ ਸਮੇਂ ਆਪਣੀ ਸਰਗਰਮ ਭੂਮਿਕਾ ਨਿਭਾਕੇ ਜਿੱਥੇ ਮਨੁੱਖਤਾ ਦੀ ਸੱਚੀ ਸੇਵਾ ਦੀ ਮਿਸਾਲ ਕਾਇਮ ਕੀਤੀ ਹੈ ਉੱਥੇ ਪਿਛਲੇ ਰਹੇ ਇਲਾਕਿਆਂ ਅੰਦਰ ਸੰਸਥਾ ਦੇ ਵਲੰਟੀਅਰਾਂ ਵੱਲੋ ਪੂਰੀ ਤਨਦੇਹੀ ਨਾਲ ਰਾਹਤ ਕਾਰਜ ਚਲਾਕੇ ਸੱਚੇ ਦਿੱਲੋ ਆਪਣੇ ਫਰਜਾ ਦੀ ਅਦਾਇਗੀ ਵੀ ਕੀਤੀ ਹੈ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਯੂਨਾਈਟਿਡ ਸਿੱਖਸ ਦੇ ਸੈਕਟਰੀ ਦਵਿੰਦਰ ਸਿੰਘ ਤੇ ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਈਟਿਡ ਸਿੱਖਸ ਨੇ ਅੱਜ ਸਾਂਝੇ ਰੂਪ ਵਿੱਚ ਯੂਨਾਈਟਿਡ ਸਿੱਖਸ ਦੇ ਪ੍ਰਮੁੱਖ ਵਲੰਟੀਅਰ ਜਸਵੰਤ ਸਿੰਘ ਨੂੰ ਪਿਛਲੇ ਸਾਲ ਆਏ ਹੜ੍ਹਾਂ ਦੌਰਾਨ ਜਿਲ੍ਹਾ ਫਿਰੋਜ਼ਪੁਰ ਦੇ ਸਰਹੱਦੀ ਪਿੰਡਾਂ ਦੇ ਲੋਕਾਂ ਦੀਆਂ ਕੀਮਤੀ ਮਨੁੱਖੀ ਜਿੰਦਗੀਆਂ ਨੂੰ ਬਚਾਉਣ ਤੇ ਸੰਸਥਾ ਵੱਲੋ ਆਰੰਭੇ ਗਏ ਰਾਹਤ ਸੇਵਾ ਕਾਰਜਾਂ ਵਿੱਚ ਨਿਸ਼ਕਾਮ ਰੂਪ ਵਿੱਚ ਆਪਣੇ ਪਰਿਵਾਰਿਕ ਮੈਬਰਾਂ ਨਾਲ ਯੋਗਦਾਨ ਪਾਉਣ ਬਦਲੇ ਉਨ੍ਹਾਂ ਨੂੰ ਸੇਵਾ ਰਤਨ ਐਵਾਰਡ ਨਾਲ ਸਨਮਾਨਿਤ ਕਰਨ ਉਪਰੰਤ ਕੀਤਾ।

ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਈਟਿਡ ਸਿੱਖਸ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਯੂਨਾਈਟਿਡ ਸਿੱਖਸ ਸੰਸਥਾ ਦਾ ਮੁੱਖ ਉਦੇਸ਼ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ "ਦੇ ਸਿਧਾਂਤ ਉਪਰ ਪਹਿਰਾ ਦੇ ਕੇ ਮਨੁੱਖਤਾ ਦੀ ਸੇਵਾ ਕਰਨੀ ਤੇ ਹਰ ਔਖੇ ਸਮੇਂ ਲੋੜਵੰਦਾ ਦੀ ਮਦੱਦ ਕਰਨਾ ਹੈ। ਜਿਸ ਲਈ ਸਾਡੇ ਵਲੰਟੀਅਰ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੇ ਹਨ। ਇਸ ਸਮੇ ਉਨ੍ਹਾਂ ਦੇ ਨਾਲ ਸੁਰਿੰਦਰ ਸਿੰਘ ਮਕੱੜ, ਬਲਵਿੰਦਰ ਸਿੰਘ ਢਿੱਲੋ, ਕਸ਼ਮੀਰ ਸਿੰਘ ਠੇਕੇਦਾਰ, ਲਖਵੀਰ ਸਿੰਘ ਗਿੱਲ, ਭੁਪਿੰਦਰ ਸਿੰਘ ਮਕੱੜ, ਜਗਮੀਰੁਤ ਸਿੰਘ, ਦਾਨ ਸਿੰਘ,ਸੰਤ ਸਿੰਘ ਅਸਟ੍ਰੇਲੀਆ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਵਿਸੇਸ਼ ਤੌਰ ਤੇ ਹਾਜਰ ਸਨ।

ਵਧਦੀ ਗਰਮੀ ਦੇ ਕਹਿਰ ਨੂੰ ਦੇਖਦਿਆਂ ਸਕੂਲਾਂ 'ਚ ਤੁਰੰਤ ਛੁੱਟੀਆਂ ਕੀਤੀਆਂ ਜਾਣ : ਡਾ. ਸੁਰਜੀਤ

ਲੁਧਿਆਣਾ, 23 ਮਈ (ਰਵਿੰਦਰ ਸਿੰਘ ਨਿੱਝਰ): ਡਾ ਅੰਬੇਡਕਰ ਨਗਰ ਸਥਿਤ

ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਸੀਨੀ. ਸੈਕੰ. ਸਕੂਲ ਦੀਆਂ ਪ੍ਰਬੰਧਕ ਕਮੇਟੀਆਂ ਦੇ ਚੇਅਰਮੈਨ ਤੇ ਸੀਨੀਅਰ ਕਾਂਗਰਸੀ ਨੇਤਾ ਡਾ. ਸੁਰਜੀਤ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਵੱਧਦੀ ਗਰਮੀ ਦੇ ਕਹਿਰ ਨੂੰ ਦੇਖਦੇ ਹੋਏ ਸਕੂਲਾਂ 'ਚ ਤੁਰੰਤ ਛੁੱਟੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਡਾ ਸੁਰਜੀਤ ਨੇ ਆਖਿਆ ਕਿ ਇੱਕ ਪਾਸੇ ਤਾਂ ਸਿਹਤ ਵਿਭਾਗ ਲੋਕਾਂ ਨੂੰ ਕਹਿ ਰਿਹਾ ਹੈ ਕਿ ਘਰਾਂ ਦੇ ਵਿੱਚ ਰਹੋ ਤੇ ਸਿਰਫ ਜਿਆਦਾ ਲੋੜ ਪੈਣ ਤੇ ਹੀ ਘਰੋਂ ਬਾਹਰ ਨਿਕਲੋ ਦੂਸਰੇ ਪਾਸੇ ਸਕੂਲਾਂ ਵਿੱਚ ਬੱਚਿਆਂ ਤੇ ਅਧਿਆਪਕਾਂ ਨੂੰ ਸੱਦਿਆ ਜਾ ਰਿਹਾ ਹੈ ਅਤੇ ਇਸ ਵਧਦੀ ਗਰਮੀ ਵਿੱਚ ਬੱਚਿਆਂ ਨੂੰ ਉਲਟੀਆਂ, ਦਸਤ ਆਦਿ ਬਿਮਾਰੀਆਂ ਆਪਣੀ ਪਕੜ ਵਿੱਚ ਲੈ ਰਹੀਆਂ ਹਨ। ਇਸ ਤਰ੍ਹਾਂ ਅਨੇਕਾਂ ਬੱਚੇ ਬਿਮਾਰ ਹੋ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਸਰਕਾਰ ਸਕੂਲਾਂ ਵਿੱਚ ਛੁੱਟੀਆਂ ਨਹੀਂ ਕਰਦੀ ਤਾਂ ਆਉਣ ਵਾਲੇ ਸਮੇਂ ਵਿੱਚ ਸਕੂਲਾਂ ਵਿੱਚ ਜਾਣ ਵੇਲੇ, ਆਉਣ ਵੇਲੇ ਅਤੇ ਪੜ੍ਹਾਈ ਦੌਰਾਨ ਜਿਹੜੇ ਜਿਹੜੇ ਬੱਚੇ ਵੀ ਬਿਮਾਰ ਹੁੰਦੇ ਉਨ ਉਹਨਾਂ ਸਭ ਦੀ ਜਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।

ਭਲਕੇ ਹੋਣ ਵਾਲੀ ਯੂ.ਪੀ.ਐਸ.ਸੀ. ਪ੍ਰੀਲਿਮ ਪ੍ਰੀਖਿਆ 'ਚ 4353 ਉਮੀਦਵਾਰ ਹੋਣਗੇ ਸ਼ਾਮਲ

ਲੁਧਿਆਣਾ, 22 ਮਈ (ਵਿਸ਼ਾਲ ਸ਼ਰਮਾ): 24 ਮਈ ਨੂੰ ਜ਼ਿਲ੍ਹੇ ਭਰ ਦੇ

14 ਕੇਂਦਰਾਂ 'ਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐਸ.ਸੀ) ਸਿਵਲ ਸੇਵਾਵਾਂ ਦੀ ਪ੍ਰੀਲਿਮ ਪ੍ਰੀਖਿਆ ਲਈ 4,353 ਉਮੀਦਵਾਰ ਬੈਠਣਗੇ। ਪ੍ਰੀਖਿਆ ਦੋ ਸੈਸ਼ਨਾਂ ਵਿੱਚ ਲਈ ਜਾਵੇਗੀ ਜਿਨ੍ਹਾਂ ਵਿੱਚ ਪੇਪਰ-1 ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਅਤੇ ਪੇਪਰ-2 ਦੁਪਹਿਰ 2:30 ਵਜੇ ਤੋਂ 4:30 ਵਜੇ ਤੱਕ ਹੋਵੇਗਾ। ਗਲਤ ਸਾਧਨਾਂ ਦੀ ਵਰਤੋਂ ਨੂੰ ਰੋਕਣ ਲਈ ਸਾਰੇ ਪ੍ਰੀਖਿਆ ਕੇਂਦਰਾਂ 'ਤੇ ਜੈਮਰ ਲਗਾਏ ਗਏ ਹਨ।ਜ਼ਿਲ੍ਹਾ ਪ੍ਰਸ਼ਾਸਨ ਨੇ ਪ੍ਰੀਖਿਆ ਦੇ ਸੁਚਾਰੂ ਅਤੇ ਨਿਰਪੱਖ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ, ਆਵਾਜਾਈ, ਬੈਠਣ, ਪੀਣ ਵਾਲਾ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਡਾਕਟਰੀ ਸਹਾਇਤਾ ਅਤੇ ਹੋਰ ਜ਼ਰੂਰੀ ਸਹੂਲਤਾਂ ਸਮੇਤ ਵਿਆਪਕ ਪ੍ਰਬੰਧਾਂ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ।ਨਿਰਧਾਰਤ ਪ੍ਰੀਖਿਆ ਕੇਂਦਰਾਂ ਵਿੱਚ ਡੀ.ਸੀ.ਐਮ. ਪ੍ਰੈਜ਼ੀਡੈਂਸੀ ਸਕੂਲ, ਅਰਬਨ ਅਸਟੇਟ-III, ਜਮਾਲਪੁਰ ਕਲੋਨੀ, ਚੰਡੀਗੜ੍ਹ ਰੋਡ, ਲੁਧਿਆਣਾ, ਐਮ.ਜੀ. ਐਮ. ਪਬਲਿਕ ਸਕੂਲ, ਅਰਬਨ ਅਸਟੇਟ ਫੇਜ਼-1, ਐਲ.ਆਈ.ਸੀ ਬਿਲਡਿੰਗ ਦੇ ਨੇੜੇ, ਦੁੱਗਰੀ, ਲੁਧਿਆਣਾ, ਭਾਰਤੀ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ, ਕਿਚਲੂ ਨਗਰ, ਲੁਧਿਆਣਾ, ਆਰ.ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ਾਸਤਰੀ ਨਗਰ, ਮਾਡਲ ਟਾਊਨ, ਲੁਧਿਆਣਾ ਅਤੇ ਸਰਕਾਰੀ ਕਾਲਜ ਫਾਰ ਗਰਲਜ਼, ਰੱਖ ਬਾਗ, ਭਾਰਤ ਨਗਰ ਚੌਕ, ਲੁਧਿਆਣਾ ਸ਼ਾਮਲ ਹਨ। ਉਪ ਮੰਡਲ ਮੈਜਿਸਟਰੇਟ (ਐਸ.ਡੀ.ਐਮ) ਲੁਧਿਆਣਾ ਪੂਰਬੀ ਸ਼੍ਰੀਮਤੀ ਜਸਲੀਨ ਕੌਰ ਭੁੱਲਰ ਨੇ ਅਧਿਕਾਰੀਆਂ ਨੂੰ ਪ੍ਰੀਖਿਆ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਪ੍ਰੀਖਿਆ ਸ਼ੁਰੂ ਹੋਣ ਤੋਂ ਡੇਢ ਘੰਟਾ ਪਹਿਲਾਂ ਉਮੀਦਵਾਰਾਂ ਨੂੰ ਕੇਂਦਰਾਂ ਵਿੱਚ ਦਾਖਲ ਹੋਣ ਦੀ ਆਗਿਆ ਦਿੱਤੀ ਜਾ ਵੇ ਗੀ । ਯੂ . ਪੀ . ਐ ਸ . ਸੀ ਨੇ ਪਹਿਲਾਂ ਹੀ ਦਾਖਲਾ ਕਾਰਡਾਂ ਦੇ ਨਾਲ ਵਿਸਤ੍ਰਿਤ ਨਿਰਦੇਸ਼ ਜਾਰੀ ਕਰ ਦਿੱਤੇ ਹ ਨ । ਸਾ ਰੇ ਪ੍ਰੀਖਿਆ ਕੇਂਦਰਾਂ ਦੇ ਗੇਟ ਸਵੇਰੇ 9 ਵਜੇ ਬੰਦ ਹੋ ਜਾਣਗੇ, ਜਿਸ ਤੋਂ ਬਾਅਦ ਕਿਸੇ ਵੀ ਉਮੀਦਵਾਰ ਨੂੰ ਦਾਖਲ ਹੋਣ ਦੀ ਆਗਿਆ ਨਹੀਂ ਹੋਵੇਗੀ।ਉਮੀਦਵਾਰਾਂ ਨੂੰ ਪ੍ਰੀਖਿਆ ਹਾਲਾਂ ਦੇ ਅੰਦਰ ਮੋਬਾਈਲ ਫੋਨ (ਭਾਵੇਂ ਬੰਦ ਹੋਵੇ), ਪੇਜਰ, ਪੈੱਨ ਡਰਾਈਵ, ਸਮਾਰਟ ਘੜੀਆਂ, ਕੈਮਰੇ, ਬਲੂਟੁੱਥ ਡਿਵਾਈਸ ਜਾਂ ਕੋਈ ਵੀ ਸੰਚਾਰ ਯੋਗ ਉਪਕਰਣ ਸਮੇਤ ਇਲੈਕਟ੍ਰਾਨਿਕ ਉਪਕਰਣਾਂ ਨੂੰ ਲਿਜਾਣ ਜਾਂ ਵਰਤਣ ਦੀ ਆਗਿਆ ਨਹੀਂ ਹੋਵੇਗੀ।

ਜਦੋਂ ਕਿ ਸਧਾਰਨ ਗੁੱਟ ਘੜੀਆਂ ਦੀ ਆਗਿਆ ਹੈ, ਸਮਾਰਟ ਘੜੀਆਂ ਜਾਂ ਸੰਚਾਰ ਵਿਸ਼ੇਸ਼ਤਾਵਾਂ ਵਾਲੀਆਂ ਘੜੀਆਂ 'ਤੇ ਸਖ਼ਤੀ ਨਾਲ ਪਾਬੰਦੀ ਹੈ।ਇਹਨਾਂ ਹਦਾਇਤਾਂ ਦੀ ਕਿਸੇ ਵੀ ਉਲੰਘਣਾ 'ਤੇ ਅਨੁਸ਼ਾਸਨੀ ਕਾਰਵਾਈ ਹੋ ਸਕਦੀ ਹੈ, ਜਿਸ ਵਿੱਚ ਭਵਿੱਖ ਦੀਆਂ ਪ੍ਰੀਖਿਆਵਾਂ ਤੋਂ ਮਨ੍ਹਾ ਕਰਨਾ ਸ਼ਾਮਲ ਹੈ।

ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ 6.50 ਲੱਖ ਬੂਟੇ ਲਗਾਏ ਜਾਣਗੇ : ਏ.ਡੀ.ਸੀ

ਲੁਧਿਆਣਾ, 22 ਮਈ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਜ਼ਿਲ੍ਹੇ ਭਰ 'ਚ 6.50 ਲੱਖ ਬੂਟੇ ਲਗਾਏਗਾ। ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਡਾ. ਨਰਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਵਿਸ਼ੇਸ਼ ਵਿਸ਼ਾਲ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕਰ ਰਿਹਾ ਹੈ, ਜਿਸ ਤਹਿਤ ਜ਼ਿਲ੍ਹੇ ਭਰ ਵਿੱਚ 6.50 ਲੱਖ ਪੌਦੇ ਲਗਾਏ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਉਪਲਬਧ ਜ਼ਮੀਨ 'ਤੇ ਛੋਟੇ ਜੰਗਲ, ਔਸ਼ਧੀ ਬੂਟੇ, ਫਲਦਾਰ, ਫੁੱਲਦਾਰ ਬੂਟੇ ਅਤੇ ਨਾਲ ਹੀ ਲੱਕੜ ਦੀਆਂ ਕਿਸਮਾਂ ਦੇ ਪੌਦੇ ਲਗਾਏ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਜੰਗਲਾਤ ਵਿਭਾਗ ਬੂਟੇ ਸਪਲਾਈ ਕਰੇਗਾ ਜਦੋਂ ਕਿ ਬੂਟੇ ਲਗਾਉਣ ਤੇ ਦੇਖਭਾਲ ਦੀ ਜ਼ਿੰਮੇਵਾਰੀ ਸਬੰਧਤ ਵਿਭਾਗਾਂ ਦੀ ਹੋਵੇਗੀ। ਡਾ. ਨਰਿੰਦਰ ਸਿੰਘ ਧਾਲੀਵਾਲ ਨੇ ਸਾਰੇ ਵਿਭਾਗਾਂ ਨੂੰ ਲੋੜੀਂਦੇ ਬੂਟਿਆਂ ਦੀ ਗਿਣਤੀ ਤੇ ਬੂਟੇ ਲਗਾਉਣ ਲਈ ਪਛਾਣੇ ਗਏ ਸਥਾਨਾਂ ਦੇ ਵੇਰਵੇ ਜਲਦੀ ਭੇਜਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਸਪਲਾਈ ਤੇ ਬੂਟੇ ਲਗਾਉਣ ਦਾ ਕੰਮ ਸਮੇਂ ਸਿਰ ਪੂਰਾ ਕੀਤਾ ਜਾ ਸਕੇ।ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਉਪਲਬਧ ਪਿੰਡ ਦੀ ਸਾਂਝੀ ਜ਼ਮੀਨ 'ਤੇ ਜੰਗਲ ਵੀ ਵਿਕਸਤ ਕਰੇਗਾ ਤੇ ਉਨ੍ਹਾਂ ਦੀ ਦੇਖਭਾਲ ਸਬੰਧਤ ਪਿੰਡ ਦੀਆਂ ਪੰਚਾਇਤਾਂ ਦੁਆਰਾ ਕੀਤੀ ਜਾਵੇਗੀ। ਇਸ ਮੀਟਿੰਗ ਦੌਰਾਨ ਡਿਵੀਜ਼ਨਲ ਜੰਗਲਾਤ ਅਫਸਰ ਰਾਜੇਸ਼ ਗੁਲਾਟੀ ਤੇ ਹੋਰ ਵੀ ਮੌਜੂਦ ਸਨ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ.ਸੀ. ਦਫ਼ਤਰਾਂ ਧਰਨੇ ਦੇ ਜੂਨ ਨੂੰ

ਲੁਧਿਆਣਾ, 23 ਮਈ (ਰਵਿੰਦਰ ਸਿੰਘ ਨਿੱਝਰ): ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਦੀ ਮੀਟਿੰਗ ਲੁਧਿਆਣਾ ਦੇ ਈਸੜੂ ਭਵਨ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਰਮਿੰਦਰ ਸਿੰਘ ਪਟਿਆਲਾ, ਅੰਗਰੇਜ਼ ਸਿੰਘ ਭਦੌੜ ਤੇ ਬਲਵਿੰਦਰ ਸਿੰਘ ਮੱਲ੍ਹੀ ਨੰਗਲ ਨੇ ਕੀਤੀ। ਮੀਟਿੰਗ 'ਚ 15 ਮਈ ਨੂੰ ਨੇਚਰ ਪਾਰਕ ਫੇਸ ਅੱਠ ਮੋਹਾਲੀ ਤੋਂ ਗਵਰਨਰ ਹਾਊਸ ਵੱਲ ਕੀਤੇ ਗਏ ਮਾਰਚ ਦਾ ਰਿਵਿਊ ਕੀਤਾ ਗਿਆ। ਸੰਯੁਕਤ ਕਿਸਾਨ ਮੋਰਚੇ ਨੇ ਇਸ ਮਾਰਚ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਜਥੇਬੰਦੀਆਂ, ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਇਸ ਮਾਰਚ ਨੂੰ ਸਫਲ ਕਰਾਰ ਦਿੱਤਾ।

ਮੀਟਿੰਗ 'ਚ ਹੋਰ ਮੁੱਦਿਆਂ ਤੋਂ ਇਲਾਵਾ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵਿੱਚੋਂ ਪੰਜਾਬ ਦੀ ਸਥਾਈ ਨੁਮਾਇੰਦਗੀ ਦਾ ਹੱਕ ਖੋਹਣ, ਯੂਰੀਆ ਤੇ ਡੀਏਪੀ ਖਾਦ ਦੀ ਕਿੱਲਤ, ਡੀਜਲ ਦੀਆਂ ਵਧਾਈਆਂ ਗਈਆਂ ਕੀਮਤਾਂ, ਕੇਂਦਰ ਸਰਕਾਰ ਵੱਲੋਂ ਫਸਲਾਂ ਦੀ ਐਮਐਸਪੀ ਵਿੱਚ ਕੀਤਾ ਗਿਆ ਨਿਗੂਣਾ ਵਾਧਾ,ਪੰਜਾਬ ਸਰਕਾਰ ਵੱਲੋਂ ਨਵਾਂ ਹੱਦ ਕਰਜ਼ਾ ਲਾਗੂ ਨਾ ਕਰਨ ਅਤੇ ਬੈਂਕਾਂ ਵਲੋਂ ਨਗਦੀ ਦੇਣ ਲਈ ਖੜੀਆਂ ਕੀਤੀਆਂ ਜਾ ਰਹੀਆਂ ਰੁਕਾਵਟਾਂ ਹਟਾਈਆ ਜਾਣ ਆਦਿ ਮੰਗਾਂ ਤੇ ਵਿਚਾਰ ਚਰਚਾ ਹੋਈ। ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਹਨਾਂ ਤੇ ਹੋਰ ਮੰਗਾਂ ਸਬੰਧੀ 2 ਜੂਨ ਨੂੰ ਸਾਰੇ ਡੀਸੀ ਦਫਤਰਾਂ ਤੇ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਜਾਣਗੇ।

ਕਿਸਾਨ ਆਗੂਆਂ ਨੇ ਕਿਹਾ ਕਿ ਰਜਿਸਟਰਾਰ, ਸਹਿਕਾਰੀ ਸਭਾਵਾਂ ਵੱਲੋਂ ਨਵਾਂ ਹੱਦ ਕਰਜ਼ਾ 15 ਮਈ ਤੱਕ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਸੀ ਜੋ ਕਿ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਨਵੇਂ ਹੱਦ ਕਰਜ਼ੇ ਦਾ ਨੋਟੀਫਿਕੇਸ਼ਨ ਤੁਰੰਤ ਲਾਗੂ ਕੀਤਾ ਜਾਵੇ।

ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਕਿਸਾਨਾਂ ਵੱਲੋਂ ਸਾਰੀਆਂ ਫਸਲਾਂ ਦੀ ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਸੀ-2+50% ਅਨੁਸਾਰ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਪੰਤੂ ਕੇਂਦਰ ਸਰਕਾਰ ਵੱਲੋਂ ਏ-2+ ਪਰਿਵਾਰਕ ਲੇਬਰ ਫਾਰਮੂਲੇ ਨਾਲ ਐਮਐਸਪੀ ਐਲਾਨ ਦਿੱਤੀ ਜਾਂਦੀ ਹੈ। ਇਸ ਅਨੁਸਾਰ ਵੀ ਫਸਲਾਂ ਦੀ ਖਰੀਦ ਨਹੀਂ ਕੀਤੀ ਜਾਂਦੀ। ਐਸਕੇਐਮ ਵੱਲੋਂ ਸਰਬ ਸੰਮਤੀ ਨਾਲ ਇਸ ਵਾਧੇ ਨੂੰ ਰੱਦ ਕਰਦਿਆਂ ਫਸਲਾਂ ਦੀ ਖਰੀਦ ਦੀ ਗਰੰਟੀ ਦਾ ਕਾਨੂੰਨ ਬਣਾਏ ਜਾਣ ਦੀ ਮੰਗ ਕੀਤੀ।ਮੀਟਿੰਗ ਵਿੱਚ ਪ੍ਰਧਾਨਗੀ ਮੰਡਲ ਤੋਂ ਇਲਾਵਾ ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਡਾਕਟਰ ਦਰਸ਼ਨ ਪਾਲ, ਮਨਜੀਤ ਸਿੰਘ ਧਨੇਰ, ਬੂਟਾ ਸਿੰਘ ਬੁਰਜ ਗਿੱਲ, ਨਿਰਭੈ ਸਿੰਘ ਢੁੱਡੀਕੇ, ਮੁਕੇਸ਼ ਚੰਦਰ ਸ਼ਰਮਾ, ਬਲਦੇਵ ਸਿੰਘ ਨਿਹਾਲਗੜ੍ਹ, ਹਰਭਜਨ ਸਿੰਘ ਬੁੱਟਰ, ਕੰਵਲਪ੍ਰੀਤ ਸਿੰਘ ਪੰਨੂ, ਰੁਲਦੂ ਸਿੰਘ ਮਾਨਸਾ, ਡਾਕਟਰ ਸਤਨਾਮ ਸਿੰਘ ਅਜਨਾਲਾ, ਜੰਗਵੀਰ ਸਿੰਘ ਚੌਹਾਨ, ਪ੍ਰੇਮ ਸਿੰਘ ਭੰਗੂ, ਮੇਜਰ ਸਿੰਘ ਭਿੱਖੀ ਵਿੰਡ, ਲਖਨਪਾਲ ਸ਼ਰਮਾ, ਗੁਰਵਿੰਦਰ ਸਿੰਘ, ਵੀਰ ਸਿੰਘ ਬੜਵਾ, ਬਲਵਿੰਦਰ ਸਿੰਘ ਰਾਜੂ, ਗੁਰਤੇਜ ਸਿੰਘ ਬੱਲ੍ਹੋ, ਸੁਖਦੇਵ ਸਿੰਘ ਅਰਾਈਆਂਵਾਲਾ, ਨਛੱਤਰ ਸਿੰਘ ਜੈਤੋ, ਹਰਜਿੰਦਰ ਸਿੰਘ ਟਾਂਡਾ, ਹਰਦੇਵ ਸਿੰਘ ਸੰਧੂ, ਗੁਰਨਾਮ ਸਿੰਘ ਭੀਖੀ, ਝੰਡਾ ਸਿੰਘ ਜੇਠੂਕੇ, ਰਘਬੀਰ ਸਿੰਘ ਬੈਨੀਪਾਲ, ਬਲਕਰਨ ਸਿੰਘ ਬਰਾੜ, ਬਲਦੇਵ ਸਿੰਘ ਲਤਾਲਾ ਅਤੇ ਗੁਰਮੀਤ ਸਿੰਘ ਮਹਿਮਾ ਤੋਂ ਇਲਾਵਾ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ।ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਰਮਿੰਦਰ ਸਿੰਘ ਪਟਿਆਲਾ, ਅੰਗਰੇਜ਼ ਸਿੰਘ ਭਦੌੜ ਅਤੇ ਬਲਵਿੰਦਰ ਸਿੰਘ ਮੱਲ੍ਹੀ ਨੰਗਲ ਨੇ ਜਾਰੀ ਕੀਤਾ।

ਸਠਿਆਲਾ ਕਾਲਜ ਵਿਖੇ ਮੁੜ ਯੂਨੀਵਰਸਿਟੀ ਦਾ ਸੈਂਟਰ ਬਹਾਲ ਕਰਵਾਇਆ ਜਾਵੇਗਾ :

ਧਾਰਮਿਕ ਸੰਸਥਾਵਾਂ ਵੱਲੋਂ ਵਿਨੋਦ ਗੋਇਲ ਨੂੰ ਮਿਲ ਰਿਹਾ ਪੂਰਾ ਸਮਰਥਨ

ਸੁਨਾਮ, 22 ਮਈ (ਮੋਹਣ ਸ਼ਰਮਾ) ਸੁਨਾਮ ਹਲਕੇ ਦੇ ਵਾਰਡ ਨੰਬਰ 8 ਤੋਂ ਆਜ਼ਾਦ ਉਮੀਦਵਾਰ ਰਾਧਾ ਸੁਆਮੀ ਡੇਅਰੀ ਵਾਲ਼ੇ ਵਿਨੋਦ ਗੋਇਲ ਜੋ ਵਾਰਡ ਨੰਬਰ 8 ਤੋਂ ਸਾਂਝੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਉਨ੍ਹਾਂ ਦਾ ਚੋਣ ਨਿਸ਼ਾਨ ਜੀਪ ਹੈ ਸਥਾਨਕ ਕੋਕੋ ਮਾਜਰੀ ਗੁਰਦੁਆਰਾ ਸ਼੍ਰੀ ਰਵਿਦਾਸ ਜੀ ਪ੍ਰਬੰਧਕ ਕਮੇਟੀ ਨੇ ਵਿਨੋਦ ਗੋਇਲ ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਵਾਰਡ ਵਿੱਚ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਤੇ ਉਮੀਦਵਾਰ ਵਿਨੋਦ ਗੋਇਲ ਨੇ ਕਿਹਾ, ਮੈਂ ਸਾਰੇ ਧਰਮਾਂ ਦਾ ਦਿਲੋਂ ਸਤਿਕਾਰ ਕਰਦਾ ਹਾਂ ਅਤੇ ਗੁਰੂ ਸ੍ਰੀ ਰਵਿਦਾਸ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੋ ਮੈਨੂੰ ਮਾਨ ਦਿੱਤਾ ਗਿਆ ਹੈ ਮੈ ਹਮੇਸ਼ਾ ਧੰਨਵਾਦੀ ਰਹਾਂਗਾ। ਵਿਨੋਦ ਗੋਇਲ ਦੇ ਪੁੱਤਰ, ਸਮਾਜ ਸੇਵੀ ਪੁਨੀਤ ਗੋਇਲ ਨੇ ਸਾਰੇ ਵਾਰਡ ਨਿਵਾਸੀਆਂ ਵੱਲੋਂ ਸਾਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ ਵਾਰਡ ਨਿਵਾਸੀ ਰਾਜੂ ਅਸ਼ੋਕ ਕਰਮਜੀਤ ਸਿੰਘ ਆਸ਼ੂ ਨੇ ਕਿਹਾ ਕਿ ਗੋਇਲ ਪਰਿਵਾਰ ਇੱਕ ਬਹੁਤ ਹੀ ਮਿਲਨਸਾਰ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜ ਕੇ ਰਹਿਣ ਵਾਲਾ ਪਰਿਵਾਰ ਹੈ ਵਾਰਡ ਦੇ ਹਰ ਵਿਅਕਤੀ ਦੇ ਸੁੱਖ-ਦੁੱਖ ਵਿੱਚ ਹਮੇਸ਼ਾ ਸਭ ਤੋਂ ਅੱਗੇ ਰਹਿੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਵਾਰਡ ਦਾ ਕੋਈ ਵੀ ਵਿਅਕਤੀ ਜੇਕਰ ਵਾਰਡ ਦੀ ਸੇਵਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਨੇ ਕਿਹਾ ਤਾਂ ਉਸਨੂੰ ਜ਼ਰੂਰ ਇੱਕ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ਼੍ਰੀ ਰਵਿਦਾਸ ਪੂਰਾ ਕਮੇਟੀ ਅਤੇ ਇਲਾਕਾ ਨਿਵਾਸੀਆਂ ਨੇ ਵਿਨੋਦ ਗੋਇਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਗੋਇਲ ਪਰਿਵਾਰ ਨੇ ਅਰਦਾਸ ਕੀਤੀ ਅਤੇ ਗੁਰੂ ਸਾਹਿਬ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀ ਮੌਜੂਦ ਸਨ।

ਨਵਾਂ ਸਤਿਕਾਰ ਸੋਧ ਐਕਟ ਰੱਦ ਕੀਤਾ ਜਾਵੇ: ਪੰਚ ਪ੍ਰਧਾਨੀ ਜਥਾ

ਭਗਤਾ ਭਾਈ ਕਾ, 22 ਮਈ (ਸਵਰਨ ਸਿੰਘ ਭਗਤਾ) : ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਕਾਨੂੰਨ 2026' ਖਾਲਸਾ ਪੰਥ ਦੇ ਪਾਤਿਸ਼ਾਹੀ ਦਾਅਵੇ ਵਿਚ ਦੁਨੀਆਦਾਰੀ ਸਰਕਾਰ ਦੀ ਗੈਰਸਿਧਾਂਤਕ ਤੇ ਅਧਾਰਹੀਣ ਦਖਲਅੰਦਾਜ਼ੀ ਹੈ, ਜਿਸ ਨੂੰ ਫੌਰੀ ਤੌਰ ਉੱਤੇ ਰੱਦ ਕੀਤਾ ਜਾਣਾ ਚਾਹੀਦਾ ਹੈ। ਇਹਨਾ ਵਿਚਾਰਾਂ ਦਾ ਪ੍ਰਗਟਾਵਾ ਅੱਜ ਪੰਚ ਪ੍ਰਧਾਨੀ ਜਥੇ ਵੱਲੋਂ ਜਾਰੀ ਇਕ ਸਾਂਝੇ ਬਿਆਨ ਵਿਚ ਕੀਤਾ ਗਿਆ।ਬਿਆਨ ਵਿਚ ਕਿਹਾ ਗਿਆ ਹੈ ਕਿ ਮੌਜੂਦਾ 'ਆਪ' ਸਰਕਾਰ ਨੇ ਕਾਨੂੰਨ ਰਾਹੀਂ ਸਿੱਖਾਂ ਦੇ ਧਾਰਮਿਕ ਮਸਲਿਆਂ ਤੇ ਖਾਲਸਾ ਪੰਥ ਦੀ ਮਰਯਾਦਾ ਵਿਚ ਜੋ ਦਖਲਅੰਦਾਜ਼ੀ ਕੀਤੀ ਹੈ ਉਸ ਦਾ ਅਸਲ ਅਧਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਨਰਲ ਹਾਊਸ ਵਿਚ ਮਤਾ ਪਾਸ ਕਰਕੇ ਸਾਲ 2008 ਵਿਚ ਬਾਦਲ ਦਲ ਦੀ ਸਰਕਾਰ ਕੋਲੋਂ ਬਣਵਾਇਆ ਗਿਆ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ 2008' ਹੈ। ਜ਼ਿਕਰਯੋਗ ਹੈ 2007 ਵਿਚ ਸੁਚੇਤ ਸਿੱਖ ਵਿਦਿਆਰਥੀਆਂ ਦੀ ਤਤਕਾਲੀ ਜਥੇਬੰਦ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਤੇ ਇਸ ਵੱਲੋਂ ਲਗਾਏ ਗਏ ਜਥੇਦਾਰਾਂ ਨੂੰ ਅਗਾਹ ਕੀਤਾ ਗਿਆ ਸੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ ਤੇ ਮਰਯਾਦਾ ਦਾ ਮਸਲਾ ਖਾਲਸਾ ਪੰਥ ਦੇ ਸਿਰਮੌਰ ਅਧਿਕਾਰਖੇਤਰ ਦਾ ਮਸਲਾ ਹੈ। ਇਸ ਲਈ ਇਸ ਬਾਰੇ ਸਰਕਾਰੀ ਕਾਨੂੰਨ ਨਾ ਬਣਵਾਇਆ ਜਾਵੇ ਤੇ ਦਰਪੇਸ਼ ਮਸਲੇ ਦਾ ਹੱਲ ਖਾਲਸਾ ਪੰਥ ਦੇ ਗੁਰਮਤੇ ਰਾਹੀਂ ਕੀਤਾ ਜਾਵੇ। ਜੇਕਰ ਕਾਨੂੰਨ ਬਣਦਾ ਹੈ ਤਾਂ ਇਸ ਦੇ ਭਵਿੱਖ ਵਿਚ ਗੰਭੀਰ ਨਤੀਜੇ ਭੁਗਤਣੇ ਪੈਣਗੇ। ਅੱਜ ਉਹ ਖਦਸ਼ੇ ਹਕੀਕਤ ਬਣਕੇ ਸਾਹਮਣੇ ਆਏ ਹਨ।ਪੰਚ ਪ੍ਰਧਾਨੀ ਜਥੇ ਦੇ ਬੁਲਾਰੇ ਪਰਮਜੀਤ ਸਿੰਘ ਗਾਜ਼ੀ ਵੱਲੋਂ ਜਾਰੀ ਇਸ ਬਿਆਨ ਵਿਚ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਸਤਨਾਲ ਸਿੰਘ ਝੰਜੀਆਂ ਤੇ ਭਾਈ ਹਰਦੀਪ ਸਿੰਘ ਮਹਿਰਾਜ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਉੱਤੇ ਕਿਸੇ ਦੁਨਿਆਵੀ ਸਰਕਾਰ ਦੀ ਸਤਾ ਲਾਗੂ ਨਹੀਂ ਹੋ ਸਕਦੀ ਤੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਤੇ ਮਰਯਾਦਾ ਨਾਲ ਜੁੜੇ ਮਸਲਿਆਂ ਦਾ ਹੱਲ ਕਰਨ ਲਈ ਖਾਲਸ ਪੰਥ ਸਮਰੱਥ ਹੈ।ਉਹਨਾ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਇਸਦੇ ਲਗਾਏ ਪਹਿਲੇ ਜਥੇਦਾਰਾਂ ਵਾਂਗ ਹੀ ਮੌਜੂਦਾ ਸਮੇਂ ਵਿਚ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਗਿਆਨੀ ਕੁਲਦੀਪ ਸਿੰਘ ਗੜਗੱਜ ਬਾਦਲ ਦਲ ਦੀ ਕੌਰ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗਲਤ ਪਹੁੰਚ ਅਪਨਾਅ ਰਹੇ ਹਨ ਤੇ ਸਰਕਾਰ ਨੂੰ ਪੂਰਾ ਐਕਟ ਰੱਦ ਕਰਨ ਦੀ ਬਜਾਏ ਕੁਝ ਮਾਮੂਲੀ ਸੋਧਾਂ ਕਰਨ ਲਈ ਕਹਿ ਰਹੇ ਹਨ। ਇੰਝ ਕਰਨਾ ਮਰਯਾਦਾ ਦੇ ਮਾਮਲਿਆਂ ਵਿਚ ਸਰਕਾਰੀ ਦਖਅੰਦਾਜ਼ੀ ਦਾ ਰਸਤਾ ਪੱਕਾ ਕਰਨ ਦੇ ਤੁੱਲ ਹੋਵੇਗਾ ਜੋ ਕਿ ਕਿਸੇ ਵੀ ਕੀਮਤ ਉੱਤੇ ਪ੍ਰਵਾਨ ਨਹੀਂ ਕੀਤਾ ਜਾਣਾ ਚਾਹੀਦਾ।

ਰਸੀਦੀ ਟਿਕਟਾਂ ਦੀ ਕਿੱਲਤ ਕਾਰਨ ਜਨਤਾ ਹੋ ਰਹੀ ਹੈ ਖੱਜਲ-ਖੁਆਰ

ਧੂਰੀ, 22 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) :ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਕੰਮਾਂ-ਕਾਰਾਂ ਲਈ ਬੇਹੱਦ ਲੋੜੀਂਦੀਆਂ ਰਸੀਦੀ ਟਿਕਟਾਂ ਦੀ ਪਿਛਲੇ ਕੁਝ ਸਮੇਂ ਤੋਂ ਚੱਲ ਰਹੀ ਭਾਰੀ ਕਿੱਲਤ ਕਾਰਨ ਆਮ ਲੋਕਾਂ ਨੂੰ ਅੰਤਾਂ ਦੀ ਮਾਨਸਿਕ ਅਤੇ ਆਰਥਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਹਿਸੀਲ ਕੰਪਲੈਕਸਾਂ, ਡਾਕਖਾਨਿਆਂ ਅਤੇ ਸਟੈਂਪ ਫਰੋਸ਼ਾਂ ਕੋਲ ਗੇੜੇ ਮਾਰ-ਮਾਰ ਕੇ ਲੋਕ ਥੱਕ ਚੁੱਕੇ ਹਨ, ਪਰ ਉਨ੍ਹਾਂ ਨੂੰ ਨਿਰਾਸ਼ਾ ਤੋਂ ਬਿਨਾਂ ਕੁਝ ਹਾਸਲ ਨਹੀਂ ਹੋ ਰਿਹਾ। ਪ੍ਰਸ਼ਾਸਨ ਦੀ ਇਸ ਕਥਿਤ ਨਾਕਾਮੀ ਅਤੇ ਲਾਪਰਵਾਹੀ ਦਾ ਖ਼ਮਿਆਜ਼ਾ ਸਿੱਧੇ ਤੌਰ ਤੇ ਸੂਬੇ ਦੀ ਭੋਲੀ-ਭਾਲੀ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ, ਜਿਸ ਕਾਰਨ ਆਮ ਲੋਕਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਹ ਰਸੀਦੀ ਟਿਕਟਾਂ ਕੋਈ ਮਾਮੂਲੀ ਚੀਜ਼ ਨਹੀਂ, ਬਲਕਿ ਕਾਨੂੰਨੀ ਅਤੇ ਵਿੱਤੀ ਕੰਮਾਂ ਦੀ ਇੱਕ ਅਹਿਮ ਕੜੀ ਹਨ। ਕਿਸੇ ਵੀ ਤਰ੍ਹਾਂ ਦੇ ਨਿੱਜੀ ਜਾਂ ਵਪਾਰਕ ਵਿੱਤੀ ਲੈਣ-ਦੇਣ, ਬੈਂਕਾਂ ਤੋਂ ਹੋਣ ਵਾਲੇ ਵੱਖ-ਵੱਖ ਪ੍ਰਕਾਰ ਦੇ ਲੋਨ (ਕਰਜ਼ੇ) ਪਾਸ ਕਰਵਾਉਣ, ਅਤੇ ਪੁਰਾਤਨ ਸਮੇਂ ਤੋਂ ਚੱਲੇ ਆ ਰਹੇ ਪ੍ਰੋਨੋਟਾਂ ਤੇ ਦਸਤਖਤ ਕਰਨ ਲਈ ਇਹਨਾਂ ਟਿਕਟਾਂ ਦੀ ਲਾਜ਼ਮੀ ਲੋੜ ਪੈਂਦੀ ਹੈ। ਜਦੋਂ ਤੱਕ ਦਸਤਾਵੇਜ਼ ਉੱਤੇ ਰਸੀਦੀ ਟਿਕਟ ਨਹੀਂ ਲੱਗਦੀ, ਉਦੋਂ ਤੱਕ ਉਹ ਕਾਨੂੰਨੀ ਤੌਰ ਤੇ ਮਾਨਤਾ ਪ੍ਰਾਪਤ ਨਹੀਂ ਮੰਨਿਆ ਜਾਂਦਾ। ਇਸ ਕਿੱਲਤ ਕਾਰਨ ਬੈਂਕਾਂ ਵਿੱਚ ਲੋਕਾਂ ਦੇ ਕਰੋੜਾਂ ਰੁਪਏ ਦੇ ਲੋਨ ਅਧਵਾਟੇ ਲਟਕ ਗਏ ਹਨ ਅਤੇ ਵਪਾਰੀਆਂ ਦਾ ਕਾਰੋਬਾਰ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ।ਮਾਰਕੀਟ ਵਿੱਚ ਟਿਕਟਾਂ ਦੀ ਸਪਲਾਈ ਨਾ ਹੋਣ ਕਾਰਨ ਹੁਣ ਕਾਲਾਬਾਜ਼ਾਰੀ (ਬਲੈਕ ਮਾਰਕੀਟਿੰਗ) ਨੇ ਪੈਰ ਪਸਾਰ ਲਏ ਹਨ। ਕੁਝ ਮੁਨਾਫ਼ਾਖੋਰਾਂ ਅਤੇ ਵਿਚੋਲਿਆਂ ਵੱਲੋਂ ਮਜਬੂਰ ਲੋਕਾਂ ਦਾ ਫਾਇਦਾ ਉਠਾਇਆ ਜਾ ਰਿਹਾ ਹੈ।

ਕੈਬਨਿਟ ਮੰਤਰੀ ਖੁੱਡੀਆਂ ਨੇ ਪੱਕੇ ਖਾਲਿਆਂ ਦਾ ਰੱਖਿਆ ਨੀਂਹ ਪੱਥਰ

ਲੰਬੀ / ਮਲੋਟ / ਮੁਕਤਸਰ ਸਾਹਿਬ, 22 ਮਈ (ਐਚ ਐਸ ਕਪੂਰ) : ਪੰਜਾਬ ਸਰਕਾਰ ਵੱਲੋਂ ਰਾਜ ਦੇ ਵਸਨੀਕਾਂ ਨੂੰ ਖੇਤੀਬਾੜੀ ਸੈਕਟਰ ਲਈ ਸਿਚਾਈ ਅਤੇ ਸਾਫ ਸੁਥਰਾ ਪੀਣ ਵਾਲਾ ਪਾਣੀ ਮੁਹੱਈਆਂ ਕਰਵਾਉਣ ਲਈ ਜੰਗੀ ਪੱਧਰ ਤੇ ਕੰਮ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾਂ ਸ.ਗੁਰਮੀਤ ਸਿੰਘ ਖੁੱਡੀਆ ਖੇਤੀਬਾੜੀ,ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਪੰਜਾਬ ਨੇ ਅੱਜ ਲੰਬੀ ਹਲਕੇ ਦੇ ਪਿੰਡ ਬਲੋਚਕੇਰਾ ਵਿਖੇ ਮਲੋਟ ਰੋਡ ਤੇ ਬਣਨ ਵਾਲੇ ਪੱਕੇ ਖਾਲਿਆਂ ਦਾ ਨੀਂਹ ਪੱਥਰ ਰੱਖਦਿਆਂ ਕੀਤਾ। ਉਹਨਾਂ ਦੱਸਿਆ ਕਿ ਇਹਨਾਂ ਖਾਲਿਆਂ ਦੇ ਨਵ ਨਿਰਮਾਨ ਤੇ ਸਰਕਾਰ ਵਲੋਂ 3 ਕਰੋੜ 19 ਲੱਖ ਰੁਪਏ ਖਰਚ ਕੀਤੇ ਜਾਣਗੇ । ਉਹਨਾਂ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੋਘਾ ਬੁਰਜੀ ਨੰਬਰ 36305 / ਐਲ ਸੁਖਚੈਨ ਡਿਸਟਰੀਬਿਊਟਰੀ 46 ਲੱਖ, ਮੋਘਾ ਬੁਰਜੀ ਨੰਬਰ 52535 / ਐਲ ਸੁਖਚੈਨ ਡਿਸਟਰੀਬਿਊਟਰੀ 120 ਲੱਖ, ਮੋਘਾ ਬੁਰਜੀ ਨੰਬਰ 9254 / ਐਲ ਰਸੂਲਪੁਰ ਮਾਈਨਰ 76 ਲੱਖ, ਮੋਘਾ ਬੁਰਜੀ ਨੰਬਰ 6000 / ਆਰ ਤਰਮਾਲਾ ਮਾਈਨਰ 24 ਲੱਖ, ਮੋਘਾ ਬੁਰਜੀ ਨੰਬਰ 7261 / ਆਰ ਮਹਿਰਾਜਪੁਰ ਮਾਈਨਰ ਤੇ 53 ਲੱਖ ਖਰਚ ਕੀਤੇ ਜਾਣਗੇ। ਉਹਨਾਂ ਅੱਗੇ ਦੱਸਿਆ ਕਿ ਹਰ ਇਨਸਾਨ ਨੂੰ ਪਾਣੀ ਬਚਾਉਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ, ਤਾਂ ਜੋ ਭਵਿੱਖ ਵਿੱਚ ਪਾਣੀ ਦੇ ਸੰਕਟ ਦਾ ਸਾਹਮਣਾ ਨਾ ਕਰਨਾ ਪਵੇ।ਸਰਕਾਰ ਵਲੋਂ 15 ਹਜ਼ਾਰ ਕਿਲੋਮੀਟਰ ਤੋਂ ਵੱਧ ਨਹਿਰਾਂ,ਰਜਬਾਹੇ ਤੇ ਕੱਸੀਆਂ ਨੂੰ ਪੱਕਾ ਕੀਤਾ ਗਿਆ ਹੈ ਤਾਂ ਜੋ ਟੇਲ ਤੇ ਪੈਂਦੇ ਪਿੰਡਾਂ ਨੂੰ ਖੇਤੀਬਾੜੀ ਅਤੇ ਪੀਣ ਲਈ ਸ਼ਾਫ ਸੁਥਰਾ ਪਾਣੀ ਮੁਹੱਈਆ ਹੋ ਸਕੇ ।ਉਨ੍ਹਾਂ ਦੱਸਿਆ ਕਿ ਰਾਜ ਵਿਚ ਹੁਣ 75 ਪ੍ਰਤੀਸਤ ਪਾਣੀ ਨਹਿਰੀ ਪਾਣੀ ਨੂੰ ਹੁਣ ਵਰਤੋਂ ਵਿੱਚ ਲਿਆਦਾਂ ਗਿਆ ਹੈ। ਕੈਬਨਿਟ ਮੰਤਰੀ ਨੇ ਅੱਜ ਆਪਣੇ ਦੌਰੇ ਦੌਰਾਨ ਲੰਬੀ ਹਲਕੇ ਦੇ ਪਿੰਡ ਭਗਵਾਨਪੁਰਾ, ਸਰਾਵਾ ਬੋਦਲਾ, ਆਲਮਵਾਲਾ, ਬੋਦੀਵਾਲਾ ਅਤੇ ਪੰਨੀਵਾਲਾ ਨੂੰ ਜੋੜਣ ਵਾਲੀਆਂ 33 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਨੂੰ ਨਵ ਨਿਰਮਾਣ ਅਤੇ ਰਿਪੇਅਰ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ ਤੇ ਦੱਸਿਆ ਕਿ ਇਨ੍ਹਾਂ ਸੜਕਾਂ ਤੇ 14 ਕਰੋੜ ਰੁਪਏ ਖਰਚ ਕੀਤੇ ਜਾਣਗੇ। ਉਹਨਾਂ ਹਲਕੇ ਦੇ ਲੋਕਾਂ ਨੂੰ ਸਬੰਧੋਨ ਕਰਦਿਆਂ ਕਿਹਾ ਕਿ ਇਹਨਾਂ ਸੜਕਾਂ ਦੇ ਬਨਣ ਨਾਲ ਲੋਕਾਂ ਨੂੰ ਆਵਾਜਾਈ ਲਈ ਹੋਰ ਬਿਹਤਰ ਸਹੂਲਤ ਮਿਲੇਗੀ

ਮੁੱਖ ਮੰਤਰੀ ਦੀ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਦਾ ਪਿੰਡ ਬੱਲੋ ਵਿੱਚ ਸ਼ਾਨਦਾਰ ਆਗ਼ਾਜ਼

ਸਰਪੰਚ ਅਮਰਜੀਤ ਕੌਰ ਨੇ ਪਹਿਲਾ ਰਜਿਸਟ੍ਰੇਸ਼ਨ ਕਰਵਾ ਕੇ ਕੀਤੀ ਯੋਜਨਾ ਦੀ ਸ਼ੁਰੂਆਤ

ਬਠਿੰਡਾ, 22 ਮਈ : (ਜਗਸੀਰ ਭੁੱਲਰ) : ਸਰਕਾਰ ਵੱਲੋਂ ਸੂਬੇ ਦੀਆਂ ਔਰਤਾਂ ਅਤੇ ਬੱਚੀਆਂ ਦੇ ਸਮਾਜਿਕ ਤੇ ਆਰਥਿਕ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਨਿਵੇਕਲੀ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਦਾ ਆਗਾਜ਼ ਅੱਜ ਪਿੰਡ ਬੱਲੋ ਵਿਖੇ ਬਹੁਤ ਹੀ ਉਤਸ਼ਾਹ ਨਾਲ ਕੀਤਾ ਗਿਆ। ਇਸ ਯੋਜਨਾ ਦੀ ਰਸਮੀ ਸ਼ੁਰੂਆਤ ਪਿੰਡ ਦੀ ਅਗਾਂਹਵਧੂ ਮਹਿਲਾ ਸਰਪੰਚ ਬੀਬੀ ਅਮਰਜੀਤ ਕੌਰ ਵੱਲੋਂ ਪਹਿਲਾ ਰਜਿਸਟ੍ਰੇਸ਼ਨ ਕਰਵਾ ਕੇ ਕੀਤੀ ਗਈ।ਇਸ ਵਿਸ਼ੇਸ਼ ਮੌਕੇ 'ਤੇ ਸੰਬੋਧਨ ਕਰਦਿਆਂ ਸਰਪੰਚ ਅਮਰਜੀਤ ਕੌਰ ਨੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸਰਕਾਰ ਸਹੀ ਮਾਇਨਿਆਂ ਵਿੱਚ 'ਆਮ ਲੋਕਾਂ ਦੀ ਸਰਕਾਰ' ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪੰਜਾਬ ਦੀਆਂ ਔਰਤਾਂ ਦੇ ਸਵੈ-ਮਾਣ ਨੂੰ ਵਧਾਉਣ ਅਤੇ ਧੀਆਂ ਦੇ ਸੁਨਹਿਰੀ ਭਵਿੱਖ ਨੂੰ ਯਕੀਨੀ ਬਣਾਉਣ ਵੱਲ ਇੱਕ ਇਤਿਹਾਸਕ ਕਦਮ ਹੈ। ਇਸ ਨਾਲ ਪਿੰਡਾਂ ਦੀਆਂ ਗਰੀਬ ਅਤੇ ਲੋੜਵੰਦ ਔਰਤਾਂ ਨੂੰ ਵੱਡਾ ਹੁੰਗਾਰਾ ਮਿਲੇਗਾ।ਯੋਜਨਾ ਦੇ ਆਗ਼ਾਜ਼ ਮੌਕੇ ਵਿਭਾਗ ਦੀ ਸੁਪਰਵਾਈਜ਼ਰ ਪਰਮਜੀਤ ਕੌਰ ਅਤੇ ਸਥਾਨਕ ਆਂਗਨਵਾੜੀ ਵਰਕਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸੁਪਰਵਾਈਜ਼ਰ ਪਰਮਜੀਤ ਕੌਰ ਨੇ ਪਿੰਡ ਦੀਆਂ ਮਹਿਲਾਵਾਂ ਨੂੰ ਇਸ ਯੋਜਨਾ ਦੇ ਲਾਭ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਹਰ ਇੱਕ ਯੋਗ ਲਾਭਪਾਤਰੀ ਤੱਕ ਪਹੁੰਚ ਕਰਕੇ ਇਸ ਯੋਜਨਾ ਦਾ ਲਾਭ ਪਹੁੰਚਾਇਆ ਜਾਵੇਗਾ ਤਾਂ ਜੋ ਕੋਈ ਵੀ ਮਾਂ-ਧੀ ਇਸ ਸਹੂਲਤ ਤੋਂ ਵਾਂਝੀ ਨਾ ਰਹੇ। ਸੁਖਪਾਲ ਕੌਰ ਆਂਗਨਵਾੜੀ ਵਰਕਰ ਨੇ ਦੱਸਿਆ ਕਿ ਪਹਿਲੇ ਦਿਨ ਸਕੀਮ ਦਾ ਲਾਭ ਲੈਣ ਲਈ ਤਕਰੀਬਨ 40 ਔਰਤਾਂ ਦੀ ਰਜਿਸਟਰੇਸ਼ਨ ਹੋਈ । ਹਾਜ਼ਰ ਆਂਗਨਵਾੜੀ ਵਰਕਰਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਘਰ-ਘਰ ਜਾ ਕੇ ਔਰਤਾਂ ਨੂੰ ਜਾਗਰੂਕ ਕਰਨਗੀਆਂ । ਪਿੰਡ ਵਾਸੀਆਂ ਅਤੇ ਖਾਸ ਕਰਕੇ ਮਹਿਲਾਵਾਂ ਨੇ ਇਸ ਸਕੀਮ ਨੂੰ ਲੈ ਕੇ ਭਾਰੀ ਉਤਸ਼ਾਹ ਦਿਖਾਇਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਔਰਤਾਂ ਦੇ ਭਲਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਆਗਣਵਾੜੀ ਵਰਕਰ ਸੁਖਪਾਲ ਕੌਰ , ਕਿਰਨਪਾਲ ਕੌਰ , ਜਸਵੀਰ ਕੌਰ, ਅਤੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਹਾਜ਼ਰ ਸਨ।

ਲਹਿਰਾਗਾਗਾ ਦਾ ਆੜਤੀ ਸਾਥੀਆਂ ਸਮੇਤ 'ਆਪ''ਚ ਸ

ਨਗਰ ਨਿਗਮ ਤੇ ਕੌਂਸਲ ਚੋਣਾਂ ਲਈ ਪੋਲਿੰਗ ਅਮਲੇ ਦੀ ਦੂਜੀ ਰਿਹਰਸਲ ਹੋਈ

ਬਰਨਾਲਾ, 22 ਮਈ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਬਰਨਾਲਾ ਵਿੱਚ ਨਗਰ ਨਿਗਮ ਬਰਨਾਲਾ ਅਤੇ ਨਗਰ ਕੌਂਸਲ ਤਪਾ, ਨਗਰ ਕੌਂਸਲ ਭਦੌੜ, ਨਗਰ ਕੌਂਸਲ ਧਨੌਲਾ ਲਈ ਚੋਣਾਂ ਦਾ ਅਮਲ ਨੇਪਰੇ ਚੜ੍ਹਾਉਣ ਲਈ ਤਾਇਨਾਤ ਚੋਣ ਅਮਲੇ ਦੀ ਅੱਜ ਦੂਜੀ ਰਿਹਰਸਲ ਹੋਈ। ਜ਼ਿਲ੍ਹਾ ਚੋਣ ਅਫ਼ਸਰ ਬਰਨਾਲਾ ਹਰਪ੍ਰੀਤ ਸਿੰਘ ਆਈ ਏ ਐੱਸ ਨੇ ਦੱਸਿਆ ਕਿ ਨਿਗਮ ਅਤੇ ਕੌਂਸਲਾਂ ਦੀਆਂ ਹੋਣ ਵਾਲੀਆਂ ਚੋਣਾਂ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਟਰੇਨਿੰਗ ਟੀਮਾਂ ਵੱਲੋਂ ਪੋਲਿੰਗ ਸਟਾਫ਼ ਦੀਆਂ ਜ਼ਿੰਮੇਵਾਰੀਆਂ, ਲੋੜੀਂਦੇ ਦਸਤਾਵੇਜ਼, ਪੋਲਿੰਗ ਪ੍ਰਬੰਧਾਂ ਸਬੰਧੀ ਵਿਸਥਾਰ ਨਾਲ ਜਾਣੂੰ ਕਰਵਾਇਆ ਗਿਆ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਗਰ ਨਿਗਮ ਬਰਨਾਲਾ ਦੇ 48 ਵਾਰਡਾਂ ਲਈ 95 ਪੋਲਿੰਗ ਬੂਥਾਂ, ਨਗਰ ਕੌਂਸਲ ਧਨੌਲਾ, ਤਪਾ ਅਤੇ ਭਦੌੜ ਲਈ ਕ੍ਰਮਵਾਰ 13,15 ਅਤੇ 13 ਵਾਰਡ ਹਨ ਤੇ ਕ੍ਰਮਵਾਰ 21 ਬੂਥਾਂ,18 ਬੂਥਾਂ ਅਤੇ 16 ਪੋਲਿੰਗ ਬੂਥਾਂ 'ਤੇ ਵੋਟਾਂ ਪੈਣੀਆਂ ਹਨ। ਨਗਰ ਨਿਗਮ ਬਰਨਾਲਾ ਲਈ ਅੱਜ ਰਿਟਰਨਿੰਗ ਅਫ਼ਸਰ ਸਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਵਿਵੇਕ ਕੁਮਾਰ ਮੋਦੀ ਦੀ ਅਗਵਾਈ ਹੇਠ ਸੈਕਰੇਡ ਹਾਰਟ ਕੌਨਵੈਂਟ ਸਕੂਲ ਰਾਏਕੋਟ ਰੋਡ ਬਰਨਾਲਾ ਵਿਖੇ ਰਿਹਰਸਲ ਕਰਵਾਈ ਗਈ। ਨਗਰ ਕੌਂਸਲ ਧਨੌਲਾ ਲਈ ਰਿਟਰਨਿੰਗ ਅਫ਼ਸਰ ਸਹਿਤ ਐੱਸ ਡੀ ਐਮ ਬਰਨਾਲਾ ਡਾ. ਅਜੀਤਪਾਲ ਸਿੰਘ ਚਹਿਲ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਧਨੌਲਾ, ਨਗਰ ਕੌਂਸਲ ਭਦੌੜ ਲਈ ਰਿਟਰਨਿੰਗ ਅਫ਼ਸਰ ਸਹਿਤ ਐੱਸ ਡੀ ਐਮ ਮਹਿਲ ਕਲਾਂ ਕ੍ਰਿਤਿਕਾ ਗੋਇਲ ਦੀ ਅਗਵਾਈ ਹੇਠ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਭਦੌੜ ਅਤੇ ਨਗਰ ਕੌਂਸਲ ਤਪਾ ਲਈ ਰਿਟਰਨਿੰਗ ਅਫ਼ਸਰ ਸਹਿਤ ਐੱਸ ਡੀ ਐਮ ਤਪਾ ਆਯੂਸ਼ ਗੋਇਲ ਦੀ ਅਗਵਾਈ ਹੇਠ ਯੂਨੀਵਰਸਿਟੀ ਕਾਲਜ ਢਿੱਲਵਾਂ ਵਿਖੇ ਚੋਣ ਅਮਲੇ ਦੀ ਪਹਿਲੀ ਰਿਹਰਸਲ ਹੋਈ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਵਿਚ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਲਈ ਵੋਟਾਂ ਮਿਤੀ 26 ਮਈ ਦਿਨ ਮੰਗਲਵਾਰ ਨੂੰ ਸਵੇਰੇ 8 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਪੈਣਗੀਆਂ ਅਤੇ ਪੋਲ ਹੋਈਆਂ ਵੋਟਾਂ ਦੀ ਗਿਣਤੀ ਮਿਤੀ 29 ਮਈ ਦਿਨ ਸ਼ੁੱਕਰਵਾਰ ਨੂੰ ਇਸ ਉਦੇਸ਼ ਲਈ ਸਥਾਪਿਤ ਕੀਤੇ ਗਿਣਤੀ ਕੇਂਦਰਾਂ 'ਤੇ ਹੋਵੇਗੀ।

ਬੀ.ਵੀ.ਐਮ. ਸਕੂਲ ਵਿੱਚ ਨਿੱਜੀ ਸਫ਼ਾਈ ਜਾਗਰੂਕਤਾ ਪ੍ਰੋਗਰਾਮ

ਬਰਨਾਲਾ, 22 ਮਈ (ਇਸ਼ੇਨ ਕੰਗ) : ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਲਈ ਨਿੱਜੀ ਸਫਾਈ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੂੰ ਰੋਜ਼ਾਨਾ ਸਫਾਈ ਦੀਆਂ ਆਦਤਾਂ ਜਿਵੇਂ ਹੱਥ ਧੋਣਾ, ਦੰਦ ਸਾਫ਼ ਕਰਨਾ, ਨਹੁੰ ਕੱਟਣਾ ਅਤੇ ਸਾਫ਼ ਕੱਪੜੇ ਪਹਿਨਣ ਬਾਰੇ ਜਾਣਕਾਰੀ ਦਿੱਤੀ ਗਈ। ਅਧਿਆਪਕਾਂ ਨੇ ਪੋਸਟਰਾਂ ਅਤੇ ਪ੍ਰਦਰਸ਼ਨਾਂ ਰਾਹੀਂ ਬੱਚਿਆਂ ਨੂੰ ਸਫਾਈ ਦੀ ਮਹੱਤਤਾ ਸਮਝਾਈ। ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਛੋਟੀਆਂ ਪੇਸ਼ਕਾਰੀਆਂ ਦਿੱਤੀਆਂ। ਸਕੂਲ ਪ੍ਰਬੰਧਨ ਅਤੇ ਪ੍ਰਿੰਸੀਪਲ ਨੇ ਕਿਹਾ ਕਿ ਛੋਟੀ ਉਮਰ ਤੋਂ ਸਫਾਈ ਦੀਆਂ ਆਦਤਾਂ ਬੱਚਿਆਂ ਨੂੰ ਸਿਹਤਮੰਦ ਅਤੇ ਅਨੁਸ਼ਾਸਿਤ ਜੀਵਨ ਵੱਲ ਪ੍ਰੇਰਿਤ ਕਰਦੀਆਂ ਹਨ।

ਪੀ.ਏ.ਯੂ. ਵੱਲੋਂ ਬੀਹਲਾ ਵਿਖੇ ਝੋਨੇ ਦੀਆਂ ਘੱਟ ਸਮੇਂ ਵਾਲੀਆਂ ਕਿਸਮਾਂ ਸਬੰਧੀ ਜਾਗਰੂਕਤਾ ਕੈਂਪ

ਬਰਨਾਲਾ, 22 ਮਈ (ਬਘੇਲ ਸਿੰਘ ਧਾਲੀਵਾਲ): ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਵੱਲੋਂ ਕਿਸਾਨਾਂ ਨੂੰ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਅਤੇ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਜਾਗਰੂਕ ਕਰਨ ਲਈ ਪਿੰਡ ਬੀਹਲਾ ਦੀ ਸਹਿਕਾਰੀ ਸਭਾ ਵਿਖੇ ਸਕੱਤਰ ਗਗਨਦੀਪ ਸਿੰਘ, ਪ੍ਰਧਾਨ ਰੁਪਿੰਦਰ ਸਿੰਘ, ਮੀਤਪ੍ਰਧਾਨ ਗੁਰਮੀਤ ਸਿੰਘ ਅਤੇ ਸਮੂਹ ਕਮੇਟੀ ਮੈਂਬਰਾਂ ਦੇ ਪ੍ਰਬੰਧਾਂ ਹੇਠ ਅੱਜ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਡਾ. ਅਮਨਦੀਪ ਕੌਰ, ਜ਼ਿਲ੍ਹਾ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਮਿੱਟੀ ਪਰਖ ਕਰਾਉਣ ਲਈ ਨਮੂਨਾ ਲੈਣ ਦੇ ਢੰਗ ਬਾਰੇ ਵਿਸਥਾਰਪੂਰਵਕ ਦੱਸਿਆ ਅਤੇ ਰਸਾਇਣਕ ਖਾਦਾਂ ਦੀ ਸੁਚੱਜੀ ਅਤੇ ਸੰਤੁਲਿਤ ਵਰਤੋਂ ਸਬੰਧੀ ਜਾਣਕਾਰੀ ਦਿੱਤੀ। ਕਿਸਾਨਾਂ ਨੂੰ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ (ਪੀ ਆਰ 133, ਪੀ ਆਰ 132, ਪੀ ਆਰ 131, ਪੀ ਆਰ 128, ਪੀ ਆਰ 126 ਅਤੇ ਬਾਸਮਤੀ 1509) ਦੀ ਚੋਣ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਘੱਟ ਸਮੇਂ ਵਿੱਚ ਤਿਆਰ ਹੋਣ ਵਾਲੀਆਂ ਕਿਸਮਾਂ ਪਾਣੀ ਦੀ ਬੱਚਤ ਦੇ ਨਾਲ-ਨਾਲ ਅਗਲੀ ਫ਼ਸਲ ਦੀ ਸਮੇਂ ਸਿਰ ਬਿਜਾਈ ਵਿੱਚ ਵੀ ਮਦਦਗਾਰ ਸਾਬਤ ਹੁੰਦੀਆਂ ਹਨ। ਕੈਂਪ ਦੌਰਾਨ ਝੋਨੇ ਦੀ ਨਵੀਂ ਕਿਸਮ ਪੀ ਆਰ 133 ਦੀਆਂ ਵਿਸ਼ੇਸ਼ਤਾਵਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ। ਕਿਸਾਨਾਂ ਨੂੰ ਝੋਨੇ ਅਤੇ ਬਾਸਮਤੀ ਦੀ ਫ਼ਸਲ ਵਿੱਚ ਬੀਜ ਦੀ ਸੋਧ ਅਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਝੋਨੇ ਦੇ ਮਧਰੇਪਣ ਦੇ ਰੋਗ ਦੀ ਪਹਿਚਾਣ ਅਤੇ ਵਾਧੇ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ। ਇਸ ਮੌਕੇ ਤੇ ਕਿਸਾਨਾਂ ਨੂੰ ਝੋਨੇ ਦਾ ਬੀਜ ਵੀ ਮੁਹੱਈਆ ਕਰਵਾਇਆ ਗਿਆ।

ਬਾਕਸਿੰਗ ਟੂਰਨਾਮੈਂਟ ਵਿੱਚ ਤਮਗੇ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ

ਧਨੌਲਾ, 22 ਮਈ (ਚਮਕੌਰ ਸਿੰਘ ਗੱਗੀ) : ਪੰਜਾਬ ਪਬਲਿਕ ਸਕੂਲ ਮਾਨਾਂ ਪਿੰਡੀ ਬਰਨਾਲਾ ਦੇ ਵਿਦਿਆਰਥੀਆਂ ਨੇ ਬਾਕਸਿੰਗ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਬਾਕਸਿੰਗ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ ਵੱਖ-ਵੱਖ ਵਰਗਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਵੱਖ-ਵੱਖ ਇਵੈਂਟਾਂ ਵਿੱਚ ਤਗਮੇ ਜਿੱਤੇ। ਲਗਭਗ 18 ਵਿਦਿਆਰਥੀਆਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਤਗਮੇ ਜਿੱਤ ਕੇ ਸਕੂਲ ਦਾ ਮਾਣ ਵਧਾਇਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸ. ਅਮਰਜੀਤ ਸਿੰਘ ਚੀਮਾ ਅਤੇ ਮੈਨੇਜਰ ਸੁਖਦੀਪ ਸਿੰਘ ਚੀਮਾ ਨੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਅਤੇ ਕੋਚਾਂ ਦੀ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ। ਸਕੂਲ ਦੀ ਪ੍ਰਿੰਸੀਪਲ ਮੈਡਮ ਸਿਮਰਨ ਕੌਰ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਵਿਦਿਆਰਥੀਆਂ ਦੀ ਲਗਨ, ਕੋਚਾਂ ਦੀ ਰਹਿਨੁਮਾਈ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੁੰਦੀਆਂ ਹਨ।

ਇਨਕਲਾਬੀ ਕੇਂਦਰ ਵੱਲੋਂ ਮਿਉਂਸਪਲ ਕਾਮਿਆਂ ਦੇ ਸੰਘਰਸ਼ ਦੀ ਜਿੱਤ ਮੌਕੇ ਸੰਗਰਾਮੀਂ ਮੁਬਾਰਕ

ਬਰਨਾਲਾ, 22 ਮਈ (ਬਘੇਲ ਸਿੰਘ ਧਾਲੀਵਾਲ) : ਇਨਕਲਾਬੀ ਕੇਂਦਰ ਪੰਜਾਬ ਵੱਲੋਂ ਮਿਉਂਸਪਲ ਕਾਮਿਆਂ ਦੇ ਸੰਘਰਸ਼ ਦੀ ਜਿੱਤ ਮੌਕੇ ਸੰਗਰਾਮੀ ਮੁਬਾਰਕ ਦਿੰਦਿਆਂ ਹਰ ਕਿਸਮ ਦਾ ਸਰਗਰਮ ਸਹਿਯੋਗ ਦੇਣ ਦਾ ਐਲਾਨ ਕੀਤਾ ਹੈ। ਅੱਜ ਮਿਉਂਸਪਲ ਕਾਮਿਆਂ ਦੇ ਸੰਘਰਸ਼ ਦੀ ਹਮਾਇਤ ਵਿੱਚ ਡਾ ਰਜਿੰਦਰ ਪਾਲ ਦੀ ਅਗਵਾਈ ਵਿੱਚ ਇਨਕਲਾਬੀ ਕੇਂਦਰ ਪੰਜਾਬ ਦਾ ਕਾਫ਼ਲਾ ਸ਼ਾਮਿਲ ਹੋਇਆ। ਮਿਉਂਸਪਲ ਕਾਮਿਆਂ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਡਾ. ਰਜਿੰਦਰ ਪਾਲ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਜ਼ਿਲ੍ਹਾ ਆਗੂ ਸੰਦੀਪ ਸਿੰਘ ਚੀਮਾ, ਸੀਵਰੇਜ ਬੋਰਡ ਕਾਮਿਆਂ ਦੇ ਆਗੂ ਬਲਦੇਵ ਮੰਡੇਰ, ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਦੇ ਸਾਬਕਾ ਆਗੂ ਗੁਰਜੰਟ ਸਿੰਘ ਬਰਨਾਲਾ ਨੇ ਕਿਹਾ ਕਿ ਮਿਉਂਸਪਲ ਕਾਮਿਆਂ ਦੀ ਹੜਤਾਲ ਕਾਰਨ ਕੂੜਾ ਇਕੱਠਾ ਕਰਨਾ, ਸਟਰੀਟ ਲਾਈਟਾਂ ਦੀ ਮੁਰੰਮਤ, ਪਾਣੀ ਸਪਲਾਈ ਅਤੇ ਸਫ਼ਾਈ ਨਾਲ ਸਬੰਧਤ ਸੇਵਾਵਾਂ ਸਮੇਤ ਹੋਰ ਰੁਟੀਨ ਦੇ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਰਹੇ ਹਨ। ਸੀਵਰੇਜ ਦੀ ਸਫ਼ਾਈ ਦਾ ਕੰਮ ਇਨ੍ਹਾਂ ਕਾਮਿਆਂ ਲਈ ਮੌਤ ਨੂੰ ਸੱਦਾ ਦੇਣ ਸਮਾਨ ਹੀ ਹੁੰਦਾ ਹੈ। ਸੁਪਰੀਮ ਕੋਰਟ ਦੀਆਂ ਇਨ੍ਹਾਂ ਸਫ਼ਾਈ ਕਾਮਿਆਂ ਪ੍ਰਤੀ ਸਪੱਸ਼ਟ ਹਦਾਇਤਾਂ ਹਨ ਕਿ ਇਨ੍ਹਾਂ ਨੂੰ ਠੇਕੇਦਾਰੀ ਪ੍ਰਥਾ ਅਧੀਨ ਨਹੀਂ ਰੱਖਿਆ ਜਾ ਸਕਦਾ। ਇਸ ਦੇ ਬਾਵਜੂਦ ਪਰ 15 ਲੱਖ ਦੀ ਗਿਣਤੀ ਵਿੱਚ ਸਫ਼ਾਈ ਕਾਮੇ ਨਿਗੂਣੀਆਂ ਤਨਖ਼ਾਹਾਂ 'ਤੇ ਆਊਟਸੋਰਸ ਪ੍ਰਥਾ ਅਧੀਨ ਕੰਮ ਕਰਨ ਲਈ ਮਜਬੂਰ ਹਨ। ਸੁਖਵਿੰਦਰ ਸਿੰਘ, ਅਮਰੀਕ ਸਿੰਘ, ਹਰਨੇਕ ਸਿੰਘ, ਰਾਮ ਲਖਨ ਆਦਿ ਆਗੂਆਂ ਨੇ ਕਿਹਾ ਕਿ ਮਿਉਂਸਪਲ ਕਾਮਿਆਂ ਦਾ ਆਪਣੀਆਂ ਸੇਵਾਵਾਂ ਨੂੰ ਰੈਗੂਲਰ ਕਰਵਾਉਣ ਅਤੇ ਨਵੀਂ ਪੈਨਸ਼ਨ ਸਕੀਮ ਰੱਦ ਕਰਵਾਉਣ ਦਾ ਸੰਘਰਸ਼ 1990-91 ਤੋਂ ਲਾਗੂ ਕੀਤੀ ਨਿੱਜੀਕਰਨ, ਉਦਾਰੀਕਰਨ ਤੇ ਵਿਸ਼ਵੀਕਰਨ ਦੀ ਨੀਤੀ ਨਾਲ ਜੁੜਿਆ ਹੋਇਆ ਸੀ। ਹੋਰਨਾਂ ਸਰਕਾਰੀ ਅਦਾਰਿਆਂ ਵਾਂਗ ਮਿਉਂਸਪਲ ਕਾਰਪੋਰੇਸ਼ਨਾਂ/ਮਿਉਂਸਪਲ ਕੌਂਸਲਾਂ ਦਾ ਵੀ ਨਿੱਜੀ ਕਰਨ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਮਿਉਂਸਪਲ ਕਾਮਿਆਂ ਦੇ ਹੱਕੀ ਸੰਘਰਸ਼ ਪ੍ਰਤੀ 15 ਦਿਨ ਬੇਸ਼ਰਮੀ ਭਰੀ ਚੁੱਪ ਧਾਰੀ ਨੂੰ ਸਿਰੜੀ ਸੰਘਰਸ਼ ਨੇ ਤੋੜਨ ਲਈ ਮਜਬੂਰ ਕੀਤਾ। ਆਗੂਆਂ ਨੇ ਭਰਾਤਰੀ ਹਮਾਇਤ ਦਿੰਦਿਆਂ ਆਗੂਆਂ ਨੇ ਮਿਉਂਸਪਲ ਕਾਮਿਆਂ ਦੇ ਸੰਘਰਸ਼ ਦੀ ਜ਼ੋਰਦਾਰ ਹਮਾਇਤ ਕੀਤੀ ਅਤੇ ਉਨ੍ਹਾਂ ਦੀਆਂ ਮੰਨੀਆਂ ਗਈਆਂ ਹੱਕੀ ਅਤੇ ਜਾਇਜ ਮੰਗਾਂ ਲਈ ਲਗਾਤਾਰ ਚੌਕਸੀ ਬਰਕਰਾਰ ਰੱਖਣ ਦੀ ਲੋੜ 'ਤੇ ਜੋਰ ਦਿੱਤਾ। ਮਿਉਂਸਪਲ ਕਾਮਿਆਂ ਦੇ ਆਗੂਆਂ ਗੁਲਸ਼ਨ ਕੁਮਾਰ, ਵਿਕਰਮਜੀਤ ਵਿੱਕੀ, ਮੰਗਤ ਰਾਮ ਅਤੇ ਰਵੀ ਕੁਮਾਰ ਨੇ ਇਨਕਲਾਬੀ ਕੇਂਦਰ ਸਮੇਤ ਹੋਰਨਾਂ ਭਰਾਤਰੀ ਜਥੇਬੰਦੀਆਂ ਵੱਲੋਂ ਮਿਉਂਸਪਲ ਕਾਮਿਆਂ ਦੇ ਸੰਘਰਸ਼ ਨੂੰ ਸਹਿਯੋਗ ਕਰਨ ਲਈ ਧੰਨਵਾਦ ਕੀਤਾ।

ਵਾਈ.ਐਸ. ਜੈਨਨੈਕਸਟ ਸਕੂਲ ਵੱਲੋਂ ਮਾਂ ਅਤੇ ਆਤਮਵਿਸ਼ਵਾਸ ਨੂੰ ਸਮਰਪਿਤ ਸਮਾਗਮ

ਬਰਨਾਲਾ, 22 ਮਈ (ਇਸ਼ੇਨ ਕੰਗ) : ਵਾਈ ਐਸ ਜੈਨਨੈਕਸਟ ਸਕੂਲ ਦੀ ਦੂਜੀ ਕਲਾਸ ਦੇ ਵਿਦਿਆਰਥੀਆਂ ਨੇ ਇੰਪ੍ਰੈਸ਼ਨਜ਼ - ਮਾਂ ਦੇ ਨਾਮ ਸ਼ਾਨਦਾਰ ਜਸ਼ਨ ਸਮਾਗਮ ਨੂੰ ਬਹੁਤ ਉਤਸ਼ਾਹ ਅਤੇ ਆਤਮਵਿਸ਼ਵਾਸ ਨਾਲ ਮਨਾਇਆ। ਇਹ ਸਮਾਗਮ ਖਾਸ ਤੌਰ 'ਤੇ ਮਾਵਾਂ ਨੂੰ ਸਮਰਪਿਤ ਸੀ ਅਤੇ ਹਰ ਬੱਚੇ ਨੂੰ ਮੰਚ 'ਤੇ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦੇਣ ਲਈ ਆਯੋਜਿਤ ਕੀਤਾ ਗਿਆ ਸੀ। ਨੰਨ੍ਹੇ ਵਿਦਿਆਰਥੀਆਂ ਨੇ ਮੰਚ 'ਤੇ ਸੋਹਣੀ ਚਾਲ ਪ੍ਰਸਤੁਤੀ, ਨਾਚ, ਸੰਵਾਦ ਅਤੇ ਆਪਣੀਆਂ ਮਾਵਾਂ ਨਾਲ ਮਨੋਰੰਜਕ ਗਤੀਵਿਧੀਆਂ ਵਿੱਚ ਭਾਗ ਲੈ ਕੇ ਸਭ ਦਾ ਦਿਲ ਜਿੱਤ ਲਿਆ। ਬੱਚਿਆਂ ਦਾ ਉਤਸ਼ਾਹ ਅਤੇ ਆਤਮਵਿਸ਼ਵਾਸ ਸਮਾਗਮ ਦਾ ਖਾਸ ਆਕਰਸ਼ਣ ਰਹੇ। ਇਸ ਸਮਾਗਮ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਆਤਮਵਿਸ਼ਵਾਸ ਵਧਾਉਣਾ ਅਤੇ ਉਨ੍ਹਾਂ ਨੂੰ ਮੰਚ ਦਾ ਅਨੁਭਵ ਦੇਣਾ ਸੀ। ਮਾਪਿਆਂ ਨੇ ਸਕੂਲ ਦੇ ਯਤਨਾਂ ਦੀ ਭਰਪੂਰ ਸਰਾਹਨਾ ਕੀਤੀ ਅਤੇ ਬੱਚਿਆਂ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਖੁਸ਼ੀ ਜਤਾਈ।

ਐਮ.ਟੀ.ਐਸ. ਬਰਨਾਲਾ ਵਿੱਚ ਸਿਹਤ ਜਾਗਰੂਕਤਾ ਅਤੇ ਧਿਆਨ ਸੈਸ਼ਨ ਕਰਵਾਇਆ

ਬਰਨਾਲਾ, 22 ਮਈ (ਹਮੀਰ ਸਿੰਘ) : ਐਮਟੀਐਸ ਬਰਨਾਲਾ ਵਿੱਚ ਨੌਵੀਂ ਜਮਾਤ ਦੇ ਵਿਦਿਆਰਥੀਆਂ ਲਈ ਧਿਆਨ ਅਤੇ ਸਿਹਤ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਦਾ ਉਦੇਸ਼ ਵਿਦਿਆਰਥੀਆਂ ਨੂੰ ਮਾਨਸਿਕ ਸ਼ਾਂਤੀ, ਤੰਦਰੁਸਤ ਜੀਵਨਸ਼ੈਲੀ ਅਤੇ ਚੰਗੀ ਸਿਹਤ ਦੇ ਮਹੱਤਵ ਬਾਰੇ ਜਾਗਰੂਕ ਕਰਨਾ ਸੀ। ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਧਿਆਨ ਗਤੀਵਿਧੀਆਂ ਵਿੱਚ ਭਾਗ ਲਿਆ ਅਤੇ ਮਨ ਨੂੰ ਸ਼ਾਂਤ, ਕੇਂਦ੍ਰਿਤ ਅਤੇ ਤਣਾਅ-ਮੁਕਤ ਰੱਖਣ ਦੇ ਆਸਾਨ ਤਰੀਕੇ ਸਿੱਖੇ। ਸੈਸ਼ਨ ਦੌਰਾਨ ਸੰਤੁਲਿਤ ਆਹਾਰ, ਨਿਯਮਿਤ ਕਸਰਤ ਅਤੇ ਸਕਾਰਾਤਮਕ ਸੋਚ ਦੇ ਮਹੱਤਵ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਹ ਸੈਸ਼ਨ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਅਤੇ ਪ੍ਰੇਰਣਾਦਾਇਕ ਸਾਬਤ ਹੋਇਆ। ਇਸ ਨਾਲ ਵਿਦਿਆਰਥੀਆਂ ਨੂੰ ਸਰੀਰਕ ਅਤੇ ਮਾਨਸਿਕ ਸਿਹਤ ਦੀ ਮਹੱਤਤਾ ਸਮਝਣ ਅਤੇ ਚੰਗੀਆਂ ਆਦਤਾਂ ਅਪਣਾਉਣ ਲਈ ਪ੍ਰੇਰਣਾ ਮਿਲੀ।

ਸ.ਪ੍ਰ.ਸ.ਹਮੀਦੀ ਵਿਖੇ ਜੈਵਿਕ ਭਿੰਨਤਾ ਦਿਵਸ ਮਨਾਇਆ

ਬਰਨਾਲਾ, 22 ਮਈ (ਸੁਖਵਿੰਦਰ ਸਿੰਘ ਭੰਡਾਗੀ) : ਸ.ਪ੍ਰ.ਸ. ਹਮੀਦੀ ਵਿਖੇ ਅੰਤਰਰਾਸ਼ਟਰੀ ਜੈਵਿਕ ਭਿੰਨਤਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਜੈਵਿਕ ਭਿੰਨਤਾ ਦੀ ਮਹੱਤਤਾ ਬਾਰੇ ਜਾਣੂੰ ਕਰਵਾਇਆ ਗਿਆ ਅਤੇ ਪ੍ਰਕਿਰਤੀ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਗਿਆ। ਸਮਾਗਮ ਦੌਰਾਨ 2026 ਦੀ ਥੀਮ ਸਥਾਨਕ ਪੱਧਰ 'ਤੇ ਕੰਮ, ਵਿਸ਼ਵ ਪੱਧਰ ਤੇ

ਪਟਿਆਲਾ-ਆਸ/ਪਾਸ

ਆਮ ਆਦਮੀ ਪਾਰਟੀ ਪੰਜਾਬ ਦੇ ਕਿਸੇ ਨਾਗਰਿਕ ਦੀ ਵੋਟ ਨਹੀਂ ਕੱਟਣ ਦੇਵੇਗੀ : ਡਾ. ਬਲਬੀਰ ਸਿੰਘ

➢ਸਿਹਤ ਮੰਤਰੀ ਨੇ ਪੰਜਾਬ ਸਪੋਰਟਸ ਯੂਨੀਵਰਸਿਟੀ ਨੂੰ ਮਿਲੀਆਂ 2 ਬੱਸਾਂ ਵਿਦਿਆਰਥੀਆਂ ਦੇ ਸਪੁਰਦ ਕੀਤੀਆਂ

ਪਟਿਆਲਾ, 22 ਮਈ (ਰੁਪਾਣਾ/ਅਮਰਜੀਤ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜਨ 'ਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਪੰਜਾਬ ਵਿੱਚ ਕਿਸੇ ਵੀ ਨਾਗਰਿਕ ਦੀ ਵੋਟ ਨਹੀਂ ਕੱਟਣ ਦਿੱਤੀ ਜਾਵੇਗੀ। ਅੱਜ ਇੱਥੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ 'ਚ 6 ਕਰੋੜ ਲੋਕਾਂ ਦੀਆਂ ਵੋਟਾਂ ਕੱਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿਉਂਕਿ ਭਾਜਪਾ ਨੇ ਐਨ.ਆਰ.ਆਈ. ਦੀ ਟਰਮ ਦੀ ਜਗ੍ਹਾ ਹੁਣ (ਆਰ.ਐਨ.ਆਈ) ਰੈਜੀਡੈਂਟ ਨਾਨ ਇੰਡੀਅਨ ਬਣਾ ਦਿੱਤਾ ਹੈ, ਤੇ ਜਿਹੜੇ ਲੋਕਾਂ ਦੇ ਮਾਂ, ਬਾਪ ਤੇ ਦਾਦਾ ਇਸ ਦੇਸ਼ 'ਚ ਰਹਿੰਦਾ ਹੈ, ਉਨ੍ਹਾਂ ਦੀਆਂ ਵੀ ਵੋਟਾਂ ਕੱਟੀਆ ਜਾ ਰਹੀਆਂ ਹਨ। ਸਿਹਤ ਮੰਤਰੀ ਨੇ ਕਿਹਾ ਕਿ ਐਸ.ਆਈ.ਆਰ. ਦੇ ਨਾਮ 'ਤੇ ਵੋਟਬੰਦੀ ਹੋਵੇਗੀ, ਜਿਸ ਨੂੰ ਰੋਕਣ ਲਈ ਆਮ ਆਦਮੀ ਪਾਰਟੀ ਦੀ ਟੀਮ ਪੂਰੀ ਤਨਦੇਹੀ ਨਾਲ ਲੱਗੀ ਹੋਈ ਹੈ, ਕਿਉਂਕਿ ਭਾਰਤੀ ਜਨਤਾ ਪਾਰਟੀ ਦਾ ਬੰਗਾਲ ਤੋਂ ਬਾਅਦ ਅਗਲਾ ਨਿਸ਼ਾਨਾ ਪੰਜਾਬ ਹੈ, ਇਸ ਲਈ ਅਸੀਂ ਪੰਜਾਬ 'ਚ ਅਜਿਹਾ ਨਹੀਂ ਹੋਣ ਦੇਵਾਂਗੇ। ਉਨ੍ਹਾਂ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਘਰ-ਘਰ ਸੰਪਰਕ ਕੀਤਾ ਜਾਵੇਗਾ, ਜਿਸ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਡਾ. ਬਲਬੀਰ ਸਿੰਘ, ਅੱਜ ਇੱਥੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੀਆਂ ਦੋ ਨਵੀਆਂ ਬੱਸਾਂ ਤੇ ਇੱਕ ਨਵੀਂ ਅਰਟਿਗਾ ਗੱਡੀ ਵਿਦਿਆਰਥੀਆਂ ਨੂੰ ਸਮਰਪਿਤ ਕਰਨ ਲਈ ਪੁੱਜੇ ਹੋਏ ਸਨ। ਸਿਹਤ ਮੰਤਰੀ ਨੇ ਕਿਹਾ ਕਿ ਖੇਡ ਯੂਨੀਵਰਸਿਟੀ ਦਾ ਕੈਂਪਸ ਪਟਿਆਲਾ ਸ਼ਹਿਰ ਤੋਂ ਦੂਰ ਹੋਣ ਕਰਕੇ ਵਿਦਿਆਰਥੀਆਂ ਨੂੰ ਆ ਰਹੀ ਮੁਸ਼ਕਿਲ ਨਵੀਆਂ ਬੱਸਾਂ ਚੱਲਣ ਨਾਲ ਖ਼ਤਮ ਹੋ ਜਾਵੇਗੀ ਤੇ ਹੁਣ ਸਟਾਫ਼ ਸਮੇਤ ਵਿਦਿਆਰਥੀਆਂ ਨੂੰ ਆਵਾਜਾਈ ਦੀ ਚੰਗੀ ਸਹੂਲਤ ਪ੍ਰਦਾਨ ਹੋ ਗਈ ਹੈ। ਡਾ. ਬਲਬੀਰ ਸਿੰਘ ਨੇ ਇਸ ਮੌਕੇ ਮੀਡੀਆ ਨਾਲ ਗ਼ੈਰ-ਰਸਮੀ ਗੱਲਬਾਤ ਕਰਦਿਆਂ ਕਿਹਾ ਕਿ ਜੋ ਇਸ ਵਾਰ ਬੰਗਾਲ ਵਿੱਚ ਹੋਇਆ ਉਹ ਪਹਿਲਾਂ ਦੇਸ਼, ਦੁਨੀਆਂ ਵਿੱਚ ਕਦੇ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਵੋਟਾਂ ਦੀ ਸਮਰੀ ਰਵੀਜਨ ਉਹ ਹਮੇਸ਼ਾ ਹੁੰਦੀ ਰਹਿੰਦੀ ਹੈ, ਜਿਸ 'ਚ ਮ੍ਰਿਤਕ ਜਾਂ ਕਿਸੇ ਹੋਰ ਥਾਂ ਜਾਣ ਵਾਲੇ ਜਾਂ ਕਿਸੇ ਹੋਰ ਤੱਥਾਂ ਦੇ ਅਧਾਰ 'ਤੇ ਵੋਟਰਾਂ ਦੀਆਂ ਵੋਟਰਾਂ ਕੱਟ ਜਾਂਦੀਆਂ ਸਨ ਤੇ ਨਵੀਆਂ ਵੋਟਾਂ ਬਣਦੀਆਂ ਹਨ, ਪਰੰਤੂ ਚੋਣ ਕਮਿਸ਼ਨ ਨੇ ਅਜੀਬੋ ਗਰੀਬ ਕਾਰਨਾਮਾ ਕਰਦਿਆਂ ਬੰਗਾਲ ਵਿੱਚ 27 ਲੱਖ ਵੋਟਾਂ ਕੱਟ ਦਿੱਤੀਆਂ ਗਈਆਂ, ਜਿਨ੍ਹਾਂ 'ਤੇ ਸਵਾਲ ਉਠੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਜਿਹੜੇ ਰਾਜਾਂ ਵਿੱਚ ਪ੍ਰਸਿੱਧ ਮੁੱਖ ਮੰਤਰੀਆਂ, ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ, ਸਟਾਲਿਨ, ਇਨ੍ਹਾਂ ਦੇ ਹਲਕਿਆਂ 'ਚ ਲੱਖਾਂ ਵੋਟਾਂ ਕੱਟੀਆਂ ਗਈਆਂ ਅਤੇ ਕੁਝ ਅਜਿਹੇ ਵੋਟਰਾਂ ਦੀਆਂ ਆਖਰੀ ਸਟੇਜ 'ਤੇ ਵੋਟਾਂ ਬਣਾ ਦਿੱਤੀਆਂ। ਇਸ ਮੌਕੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਲਿਜਾਣ ਲਈ ਇੱਕ ਬੱਸ ਫੁਹਾਰਾ ਚੌਕ ਤੋਂ ਚੱਲੇਗੀ ਅਤੇ ਦੂਜੀ ਬੱਸ ਸਟੈਂਡ ਤੋਂ ਚਲਾਈ ਜਾਵੇਗੀ।ਡਾ. ਗਿੱਲ ਨੇ ਦੱਸਿਆ ਕਿ ਨਵੀਂ ਅਰਟਿਗਾ ਆਵਾਜਾਈ ਦੇ ਸਾਧਨ ਮਿਲ ਜਾਣ ਕਰਕੇ ਇਮਤਿਹਾਨਾਂ ਨੂੰ ਸੁਖਾਲਾ ਕਰਵਾਉਣ 'ਚ ਵੀ ਮਦਦ ਕਰੇਗੀ, ਇਸ ਵਾਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਅਜਿਹੇ ਪ੍ਰਬੰਧ ਕੀਤੇ ਹਨ ਕਿ ਵਿਦਿਆਰਥੀਆਂ ਦੀ 4 ਜੂਨ ਨੂੰ ਖ਼ਤਮ ਹੋਣ ਵਾਲੀ ਪ੍ਰੀਖਿਆ ਦਾ ਰਿਜਲਟ 15 ਜੂਨ ਤੱਕ ਆ ਜਾਵੇਗਾ, ਜਦੋਂਕਿ ਪਿਛਲੇ ਸਮੇਂ 'ਚ ਪ੍ਰਬੰਧ ਸਹੀ ਨਾ ਹੋਣ ਕਰਕੇ ਦਸੰਬਰ ਮਹੀਨੇ ਲਈ ਗਈ ਪ੍ਰੀਖਿਆ ਦਾ ਰਿਜਲਟ ਅਜੇ ਤੱਕ ਲਟਕਿਆ ਹੋਇਆ ਹੈ, ਜਿਸ ਨੂੰ ਦਰੁਸਤ ਕੀਤਾ ਜਾ ਰਿਹਾ ਹੈ।

ਡੀ.ਸੀ. ਵੱਲੋਂ ਮਾਲ ਵਿਭਾਗ ਦੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਮਹੀਨਾਵਾਰ ਸਮੀਖਿਆ ਮੀਟਿੰਗ

ਮਲੇਰਕੋਟਲਾ, 22 ਮਈ (ਬਲਜੀਤ ਸਿੰਘ ਟਿੱਬਾ) : ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਜ਼ਿਲ੍ਹੇ ਵਿੱਚ ਮਾਲ ਵਿਭਾਗ ਨਾਲ ਸਬੰਧਿਤ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮਹੀਨਾਵਾਰ ਸਮੀਖਿਆ ਮੀਟਿੰਗ ਕੀਤੀ ਗਈ। ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਦਫ਼ਤਰਾਂ ਦੀ ਕਾਰਜਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਹੋਰ ਜਿਆਦਾ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਅਦਾਲਤਾਂ ਵਿੱਚ ਲੰਬਿਤ ਮਾਲ ਕੇਸਾਂ ਦਾ ਸਮੇਂ-ਸਿਰ ਨਿਪਟਾਰਾ ਯਕੀਨੀ ਬਣਾਇਆ ਜਾਵੇ ਅਤੇ ਰੋਜ਼ਾਨਾ ਰਿਪੋਰਟ ਉਨ੍ਹਾਂ ਦੇ ਦਫ਼ਤਰ ਨੂੰ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਸੇਵਾਵਾਂ ਦੇ ਨਿਪਟਾਰੇ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ ਦੌਰਾਨ ਉਨ੍ਹਾਂ ਈਜ਼ੀ ਰਜਿਸਟ੍ਰੇਸ਼ਨ, ਈਜ਼ੀ ਜਮ੍ਹਾਂਬੰਦੀ ਅਤੇ ਆਨਲਾਈਨ ਮਿਊਟੇਸ਼ਨ ਨਾਲ ਸਬੰਧਿਤ ਰਿਪੋਰਟਾਂ ਦੀ ਸਮੀਖਿਆ ਕੀਤੀ ਅਤੇ ਲੰਬਿਤ ਪਏ ਜ਼ਮੀਨੀ ਮਾਲੀਏ ਦੀ ਵਸੂਲੀ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਜਾਰੀ ਕੀਤੇ। ਡਿਪਟੀ ਕਮਿਸ਼ਨਰ ਨੇ ਭੂਮੀ ਅਧਿਗ੍ਰਹਿਣ ਨਾਲ ਸਬੰਧਿਤ ਚੱਲ ਰਹੇ ਮਾਮਲਿਆਂ, ਖਸਰਾ-ਵਾਈਜ਼ ਮੈਪਿੰਗ, ਪੈਂਡਿੰਗ ਇੰਤਕਾਲਾਂ, ਜਮ੍ਹਾਂਬੰਦੀਆਂ ਅਤੇ ਨਿਸ਼ਾਨਦੇਹੀ ਦੇ ਕੇਸਾਂ ਦੀ ਵੀ ਵਿਸਥਾਰ ਨਾਲ ਸਮੀਖਿਆ ਕੀਤੀ। ਉਨ੍ਹਾਂ ਸਿਵਲ ਕੰਮਾਂ ਨਾਲ ਸਬੰਧਿਤ ਯੂਟਿਲਿਟੀ ਸਰਟੀਫਿਕੇਟ (ਯੂ.ਸੀ) ਸਮੇਂ-ਸਿਰ ਜਮ੍ਹਾਂ ਕਰਵਾਉਣ ਦੀ ਹਦਾਇਤ ਕਰਦਿਆਂ ਅਧਿਕਾਰੀਆਂ ਨੂੰ ਕੰਮ ਵਿੱਚ ਹੋਰ ਤੇਜ਼ੀ ਅਤੇ ਪ੍ਰਭਾਵਸ਼ੀਲਤਾ ਲਿਆਉਣ ਲਈ ਕਿਹਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ, ਐਸ.ਡੀ.ਐਮ. ਮਾਲੇਰਕੋਟਲਾ ਕਨੂ ਗਰਗ, ਐਸ.ਡੀ.ਐਮ. ਅਹਿਮਦਗੜ੍ਹ/ਅਮਰਗੜ੍ਹ ਹਰਬੰਸ ਸਿੰਘ, ਤਹਿਸੀਲਦਾਰ ਰਿਤੂ ਗੁਪਤਾ, ਡੀ.ਡੀ.ਪੀ.ਓ ਰੂਪ ਸਿੰਘ, ਨਾਇਬ ਤਹਿਸੀਲਦਾਰ ਹਰੀਸ਼ ਕੁਮਾਰ, ਏ.ਐਸ.ਐਮ ਵਿਕਾਸ ਹੰਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਨਗਰ ਕੌਂਸਲ ਸਨੌਰ ਨੇੜੇ ਸੀਵਰੇਜ ਦੇ ਗੰਦੇ ਪਾਣੀ ਕਾਰਨ ਵਾਸੀ ਪ੍ਰੇਸ਼ਾਨ: ਗੌਰਵ ਸੰਧੂ

ਸਨੌਰ, 22 ਮਈ (ਪ੍ਰਥਮ ਕੁਮਾਰ) : ਨਗਰ ਕੌਂਸਲ ਸਨੌਰ ਦੀ ਕੁਝ ਦੂਰੀ ਤੇ ਸੀਵਰੇਜ ਦੇ ਗੰਦੇ ਪਾਣੀ ਕਾਰਨ ਸਨੌਰ ਨਿਵਾਸੀ ਪਰੇਸ਼ਾਨ ਸਨ ਅਤੇ ਬੀਤੇ ਕੁੱਝ ਦਿਨਾਂ ਤੋਂ ਸਨੌਰ ਦੀ ਫਿਰਨੀ ਉੱਤੇ ਚੱਲ ਰਹੇ ਸੀਵਰੇਜ਼ ਦੇ ਕੰਮ ਕਾਰਨ ਇਲਾਕੇ ਦੇ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੰਮ ਦੌਰਾਨ ਸੀਵਰੇਜ ਦਾ ਗੰਦਾ ਪਾਣੀ ਸੜਕਾਂ ਉੱਤੇ ਓਵਰਫਲੋਅ ਹੋ ਰਿਹਾ ਹੈ, ਜਿਸ ਨਾਲ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਅਤੇ ਇਲਾਕੇ ਵਿੱਚ ਗੰਦਗੀ ਫੈਲ ਰਹੀ ਹੈ। ਗੰਦੇ ਪਾਣੀ ਦੀ ਬਦਬੂ ਕਾਰਨ ਦੁਕਾਨਦਾਰਾਂ, ਰਾਹਗੀਰਾਂ ਅਤੇ ਨੇੜਲੇ ਵਸਨੀਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮਾਮਲੇ ਨੂੰ ਮੱਦੇਨਜ਼ਰ ਰੱਖਦੇ ਹੋਏ ਅੱਜ ਹਲਕਾ ਸਨੌਰ ਦੇ ਆਗੂ ਗੁਰਵਿੰਦਰ ਸਿੰਘ ਗੌਰਵ ਸੰਧੂ ਨੇ ਆਪਣੇ ਸਾਥੀਆਂ ਸਮੇਤ ਮੌਕੇ ਦਾ ਦੌਰਾ ਕੀਤਾ। ਦੌਰੇ ਦੌਰਾਨ ਉਨ੍ਹਾਂ ਨੇ ਇਲਾਕੇ ਦੇ ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੌਕੇ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਸੀਵਰੇਜ ਦਾ ਕੰਮ ਪਿਛਲੇ ਕਈ ਦਿਨਾਂ ਤੋਂ ਚੱਲ ਰਿਹਾ ਹੈ ਪਰ ਕੰਮ ਨੂੰ ਸਹੀ ਤਰੀਕੇ ਨਾਲ ਨਹੀਂ ਕੀਤਾ ਜਾ ਰਿਹਾ। ਗੰਦਾ ਪਾਣੀ ਸੜਕਾਂ 'ਤੇ ਖੜ੍ਹਾ ਹੋਣ ਕਾਰਨ ਲੋਕਾਂ ਨੂੰ ਆਉਣ-ਜਾਣ ਵਿੱਚ ਮੁਸ਼ਕਲ ਆ ਰਹੀ ਹੈ ਅਤੇ ਬਿਮਾਰੀਆਂ ਫੈਲਣ ਦਾ ਖਤਰਾ ਵੀ ਵੱਧ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਨਗਰ ਕੌਂਸਲ ਵੱਲੋਂ ਨਾ ਤਾਂ ਪਾਣੀ ਦੀ ਨਿਕਾਸੀ ਲਈ ਕੋਈ ਢੰਗ ਦੇ ਪ੍ਰਬੰਧ ਕੀਤੇ ਗਏ ਹਨ ਅਤੇ ਨਾ ਹੀ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਗੌਰਵ ਸੰਧੂ ਨੇ ਕਿਹਾ ਕਿ ਸਰਕਾਰ ਵੱਡੇ-ਵੱਡੇ ਵਿਕਾਸ ਦੇ ਦਾਅਵੇ ਕਰਦੀ ਹੈ ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸੀਵਰੇਜ ਦਾ ਕੰਮ ਕਰਨਾ ਸੀ ਤਾਂ ਪਹਿਲਾਂ ਪੂਰੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਸਨ ਤਾਂ ਜੋ ਲੋਕਾਂ ਨੂੰ ਦਿਕਤ ਨਾ ਆਵੇ। ਉਨ੍ਹਾਂ ਮੰਗ ਕੀਤੀ ਕਿ ਤੁਰੰਤ ਗੰਦੇ ਪਾਣੀ ਦੀ ਨਿਕਾਸੀ ਕਰਵਾਈ ਜਾਵੇ ਅਤੇ ਸੀਵਰੇਜ ਦੇ ਕੰਮ ਨੂੰ ਜਲਦ ਅਤੇ ਸੁਚੱਜੇ ਢੰਗ ਨਾਲ ਮੁਕੰਮਲ ਕੀਤਾ ਜਾਵੇ। ਇਸ ਮੌਕੇ ਇਲਾਕੇ ਦੇ ਕਈ ਲੋਕਾਂ ਨੇ ਵੀ ਆਪਣੀ ਨਾਰਾਜ਼ਗੀ ਜਤਾਉਂਦੇ ਹੋਏ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਉਹ ਗੰਦਗੀ ਅਤੇ ਬਦਬੂ ਕਾਰਨ ਪਰੇਸ਼ਾਨ ਹਨ। ਲੋਕਾਂ ਨੇ ਕਿਹਾ ਕਿ ਸੜਕਾਂ ਉੱਤੇ ਖੜ੍ਹੇ ਗੰਦੇ ਪਾਣੀ ਕਾਰਨ ਬੱਚਿਆਂ ਅਤੇ ਬਜ਼ੁਰਗਾਂ ਨੂੰ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ।

ਅੱਜ ਲੱਗਣ ਵਾਲੇ ਰੋਜ਼ਗਾਰ ਮੇਲੇ ਦੀਆਂ ਤਿਆਰੀਆਂ ਦਾ ਅਧਿਕਾਰੀਆਂ ਵੱਲੋਂ ਜਾਇਜ਼ਾ

ਪਟਿਆਲਾ, 22 ਮਈ (ਰੁਪਾਣਾ) : ਸ਼੍ਰੀ ਸੁਸ਼ੀਲ ਕੁਮਾਰ ਸ਼੍ਰੀਵਾਸਤਵ, ਪ੍ਰਧਾਨ ਮੁੱਖ ਪ੍ਰਸ਼ਾਸਨਿਕ ਅਧਿਕਾਰੀ (PCAO), ਪਟਿਆਲਾ ਲੋਕੋਮੋਟਿਵ ਵਰਕਸ (PLW) ਨੇ ਪੀਐਲਡਬਲਯੂ ਦੇ ਸੀਨੀਅਰ ਅਧਿਕਾਰੀਆਂ ਦੀ ਟੀਮ ਦੇ ਨਾਲ ਅੱਜ 23 ਮਈ 2026 ਨੂੰ ਆਯੋਜਿਤ ਹੋਣ ਵਾਲੇ ਰੋਜ਼ਗਾਰ ਮੇਲੇ ਦੇ ਸਥਾਨ ਦਾ ਦੌਰਾ ਕਰਕੇ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਦੌਰਾਨ ਅਧਿਕਾਰੀਆਂ ਨੇ ਮੰਚ ਪ੍ਰਬੰਧ, ਬੈਠਕ ਪ੍ਰਬੰਧ, ਸੁਰੱਖਿਆ, ਆਤਿਥੇਤਾ, ਮੀਡੀਆ ਸਮਨਵਯ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦੀ ਸਮੀਖਿਆ ਕੀਤੀ ਤਾਂ ਜੋ ਪ੍ਰੋਗਰਾਮ ਦਾ ਸੁਚਾਰੂ ਅਤੇ ਸਫਲ ਆਯੋਜਨ ਯਕੀਨੀ ਬਣਾਇਆ ਜਾ ਸਕੇ।ਇਹ ਰੋਜ਼ਗਾਰ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਉਹ ਦੇਸ਼ ਭਰ ਦੇ ਨੌਜਵਾਨਾਂ ਨੂੰ ਵਰਚੁਅਲ ਮਾਧਿਅਮ ਰਾਹੀਂ 51,000 ਤੋਂ ਵੱਧ ਨਿਯੁਕਤੀ ਪੱਤਰ ਵੰਡਣਗੇ।ਪਟਿਆਲਾ ਲੋਕੋਮੋਟਿਵ ਵਰਕਸ ਵਿੱਚ ਆਯੋਜਿਤ ਇਸ ਰੋਜ਼ਗਾਰ ਮੇਲੇ ਦੌਰਾਨ ਕੁੱਲ 188 ਨਵੇਂ ਚੁਣੇ ਗਏ ਉਮੀਦਵਾਰਾਂ ਨੂੰ 23 ਮਈ 2026 ਨੂੰ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਜਾਣਗੇ। ਪੀਐਲਡਬਲਯੂ ਵਿੱਚ ਆਯੋਜਿਤ ਇਸ ਸਮਾਰੋਹ ਦੇ ਮੁੱਖ ਅਤਿਥੀ ਮਾਣਯੋਗ ਰੇਲ ਰਾਜ ਮੰਤਰੀ ਅਤੇ ਖਾਦ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ ਰਵਨੀਤ ਸਿੰਘ ਹੋਣਗੇ। ਦੌਰੇ ਦੌਰਾਨ ਸ਼ੁਸ਼ੀਲ ਕੁਮਾਰ ਸ਼੍ਰੀਵਾਸਤਵ ਨੇ ਤਿਆਰੀਆਂ 'ਤੇ ਸੰਤੋਸ਼ ਪ੍ਰਗਟ ਕਰਦੇ ਹੋਏ ਸੰਬੰਧਿਤ ਅਧਿਕਾਰੀਆਂ ਨੂੰ ਪ੍ਰੋਗਰਾਮ ਦੇ ਸਫਲ ਆਯੋਜਨ ਲਈ ਸਾਰੀਆਂ ਵਿਵਸਥਾਵਾਂ ਨੂੰ ਬਿਨਾ ਕਿਸੇ ਕਮੀ ਦੇ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਏ.ਡੀ.ਸੀ. ਵੱਲੋਂ ਮਿਉਂਸੀਪਲ ਕੌਂਸਲ ਚੋਣਾਂ ਦੀ ਸ਼ਾਂਤੀਪੂਰਨ ਪ੍ਰੀਕ੍ਰਿਆ ਲਈ ਪਾਬੰਦੀ ਦੇ ਹੁਕਮ

ਪਟਿਆਲਾ, 22 ਮਈ (ਰੁਪਾਣਾ) : ਮਿਉਂਸੀਪਲ ਕੌਂਸਲ ਦੀਆਂ ਚੋਣਾਂ ਮਿਤੀ 26 ਮਈ ਨੂੰ ਹੋਣੀਆਂ ਨਿਸ਼ਚਿਤ ਹੋਈਆਂ ਹਨ ਜਿਸ ਦੇ ਮੱਦੇਨਜ਼ਰ ਵਧੀਕ ਜ਼ਿਲ੍ਹਾ ਮੈਜਿਸਟਰੇਟ-ਕਮ-ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਨੇ ਜਿਲ੍ਹੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਏ ਰੱਖਣ ਲਈ ਅਤੇ ਚੋਣਾਂ ਦੀ ਪ੍ਰਕਿਰਿਆ ਨੂੰ ਸਾਂਤਮਈ ਤਰੀਕੇ ਨਾਲ ਲੋਕਾਂ ਵਿੱਚ ਬਿਨ੍ਹਾਂ ਕਿਸੇ ਡਰ ਤੋਂ ਸਫ਼ਲਤਾਪੂਰਵਕ ਕਰਵਾਉਣ ਲਈ ਕੁੱਝ ਖਾਸ ਨਿਰਦੇਸ਼ ਜਾਰੀ ਕੀਤੇ ਹਨ । ਇਸ ਸਮੇਂ ਵੱਖ-ਵੱਖ ਸਿਆਸੀ ਪਾਰਟੀਆਂ ਲਈ / ਆਜ਼ਾਦ ਉਮੀਦਵਾਰਾਂ ਦੇ ਚੋਣ ਲਈ ਖੜ੍ਹੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਵੱਖ-ਵੱਖ ਜ਼ਿਲ੍ਹਿਆਂ/ ਰਾਜਾਂ ਤੋਂ ਪਟਿਆਲਾ ਜ਼ਿਲ੍ਹੇ ਵਿੱਚ ਆਏ ਵਿਅਕਤੀਆਂ ਨੂੰ ਚੋਣ ਪ੍ਰਚਾਰ ਮੁਹਿੰਮ ਖਤਮ ਹੋਣ ਦੇ ਤੁਰੰਤ ਬਾਅਦ ਚੋਣਾਂ ਨਾਲ ਸਬੰਧਤ ਪਿੰਡਾਂ ਦੀ ਹਦੂਦ ਤੋਂ ਬਾਹਰ ਜਾਣ ਦੇ ਆਦੇਸ਼ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਅਨੁਪ੍ਰਿਤਾ ਜੌਹਲ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ 2023 ਦੀ ਧਾਰਾ 163 ਤਹਿਤ

ਪਟਿਆਲਾ-ਆਸ/ਪਾਸ

ਪੀ.ਐੱਸ.ਪੀ.ਸੀ.ਐੱਲ. ਵੱਲੋਂ ਬਿਜਲੀ ਕੱਟਾਂ ਅਤੇ ਸ਼ਿਕਾਇਤਾਂ ਦੇ 'ਫਰਜ਼ੀ ਨਿਪਟਾਰੇ' ਵਿਰੁੱਧ ਜ਼ੀਰੋ-ਟੋਲਰੈਂਸ ਨੀਤੀ

➢ਸਖ਼ਤ ਅਨੁਸ਼ਾਸਨੀ ਕਾਰਵਾਈ ਦੇ ਆਦੇਸ਼

ਪਟਿਆਲਾ, 22 ਮਈ (ਰੁਪਾਣਾ) : ਖਪਤਕਾਰਾਂ ਦੇ ਅਧਿਕਾਰਾਂ ਦੀ ਰਾਖੀ ਅਤੇ ਪ੍ਰਬੰਧਕੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਇੱਕ ਅਹਿਮ ਕਦਮ ਚੁੱਕਦਿਆਂ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਨੇ ਪੰਜਾਬ ਸਰਕਾਰ ਦੇ ਸਪੱਸ਼ਟ ਨਿਰਦੇਸ਼ਾਂ ਹੇਠ ਬਿਜਲੀ ਦੇ ਕੱਟਾਂ ਅਤੇ ਸ਼ਿਕਾਇਤਾਂ ਨੂੰ ਸਮੇਂ ਤੋਂ ਪਹਿਲਾਂ ਜਾਂ 'ਫਰਜ਼ੀ ਤੌਰ 'ਤੇ ਬੰਦ' (ਫੇਕ ਕਲੋਜ਼ਰ) ਕਰਨ ਦੀ ਪ੍ਰਥਾ ਵਿਰੁੱਧ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ। ਡਾਇਰੈਕਟਰ ਡਿਸਟ੍ਰੀਬਿਊਸ਼ਨ ਵੱਲੋਂ ਸਮੂਹ ਮੁੱਖ ਇੰਜੀਨੀਅਰਾਂ ਨੂੰ ਜਾਰੀ ਕੀਤੇ ਗਏ ਉੱਚ-ਪੱਧਰੀ ਮੈਮੋਰੰਡਮ ਤੋਂ ਬਾਅਦ, ਕਾਰਪੋਰੇਸ਼ਨ ਨੇ ਦੁਹਰਾਇਆ ਹੈ ਕਿ ਪੀ.ਐੱਸ.ਪੀ.ਸੀ.ਐੱਲ. ਅਤੇ ਪੰਜਾਬ ਸਰਕਾਰ ਸੇਵਾ ਦੇ ਅੰਕੜਿਆਂ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਵਿਰੁੱਧ ਜ਼ੀਰੋ-ਟੋਲਰੈਂਸ ਨੀਤੀ ਅਪਣਾਏਗੀ। ਪ੍ਰਬੰਧਕਾਂ ਨੇ ਦੇਖਿਆ ਹੈ ਕਿ ਸ਼ਿਕਾਇਤਾਂ ਦੇ ਸਮੇਂ ਤੋਂ ਪਹਿਲਾਂ ਨਿਪਟਾਰੇ ਨਾਲ ਜਨਤਾ ਦੀ ਬੇਲੋੜੀ ਪ੍ਰੇਸ਼ਾਨੀ ਹੁੰਦੀ ਹੈ ਅਤੇ ਕਾਰਪੋਰੇਸ਼ਨ ਦੇ ਅਕਸ ਨੂੰ ਵੀ ਠੇਸ ਪਹੁੰਚਦੀ ਹੈ, ਜਿਸ ਨੂੰ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਵੀਆਂ ਹਦਾਇਤਾਂ ਅਨੁਸਾਰ, ਨੋਡਲ ਸ਼ਿਕਾਇਤ ਕੇਂਦਰਾਂ (ਐਨ.ਸੀ.ਸੀ.) ਦੇ ਇੰਚਾਰਜ ਸੀਨੀਅਰ ਐਕਸੀਅਨ ਅਤੇ ਏ.ਐੱਸ.ਈ. ਨੂੰ ਨਿੱਜੀ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਬਣਾਇਆ ਗਿਆ ਹੈ ਕਿ ਕਿਸੇ ਵੀ ਸ਼ਿਕਾਇਤ ਨੂੰ ਸਿਸਟਮ ਵਿੱਚ ਸਿਰਫ ਤਾਂ ਹੀ ਬੰਦ ਕੀਤਾ ਜਾਵੇ ਜਦੋਂ ਖਰਾਬੀ ਨੂੰ ਅਸਲ ਵਿੱਚ ਠੀਕ ਕਰ ਦਿੱਤਾ ਗਿਆ ਹੋਵੇ। ਹਦਾਇਤਾਂ ਵਿੱਚ ਸਖ਼ਤੀ ਨਾਲ ਮਨਾਹੀ ਕੀਤੀ ਗਈ ਹੈ ਕਿ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਅੰਕੜਿਆਂ ਨੂੰ ਬਿਹਤਰ ਦਿਖਾਉਣ ਲਈ ਸ਼ਿਕਾਇਤਾਂ ਨੂੰ ਸਮੇਂ ਤੋਂ ਪਹਿਲਾਂ ਜਾਂ ਗਲਤ ਤਰੀਕੇ ਨਾਲ ਬੰਦ ਕਰਨ ਲਈ ਐਨ.ਸੀ.ਸੀ. ਸਟਾਫ਼ 'ਤੇ ਦਬਾਅ ਨਹੀਂ ਪਾਵੇਗਾ।

ਪੀ.ਐੱਸ.ਪੀ.ਸੀ.ਐੱਲ. ਨੇ ਸਪੱਸ਼ਟ ਕੀਤਾ ਹੈ ਕਿ ਸ਼ਿਕਾਇਤ ਨਿਵਾਰਨ ਪ੍ਰਣਾਲੀ ਦੀ ਇਮਾਨਦਾਰੀ ਸਭ ਤੋਂ ਉੱਪਰ ਹੈ ਅਤੇ ਇਸ ਨੂੰ ਹਰ ਪੱਧਰ 'ਤੇ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ। ਕਾਰਪੋਰੇਸ਼ਨ ਨੇ ਅੱਗੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਵੀ ਅਧਿਕਾਰੀ ਫਰਜ਼ੀ ਨਿਪਟਾਰਾ ਕਰਨ, ਕਰਵਾਉਣ ਜਾਂ ਦੂਜਿਆਂ 'ਤੇ ਦਬਾਅ ਪਾਉਣ ਦਾ ਦੋਸ਼ੀ ਪਾਇਆ ਗਿਆ, ਤਾਂ ਉਸ ਵਿਰੁੱਧ ਬੇਹੱਦ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਜਿਹੇ ਮਾਮਲਿਆਂ ਵਿੱਚ ਪੀ.ਐੱਸ.ਪੀ.ਸੀ.ਐੱਲ. ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂ ਤਹਿਤ ਤੁਰੰਤ ਅਨੁਸ਼ਾਸਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਮੈਨੇਜਮੈਂਟ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਇਨ੍ਹਾਂ ਕਾਰਵਾਈਆਂ ਵਿੱਚ ਦੋਸ਼ੀ ਪਾਏ ਜਾਣ ਵਾਲੇ ਕਰਮਚਾਰੀਆਂ ਦੀ ਤੁਰੰਤ ਮੁਅੱਤਲੀ (ਸਸਪੈਂਸ਼ਨ) ਤੋਂ ਲੈ ਕੇ ਨੌਕਰੀ ਤੋਂ ਬਰਖਾਸਤਗੀ (ਟਰਮੀਨੇਸ਼ਨ) ਤੱਕ ਦੀਆਂ ਗੰਭੀਰ ਸਜ਼ਾਵਾਂ ਸ਼ਾਮਲ ਹੋ ਸਕਦੀਆਂ ਹਨ। ਸਮੂਹ ਮੁੱਖ ਇੰਜੀਨੀਅਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਨ੍ਹਾਂ ਹਦਾਇਤਾਂ ਨੂੰ ਐੱਸ.ਈ., ਐਕਸੀਅਨ ਅਤੇ ਐੱਸ.ਡੀ.ਓ. ਪੱਧਰ ਤੱਕ ਪਹੁੰਚਾਉਣ ਤਾਂ ਜੋ ਪੂਰੇ ਰਾਜ ਵਿੱਚ ਇਸ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾ ਸਕੇ। ਪੀ.ਐੱਸ.ਪੀ.ਸੀ.ਐੱਲ. ਨੇ ਖਪਤਕਾਰਾਂ ਨੂੰ ਵੀ ਸੁਚੇਤ ਰਹਿਣ ਅਤੇ ਅਜਿਹੇ ਮਾਮਲਿਆਂ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ ਹੈ ਜਿੱਥੇ ਬਿਜਲੀ ਬਹਾਲ ਹੋਏ ਬਿਨਾਂ ਹੀ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਬੰਦ ਕਰ ਦਿੱਤਾ ਗਿਆ ਹੋਵੇ। ਕਾਰਪੋਰੇਸ਼ਨ ਹਰੇਕ ਨਾਗਰਿਕ ਨੂੰ ਭਰੋਸੇਯੋਗ, ਪਾਰਦਰਸ਼ੀ ਅਤੇ ਜਵਾਬਦੇਹ ਬਿਜਲੀ ਸੇਵਾਵਾਂ ਪ੍ਰਦਾਨ ਕਰਨ ਦੇ ਪੰਜਾਬ ਸਰਕਾਰ ਦੇ ਸੰਕਲਪ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

ਸ਼ਾਰਟ ਸਰਕਟ ਕਾਰਨ ਲੱਗੀ ਅੱਗ, ਲੱਖਾਂ ਦਾ ਘਰੇਲੂ ਸਮਾਨ ਸੜ੍ਹ ਕੇ ਸੁਆਹ

➢ਪਿੰਡ ਵਾਸੀਆਂ ਨੇ ਘਰ ਦੀ ਛੱਤ ਪਾੜ ਕੇ ਪਰਿਵਾਰਕ ਮੈਂਬਰਾਂ ਨੂੰ ਬਚਾਇਆ

ਘਨੌਰ, 22 ਮਈ (ਰਾਜਿੰਦਰ ਸਿੰਘ ਕੰਬੋਜ) : ਹਲਕਾ ਘਨੌਰ ਦੇ ਪਿੰਡ ਤੇਪਲਾ ਵਿਚ ਅੱਜ ਸਵੇਰੇ ਬਿਜਲੀ ਦੇ ਸ਼ਾਰਟ ਸਰਕਟ ਹੋਣ ਕਾਰਨ ਗਰੀਬ ਪਰਿਵਾਰ ਦੇ ਘਰ ਵਿੱਚ ਅੱਗ ਲੱਗ ਜਾਣ 'ਤੇ ਇਸ ਅੱਗ ਲੱਗਣ ਕਾਰਨ ਘਰ ਵਿੱਚ ਪਿਆ ਲੱਖਾਂ ਰੁਪਏ ਦਾ ਘਰੇਲੂ ਸਮਾਨ ਸੜ ਕੇ ਸਵਾਹ ਹੋ ਜਾਣ ਦਾ ਸਮਾਚਾਰ ਹੈ। ਇਸ ਅੱਗ ਲੱਗਣ ਦੀ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਪੀੜਿਤ ਅਜੈਬ ਸਿੰਘ ਅਤੇ ਅਮਿਤ ਕੁਮਾਰ ਨੇ ਦੱਸਿਆ ਕਿ ਉਹ ਦੋਵੇਂ ਭਰਾ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲਦੇ ਹਨ ਅਤੇ ਉਹਨਾਂ ਕੋਲ ਤਿੰਨ ਬਾਲਿਆਂ ਵਾਲੇ ਕਮਰੇ ਅਤੇ ਰਸੋਈ ਹੈ। ਉਹ ਦੋਵੇਂ ਭਰਾ ਆਪਣੇ ਬੱਚਿਆਂ ਨਾਲ ਇਕੱਠੇ ਹੀ ਰਹਿੰਦੇ ਹਨ ਤੇ ਅੱਜ ਸਵੇਰੇ 5 ਵਜੇ ਦੇ ਕਰੀਬ ਅਚਾਨਕ ਉਹਨਾਂ ਦੇ ਸਟੋਰ, ਜਿਸ ਵਿੱਚ ਇਨਵਰਟਰ, ਬੈਟਰਾ ,ਕਣਕ ਦੀਆਂ ਟੈਂਕੀਆਂ,ਪੇਟੀਆਂ ਅਤੇ ਹੋਰ ਘਰੇਲੂ ਸਮਾਨ ਰੱਖਿਆ ਹੋਇਆ ਸੀ ਅਚਾਨਕ ਬਿਜਲੀ ਦੇ ਸ਼ਾਰਟ ਸਰਕਟ ਹੋਣ ਕਾਰਨ ਅੱਗ ਲੱਗ ਗਈ। ਇਸ ਅੱਗ ਲੱਗਣ ਕਾਰਨ ਅਚਾਨਕ ਸਾਰੇ ਕਮਰਿਆਂ ਵਿੱਚ ਧੂੰਆਂ ਹੀ ਧੂੰਆਂ ਹੋ ਗਿਆ। ਇਸ ਅੱਗ ਲੱਗਣ ਦੀ ਘਟਨਾ ਬਾਰੇ ਜਦੋਂ ਨੇੜਦੇ ਗੁਆਂਢੀਆਂ ਨੂੰ ਪਤਾ ਲੱਗਿਆ ਤਾਂ ਉਹਨਾਂ ਰੋਲਾ ਪਾਇਆ ਤੇ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਇਸ ਅੱਗ ਦੇ ਕਾਬੂ ਪਾਉਣ ਦੇ ਨਾਲ ਨਾਲ ਕਮਰਿਆਂ ਵਿੱਚ ਸੁੱਤੇ ਪਏ ਪਰਿਵਾਰਕ ਮੈਂਬਰਾਂ ਨੂੰ ਕਮਰਿਆਂ ਦੀ ਛੱਤ ਪਾੜ ਕੇ ਬਚਾਇਆ ਕਿਉਂਕਿ ਇਸ ਅੱਗ ਲੱਗਣ ਕਾਰਨ ਕਮਰਿਆਂ ਵਿੱਚ ਬਹੁਤ ਜ਼ਿਆਦਾ ਧੂੰਆਂ ਹੋ ਗਿਆ ਸੀ, ਜਿਸ ਵਿੱਚ ਉਹਨਾਂ ਦੋਵੇਂ ਭਰਾਵਾਂ ਦੀਆਂ ਪਤਨੀਆਂ ਅਤੇ ਬੱਚੇ ਸੁੱਤੇ ਪਏ ਸਨ। ਪੀੜਤ ਪਰਿਵਾਰ ਨੇ ਦੱਸਿਆ ਕਿ ਅੱਗ ਦੇ ਧੂੰਏਂ ਕਾਰਨ ਸੁੱਤੇ ਪਏ ਪਰਿਵਾਰਕ ਮੈਂਬਰਾਂ ਨਾਲ ਕੋਈ ਵੀ ਅਣ ਸੁਖਾਵੀ ਘਟਨਾ ਵਾਪਰ ਸਕਦੀ ਸੀ, ਜਦੋਂ ਤੱਕ ਪਿੰਡ ਵਾਸੀਆਂ ਨੇ ਇਸ ਅੱਗ 'ਤੇ ਕਾਬੂ ਪਾਇਆ ਉਦੋਂ ਤੱਕ ਸਟੋਰ ਵਿੱਚ ਪਿਆ ਸਾਰਾ ਸਮਾਨ ਇਸਦੀ ਕੀਮਤ ਤਕਰੀਬਨ 3 ਲੱਖ ਰੁਪਏ ਦੇ ਕਰੀਬ ਸੀ ਸੜ ਕੇ ਸਵਾਹ ਹੋ ਗਿਆ ਇਸਦੇ ਨਾਲ ਹੀ ਉਹਨਾਂ ਦੇ ਸਾਰੇ ਮਕਾਨ ਦੀ ਸ਼ਾਰਟ ਸਰਕਟ ਕਾਰਨ ਫੀਟਿੰਗ ਵੀ ਸੜ ਗਈ ਹੈ। ਚੌਕੀ ਤੇਪਲਾ ਦੇ ਇੰਚਾਰਜ ਜਸਵਿੰਦਰ ਪਾਲ ਸ਼ਰਮਾ ਪੁਲਿਸ ਪਾਰਟੀ ਸਮੇਤ ਪਿੰਡ ਤੇਪਲਾ ਵਿਚ ਪਹੁੰਚ ਕੇ ਮੌਕੇ ਦਾ ਜਾਇਜਾ ਲਿਆ। ਪੀੜਤ ਪਰਿਵਾਰ ਨੇ ਪ੍ਰਸ਼ਾਸਨ ਤੋਂ ਯੋਗ ਮੁਆਵਜੇ ਦੀ ਮੰਗ ਕੀਤੀ ਹੈ, ਤਾਂ ਜੋ ਉਹ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਸਕਣ।

ਵਾਰਡ ਨੰਬਰ 6 ਦੀ ਮੀਟਿੰਗ ਬਣੀ ਵਿਸ਼ਾਲ ਜਨਸਭਾ, ਕਪੂਰ ਚੰਦ ਬਾਂਸਲ ਦੇ ਸਮਰਥਨ 'ਚ ਉਮੜਿਆ ਜਨ ਸੈਲਾਬ

ਸਮਾਣਾ, 22 ਮਈ (ਵਿਜੇ ਕੁਮਾਰ) : ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਵਾਰਡ ਨੰਬਰ 6 ਵਿੱਚ ਰੱਖੀ ਗਈ ਮੀਟਿੰਗ ਉਸ ਸਮੇਂ ਇੱਕ ਵਿਸ਼ਾਲ ਰੈਲੀ ਵਿੱਚ ਬਦਲ ਗਈ, ਜਦੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਪੂਰ ਚੰਦ ਬਾਂਸਲ ਦੇ ਸਮਰਥਨ ਵਿੱਚ ਪਹੁੰਚ ਕੇ ਆਪਣਾ ਭਰੋਸਾ ਪ੍ਰਗਟਾਇਆ। ਮੀਟਿੰਗ ਵਿੱਚ ਔਰਤਾਂ ਦੀ ਭਾਰੀ ਸ਼ਮੂਲੀਅਤ ਨੇ ਮਾਹੌਲ ਨੂੰ ਹੋਰ ਵੀ ਉਤਸ਼ਾਹਜਨਕ ਬਣਾ ਦਿੱਤਾ। ਇਸ ਮੌਕੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਲੋਕਾਂ ਨੂੰ ਕਪੂਰ ਚੰਦ ਬਾਂਸਲ ਦੇ ਪੱਖ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਪੂਰ ਚੰਦ ਬਾਂਸਲ ਲੰਮੇ ਸਮੇਂ ਤੋਂ ਜਨਤਾ ਦੀ ਸੇਵਾ ਕਰਦੇ ਆ ਰਹੇ ਹਨ ਅਤੇ ਵਾਰਡ ਦੇ ਵਿਕਾਸ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਪੂਰ ਚੰਦ ਬਾਂਸਲ ਨੇ ਕਿਹਾ ਕਿ ਉਹ ਕਰੀਬ 13 ਸਾਲਾਂ ਬਾਅਦ ਚੋਣ ਮੈਦਾਨ ਵਿੱਚ ਉਤਰੇ ਹਨ ਅਤੇ ਜਨਤਾ ਦੇ ਪਿਆਰ ਤੇ ਸਮਰਥਨ ਨੇ ਉਨ੍ਹਾਂ ਨੂੰ ਨਵੀਂ ਊਰਜਾ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਜਨਤਾ ਉਨ੍ਹਾਂ ਨੂੰ ਜਿੱਤ ਦਾ ਆਸ਼ੀਰਵਾਦ ਦਿੰਦੀ ਹੈ, ਤਾਂ ਵਾਰਡ ਨੰਬਰ 6 ਹੀ ਨਹੀਂ, ਸਗੋਂ ਪੂਰੇ ਸਮਾਣਾ ਵਿੱਚ ਵਿਕਾਸ ਦੀ ਗੰਗਾ ਵਹਾ ਦਿੱਤੀ ਜਾਵੇਗੀ। ਕਪੂਰ ਚੰਦ ਬਾਂਸਲ ਨੇ ਦਾਅਵਾ ਕੀਤਾ ਕਿ ਜਿੱਤ ਦੇ ਇੱਕ ਸਾਲ ਦੇ ਅੰਦਰ-ਅੰਦਰ ਵਾਰਡ ਦੀਆਂ ਟੁੱਟੀਆਂ ਸੜਕਾਂ, ਸੀਵਰੇਜ, ਪੀਣ ਵਾਲੇ ਪਾਣੀ ਅਤੇ ਸਟ੍ਰੀਟ ਲਾਈਟਾਂ ਵਰਗੀਆਂ ਬੁਨਿਆਦੀ ਸਮੱਸਿਆਵਾਂ ਦਾ ਪੱਕਾ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਲਈ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਸੁਰਜੀਤ ਸਿੰਘ ਰੱਖੜਾ ਦੀ ਸਰਪ੍ਰਸਤੀ ਅਤੇ ਅਗਵਾਈ ਹੇਠ ਸਮਾਣਾ ਨੂੰ ਨਵੀਂ ਦਿਸ਼ਾ ਅਤੇ ਤਰੱਕੀ ਮਿਲੇਗੀ। ਸਭਾ ਵਿੱਚ ਮੌਜੂਦ ਲੋਕਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਕਪੂਰ ਚੰਦ ਬਾਂਸਲ ਨੂੰ ਭਾਰੀ ਬਹੁਮਤ ਨਾਲ ਜੇਤੂ ਬਣਾਉਣ ਦਾ ਭਰੋਸਾ ਦਿੱਤਾ। ਜ਼ਿਕਰਯੋਗ ਹੈ ਕਿ ਕਪੂਰ ਚੰਦ ਬਾਂਸਲ ਦੋ ਵਾਰ ਨਗਰ ਕੌਂਸਲ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਸ਼ਹਿਰ ਦੀ ਰਾਜਨੀਤੀ ਵਿੱਚ ਉਨ੍ਹਾਂ ਦੀ ਮਜ਼ਬੂਤ ਪਕੜ ਮੰਨੀ ਜਾਂਦੀ ਹੈ। ਸਭਾ ਦੌਰਾਨ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਨੌਜਵਾਨਾਂ ਦੀ ਮੌਜੂਦਗੀ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਵਾਰਡ ਨੰਬਰ 6 ਵਿੱਚ ਚੋਣ ਮੁਕਾਬਲਾ ਇੱਕਤਰਫ਼ਾ ਅਤੇ ਫੈਸਲਾਕੁੰਨ ਹੋਣ ਜਾ ਰਿਹਾ ਹੈ। ਇਸ ਦੌਰਾਨ ਅਸ਼ੋਕ ਮੰਦਗਿਲ ਵੀ ਹਾਜ਼ਰ ਸਨ।

ਮੁੱਖ ਮੰਤਰੀ ਤੀਰਥ ਯਾਤਰਾ ਸ਼ਰਧਾਲੂਆਂ ਲਈ ਵਰਦਾਨ : ਅਜੀਤਪਾਲ ਸਿੰਘ ਕੋਹਲੀ

ਪਟਿਆਲਾ, 22 ਮਈ (ਰੁਪਾਣਾ) : ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਪਟਿਆਲਾ ਦੇ ਵਾਰਡ ਨੰਬਰ 39 ਤੋਂ ਸ਼ੀਸ਼ ਮਹਿਲ ਕਲੋਨੀ ਦੇ ਸ਼ਰਧਾਲੂਆਂ ਨੂੰ ਪਵਿੱਤਰ ਧਰਤੀ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਲਈ ਬੱਸ ਰਵਾਨਾ ਕੀਤੀ ਗਈ। ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਇਸ ਮੌਕੇ ਸੰਗਤ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਸੁਖਮਈ ਅਤੇ ਸੁਰੱਖਿਅਤ ਯਾਤਰਾ ਲਈ ਅਰਦਾਸ ਕੀਤੀ।ਉਹਨਾਂ ਦੱਸਿਆ ਕਿ ਇਹ ਯਾਤਰੀ ਅੰਮ੍ਰਿਤਸਰ ਵਿਖੇ ਸਥਿਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਦੁਰਗਿਆਣਾ ਮੰਦਿਰ ਵਿਖੇ ਮੱਥਾ ਟੇਕਣਗੇ। ਵਿਧਾਇਕ ਕੋਹਲੀ ਨੇ ਕਿਹਾ ਕਿ ਇਹ ਯਾਤਰਾ ਸਿਰਫ ਧਾਰਮਿਕ ਹੀ ਨਹੀਂ, ਸਗੋਂ ਸਮਾਜਿਕ ਏਕਤਾ ਅਤੇ ਸਾਂਝੇਪਣ ਦੀ ਮਜ਼ਬੂਤੀ ਦਾ ਪ੍ਰਤੀਕ ਵੀ ਹੈ। ਇਸ ਮੌਕੇ ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਵਿਧਾਇਕ ਕੋਹਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਯੋਜਨਾ ਨਾਲ ਇਲਾਕੇ ਦੇ ਲੋਕਾਂ ਵਿੱਚ ਕਾਫੀ ਖੁਸ਼ੀ ਹੈ ਅਤੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਘਰ-ਘਰ ਤੱਕ ਪਹੁੰਚਾਇਆ ਜਾ ਰਿਹਾ ਹੈ। ਇਸ ਮੌਕੇ ਵਾਰਡ ਨੂੰ 39 ਤੋਂ ਇੰਚਾਰਜ ਜਯੋਤੀ , ਹਰਵਿੰਦਰਪਾਲ ਸਿੰਘ ਵਿੰਟੀ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

ਜਨਗਣਨਾ ਡਿਊਟੀ ਕਰਦੇ ਅਧਿਆਪਕਾਂ ਨੂੰ ਸਕੂਲੀ ਡਿਊਟੀ ਤੋਂ ਮਿਲੀ ਰਾਹਤ

ਮੁਲਾਜ਼ਮ ਜਥੇਬੰਦੀਆਂ ਦੀ ਮੰਗ ਅਤੇ ਮੀਡੀਆ 'ਚ ਚੱਲੀਆਂ ਖਬਰਾਂ ਤੋਂ ਬਾਅਦ ਡੀ.ਸੀ. ਵੱਲੋਂ ਆਦੇਸ਼ ਜਾਰੀ

ਸ਼ੇਰਪੁਰ, 22 ਮਈ (ਬਲਜੀਤ ਸਿੰਘ ਟਿੱਬਾ) : ਜਨਗਣਨਾ 2027 ਦੀ ਡਿਊਟੀ ਨਿਭਾ ਰਹੇ ਅਧਿਆਪਕਾਂ ਲਈ ਇੱਕ ਵੱਡੀ ਰਾਹਤ ਭਰੀ ਖਬਰ ਸਾਹਮਣੇ ਆਈ ਹੈ। ਡਿਪਟੀ ਕਮਿਸ਼ਨਰ ਸੰਗਰੂਰ ਵੱਲੋਂ ਹੋਰ ਜ਼ਿਲ੍ਹਿਆਂ ਦੀ ਤਰਜ਼ 'ਤੇ ਫੈਸਲਾ ਲੈਂਦੇ ਹੋਏ ਜਨਗਣਨਾ ਡਿਊਟੀ ਕਰ ਰਹੇ ਅਧਿਆਪਕਾਂ ਨੂੰ ਸਕੂਲੀ ਡਿਊਟੀ ਤੋਂ ਫਾਰਗ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਇਸ ਫੈਸਲੇ ਤੋਂ ਬਾਅਦ ਅਧਿਆਪਕ ਵਰਗ ਅਤੇ ਮੁਲਾਜ਼ਮ ਜਥੇਬੰਦੀਆਂ ਵਿੱਚ ਸੰਤੁਸ਼ਟੀ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ 13 ਮਈ ਤੋਂ ਸ਼ੁਰੂ ਹੋਈ ਜਨਗਣਨਾ ਡਿਊਟੀ ਦੌਰਾਨ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀ ਡਿਊਟੀ ਲਗਾਈ ਗਈ ਸੀ। ਅਧਿਆਪਕਾਂ ਨੂੰ ਸਕੂਲ ਸਮੇਂ ਤੋਂ ਬਾਅਦ ਵੀ ਘਰ-ਘਰ ਜਾ ਕੇ ਸਰਵੇ ਅਤੇ ਡਾਟਾ ਇਕੱਠਾ ਕਰਨ ਦਾ ਕੰਮ ਕਰਨਾ ਪੈ ਰਿਹਾ ਸੀ। ਇਸ ਕਾਰਨ ਉਹਨਾਂ 'ਤੇ ਦੋਹਰਾ ਬੋਝ ਪੈ ਰਿਹਾ ਸੀ ਅਤੇ ਅਧਿਆਪਕ ਵਰਗ ਵੱਲੋਂ ਇਸ ਨੂੰ ਲੈ ਕੇ ਨਾਰਾਜ਼ਗੀ ਜ਼ਾਹਿਰ ਕੀਤੀ ਜਾ ਰਹੀ ਸੀ। ਇਸ ਮਾਮਲੇ ਨੂੰ ਲੈ ਕੇ ਵੱਖ-ਵੱਖ ਮੁਲਾਜ਼ਮ ਅਤੇ ਅਧਿਆਪਕ ਜਥੇਬੰਦੀਆਂ ਵੱਲੋਂ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਜਨਗਣਨਾ ਵਰਗੇ ਵੱਡੇ ਕੰਮ ਲਈ ਲਗਾਏ ਗਏ ਅਧਿਆਪਕਾਂ ਨੂੰ ਸਕੂਲ ਡਿਊਟੀ